सत्यमेव जयते

# ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ

## ਅਪ੍ਰੈਲ 2016 ਤੋਂ ਮਾਰਚ 2019 ਦੇ ਸਮੇਂ ਲਈ

## ਪੰਜਾਬ ਸਰਕਾਰ

लोकहितार्थ सत्यनिष्ठा
Dedicated to Truth in Public Interest

ਦਫਤਰ ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ, ਚੰਡੀਗੜ੍ਹ

# ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ

# ਉੱਤੇ

# ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ

## ਅਪ੍ਰੈਲ 2016 ਤੋਂ ਮਾਰਚ 2019 ਦੇ ਸਮੇਂ ਲਈ

## ਪੰਜਾਬ ਸਰਕਾਰ

**ਦਫਤਰ ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ, ਚੰਡੀਗੜ੍ਹ**

## ਵਿਸ਼ਾ ਸਾਰਣੀ


| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | | vii |
| ਕਾਰਜਕਾਰੀ ਸਾਰ | | ix-xiv |
| **ਭਾਗ-ੳ: ਪੰਚਾਇਤੀ ਰਾਜ ਸੰਸਥਾਵਾਂ** | | |
| **ਅਧਿਆਇ-I: ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ** | | |
| ਪੰਚਾਇਤੀ ਰਾਜ ਸੰਸਥਾਵਾਂ ਦਾ ਪਿਛੋਕੜ | 1.1 | 1-3 |
| ਪੰਚਾਇਤੀ ਰਾਜ ਸੰਸਥਾਵਾਂ ਦੀ ਸੰਗਠਨਾਤਮਕ ਬਣਤਰ | 1.2 | 3-7 |
| ਵਿੱਤੀ ਪ੍ਰਬੰਧਨ | 1.3 | 7-14 |
| ਰਿਕਾਰਡ ਨਾ ਰੱਖਣਾ | 1.4 | 14 |
| ਬੈਂਕਾਂ ਤੋਂ/ਵਿੱਚ ਧਨ ਨਿਕਾਸੀ ਅਤੇ ਜਮ੍ਹਾਂ ਰਾਸ਼ੀਆਂ ਦਾ ਮਿਲਾਨ ਨਾ ਕਰਨਾ | 1.5 | 14-15 |
| ਇੱਕ ਤੋਂ ਵੱਧ ਬੈਂਕ ਖਾਤਿਆਂ ਦਾ ਸੰਚਾਲਨ | 1.6 | 15 |
| ਪੰਚਾਇਤੀ ਰਾਜ ਸੰਸਥਾਵਾਂ ਦਾ ਜਵਾਬਦੇਹੀ ਢਾਂਚਾ (ਅੰਦਰੂਨੀ ਕੰਟਰੋਲ ਪ੍ਰਣਾਲੀ) | 1.7 | 16-19 |
| **ਅਧਿਆਇ-II: ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ** | | |
| ਪੰਚਾਇਤੀ ਰਾਜ ਸੰਸਥਾਵਾਂ ਵਿੱਚ *ਸ਼ਾਮਲਾਟ* ਜ਼ਮੀਨ ਦਾ ਪ੍ਰਬੰਧਨ | 2.1 | 21-28 |
| ਸਾਬਕਾ ਸਰਪੰਚਾਂ ਵੱਲੋਂ ਨਕਦੀ/ਬਕਾਏ ਹਵਾਲੇ ਨਾ ਕਰਨਾ | 2.2 | 28-29 |
| ਬੈਂਕ ਤੋਂ ਅਨਿਯਮਿਤ ਕੈਸ਼ ਕਢਵਾਉਣਾ | 2.3 | 29-30 |
| ਪੰਚਾਇਤ ਸੱਕਤਰ ਦੀਆਂ ਉਜਰਤਾਂ ਘੱਟ ਜਮ੍ਹਾਂ ਕਰਾਉਣਾ | 2.4 | 30 |
| ਮਨਜ਼ੂਰਸ਼ੁਦਾ ਅਨੁਮਾਨਾਂ ਤੋਂ ਬਿਨਾਂ ਕੰਮਾਂ ਨੂੰ ਕਰਨਾ | 2.5 | 31 |
| ਕਿਰਾਏ/ਪੱਟੇ ਦੀ ਵਸੂਲੀ ਨਾ ਕਰਨਾ | 2.6 | 31-32 |
| ਸਮਾਨ ਦੀ ਅਨਿਯਮਿਤ ਖਰੀਦ | 2.7 | 33 |
| ਸਾਲਾਨਾ ਲੇਖੇ ਤਿਆਰ ਨਾ ਕਰਨਾ | 2.8 | 33-34 |
| ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ | 2.9 | 34 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਲਈ ਯੋਗਦਾਨ ਜਮ੍ਹਾ ਨਾ ਕਰਾਉਣਾ | 2.10 | 35 |
| ਅਨਿਯਮਿਤ ਖਰਚਾ | 2.11 | 35-36 |
| ਬਕਾਇਆ ਵਰਤੋਂ ਸਰਟੀਫੀਕੇਟ | 2.12 | 36 |
| ਫੰਡ ਟਰਾਂਸਫਰ ਨਾ ਕਰਨਾ | 2.13 | 37 |
| **ਭਾਗ-ਅ: ਸ਼ਹਿਰੀ ਸਥਾਨਕ ਸੰਸਥਾਵਾਂ** | | |
| **ਅਧਿਆਇ-III: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ** | | |
| ਸ਼ਹਿਰੀ ਸਥਾਨਕ ਸੰਸਥਾਵਾਂ ਦਾ ਪਿਛੋਕੜ | 3.1 | 39-40 |
| ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੰਗਠਨਾਤਮਕ ਬਣਤਰ | 3.2 | 40-43 |
| ਵਿੱਤੀ ਪ੍ਰਬੰਧਨ | 3.3 | 43-50 |
| ਸ਼ਹਿਰੀ ਸਥਾਨਕ ਸੰਸਥਾਵਾਂ ਦਾ ਜਵਾਬਦੇਹੀ ਢਾਂਚਾ (ਅੰਦਰੂਨੀ ਕੰਟਰੋਲ ਪ੍ਰਣਾਲੀ) | 3.4 | 50-53 |
| **ਅਧਿਆਇ-IV: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ** | | |
| ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਅੰਦਰੂਨੀ ਸੜ੍ਹਕਾਂ ਦੀ ਉਸਾਰੀ ਅਤੇ ਸਾਂਭ-ਸੰਭਾਲ | 4.1 | 55-68 |
| ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ | 4.2 | 69-85 |
| ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵੱਲ ਯੋਗਦਾਨ ਜਮਾਂ ਨਾ ਕਰਨਾ | 4.3 | 86-87 |
| ਬਕਾਇਆ ਰੈਵੀਨਿਊ ਪ੍ਰਾਪਤੀਆਂ | 4.4 | 87-88 |
| ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ | 4.5 | 88 |
| ਸਾਲਾਨਾ ਲੇਖੇ ਨਾ ਤਿਆਰ ਕਰਨਾ | 4.6 | 89 |
| ਰੈਵੀਨਿਊ ਦੀ ਉਗਰਾਹੀ ਨਾ ਕਰਨਾ | 4.7 | 89-91 |
| ਲੇਬਰ ਸੈੱਸ ਦੀ ਨਾ ਕਟੌਤੀ/ਜਮ੍ਹਾਂ ਨਾ ਕਰਾਉਣਾ | 4.8 | 91-92 |
| ਚਾਰਜਿਜ਼ ਦੀ ਨਾ/ਘੱਟ ਪ੍ਰਾਪਤੀ | 4.9 | 92-93 |
| ਕੰਮ ਦੀ ਮੁਕੰਮਲਤਾ ਵਿੱਚ ਦੇਰੀ ਦੇ ਸਿੱਟੇ ਵੱਜੋਂ ਗੈਰ-ਲਾਭਦਾਇਕ ਖਰਚਾ | 4.10 | 93-94 |
| ਫੰਡਾਂ ਦੀ ਅਨਿਯਮਿਤ ਦਿਸ਼ਾ ਬਦਲੀ | 4.11 | 94-95 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਵਿਕਾਸ ਚਾਰਜ਼ਿਜ ਘੱਟ ਲਗਾਉਣਾ | 4.12 | 95 |
| ਬੈਂਕ ਵੱਲੋਂ ਜਮਾਂਕਰਤਾ ਸਿੱਖਿਆ ਅਤੇ ਜਾਗਰੁਕਤਾ ਫੰਡ ਨੂੰ ਡੈਬਿਟ ਕੀਤੀ ਅਤੇ ਟਰਾਂਸਫਰ ਕੀਤੀ ਰਾਸ਼ੀ ਦੇ ਰਿਫੰਡ ਦਾ ਕਲੇਮ ਨਾ ਕਰਨਾ | 4.13 | 95-96 |
| ਸਰਕਾਰੀ ਲੇਖੇ ਵਿੱਚ ਜਨਮ ਅਤੇ ਮੌਤ ਰਜਿਸਟ੍ਰੇਸ਼ਨ ਫੀਸ ਪ੍ਰਾਪਤੀਆਂ ਜਮ੍ਹਾਂ ਨਾ ਕਰਾਉਣਾ | 4.14 | 96-97 |
| ਆਰਾਮ ਘਰ ਦਾ ਅਣਅਧਿਕਾਰਤ ਕਬਜਾ | 4.15 | 97-98 |
| ਬਕਾਇਆ ਦੇਣਦਾਰੀਆਂ | 4.16 | 98 |
| ਐਮ ਸੀ ਜਾਇਦਾਦਾਂ ਦਾ ਅਣਅਧਿਕਾਰਤ ਕਬਜਾ | 4.17 | 98-99 |

## ਅੰਤਿਕਾਵਾਂ


| ਲੜੀ ਨੰ. | ਵੇਰਵਾ | ਪੰਨੇ ਦਾ ਹਵਾਲਾ |
|---|---|---|
| 1.1 | ਸਾਲ 2016-17 ਤੋਂ 2018-19 ਦੌਰਾਨ ਨਮੂਨਾ ਲੇਖਾ ਪ੍ਰੀਖਿਆ ਲਈ ਚੁਣੀਆਂ ਗਈਆਂ ਪੀ ਆਰ ਆਈਜ਼ ਦੇ ਵੇਰਵੇ | 101-102 |
| 1.2 | ਸਾਲ 2016-17 ਤੋਂ 2018-19 ਦੌਰਾਨ ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ | 103-104 |
| 1.3 | ਸਾਲ 2015-16 ਤੋਂ 2018-19 ਦੇ ਸਮੇਂ ਲਈ ਬੇਸਿਕ ਗ੍ਰਾਂਟ ਦੀ ਅਲਾਟਮੈਂਟ, ਪ੍ਰਾਪਤੀ ਅਤੇ ਜਾਰੀ ਕਰਨ ਦੀ ਸਥਿਤੀ | 105-107 |
| 1.4 | ਗ੍ਰਾਮ ਪੰਚਾਇਤਾਂ ਅਤੇ ਪੰਚਾਇਤ ਸੰਮਿਤੀਆਂ ਦੁਆਰਾ ਰਿਕਾਰਡ ਨਾ ਰੱਖਣਾ | 108-112 |
| 1.5 | ਬੈਂਕਾਂ ਤੋਂ / ਵਿੱਚ ਕਢਵਾਈਆਂ ਅਤੇ ਜਮ੍ਹਾ ਕਰਵਾਈਆਂ ਰਕਮਾਂ ਦਾ ਮਿਲਾਨ ਨਾ ਕਰਨਾ | 113-117 |
| 1.6 | ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਿਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਵੱਲੋਂ ਬਹੁ-ਬੈਂਕ ਖਾਤਿਆਂ ਦੇ ਸੰਚਾਲਨ ਨੂੰ ਦਰਸਾਉਂਦੀ ਵਿਵਰਣੀ | 118-127 |
| 1.7 | ਪਿਛਲੀਆਂ ਏ ਟੀ ਆਈ ਆਰਜ਼ ਦੇ ਪੀ ਆਰ ਆਈਜ਼ ਨਾਲ ਸੰਬੰਧਤ ਪੈਰ੍ਹਿਆਂ ਦੇ ਵੇਰਵੇ ਜਿਹੜੇ 31 ਮਾਰਚ 2021 ਨੂੰ ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਬਣੀ ਕਮੇਟੀ ਦੁਆਰਾ ਬਕਾਇਆ ਰੱਖੇ ਗਏ ਸਨ | 128 |
| 2.1 | *ਸ਼ਾਮਲਾਟ* ਜ਼ਮੀਨ ਦੇ ਪ੍ਰਬੰਧਨ ਲਈ ਚੁਣੀਆਂ ਹੋਈਆਂ ਪੀ ਆਰ ਆਈਜ਼ ਦੇ ਵੇਰਵੇ | 129-131 |
| 2.2 | ਸਾਲ 2016-17 ਤੋਂ 2018-19 ਦੌਰਾਨ ਲੀਜ਼ ਆਮਦਨ ਵਿੱਚ 10 *ਪ੍ਰਤੀਸ਼ਤ* ਤੋਂ ਘੱਟ ਘਾਟਾ/ਵਾਧਾ | 132-133 |
| 2.3 | ਸਾਲ 2016-17 ਤੋਂ 2018-19 ਦੌਰਾਨ *ਸ਼ਾਮਲਾਟ* ਜ਼ਮੀਨ ਦੀ ਘੱਟ ਨਿਲਾਮੀ | 134 |
| 2.4 | *ਸ਼ਾਮਲਾਟ* ਜ਼ਮੀਨ ਦੇ ਅਣਅਧਿਕਾਰਤ ਕਬਜ਼ੇ ਦੇ ਵੇਰਵੇ | 135-136 |
| 2.5 | ਸਾਬਕਾ ਸਰਪੰਚਾਂ ਦੁਆਰਾ ਨਕਦੀ/ਬਕਾਏ ਨਾ ਹਵਾਲੇ ਕਰਨ ਦੇ ਵੇਰਵੇ | 137-140 |
| 2.6 | ਬੈਂਕ ਤੋਂ ਅਨਿਯਮਿਤ ਕੈਸ਼ ਕਢਵਾਉਣ ਦੇ ਵੇਰਵੇ | 141-145 |
| 2.7 | ਪੰਚਾਇਤ ਸੱਕਤਰ ਦੀਆਂ ਉਜਰਤਾਂ ਘੱਟ ਜਮ੍ਹਾਂ ਕਰਨ ਦੇ ਵੇਰਵੇ | 146-147 |
| 2.8 | ਮਨਜ਼ੂਰਸ਼ੁਦਾ ਅਨੁਮਾਨਾਂ ਤੋਂ ਬਿਨਾਂ ਕੰਮਾਂ ਨੂੰ ਕਰਨ ਦੇ ਵੇਰਵੇ | 148-153 |
| 2.9 | ਦੁਕਾਨਾਂ ਦੇ ਬਕਾਇਆ ਕਿਰਾਏ ਦੀ ਵਸੂਲੀ ਨਾ ਕਰਨ ਦੇ ਵੇਰਵੇ | 154-155 |
| 2.10 | ਸਮਾਨ ਦੀ ਅਨਿਯਮਿਤ ਖਰੀਦਦਾਰੀ ਦੇ ਵੇਰਵੇ | 156-161 |

| ਲੜੀ ਨੰ. | ਵੇਰਵਾ | ਪੰਨੇ ਦਾ ਹਵਾਲਾ |
|---|---|---|
| 2.11 | ਸਾਲਾਨਾ ਲੇਖੇ ਤਿਆਰ ਨਾ ਕਰਨ ਦੇ ਵੇਰਵੇ | 162-169 |
| 2.12 | ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ | 170-172 |
| 2.13 | ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਲਈ ਯੋਗਦਾਨ ਜਮ੍ਹਾਂ ਨਾ ਕਰਨਾ | 173 |
| 3.1 | ਸਾਲ 2016-17 ਤੋਂ 2018-19 ਦੌਰਾਨ ਨਮੂਨਾ ਲੇਖਾ ਪ੍ਰੀਖਿਆ ਲਈ ਚੁਣੀਆਂ ਗਈਆਂ ਯੂ ਐਲ ਬੀਜ਼ ਦੇ ਵੇਰਵੇ | 174-175 |
| 3.2 | ਪਿਛਲੀਆਂ ਏ ਟੀ ਆਈ ਆਰਜ਼ ਦੇ ਯੂ ਐਲ ਬੀਜ਼ ਨਾਲ ਸੰਬੰਧਤ ਪੈਰ੍ਹਿਆਂ ਦੇ ਵੇਰਵੇ ਜਿਹੜੇ 31 ਮਾਰਚ 2021 ਨੂੰ ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਬਣੀ ਕਮੇਟੀ ਵੱਲੋਂ ਬਕਾਇਆ ਰੱਖੇ ਗਏ ਸਨ | 176 |
| 4.1 | ਚੁਣੀਆਂ ਗਈਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਨਾਲ-ਨਾਲ ਇਨ੍ਹਾਂ ਸ਼ਹਿਰੀ ਸਥਾਨਕ ਸੰਸਥਾਵਾਂ ਅਧੀਨ ਚੁਣੇ ਗਏ ਕੰਮਾਂ ਦਾ ਵੇਰਵਾ | 177-179 |
| 4.2 | 2014-17 ਦੌਰਾਨ ਬਜਟ ਅਨੁਮਾਨ ਅਤੇ ਕੀਤਾ ਗਿਆ ਖਰਚਾ | 180 |
| 4.3 | ਸਹੀ ਅਨੁਮਾਨ ਤੋਂ ਬਿਨਾਂ ਕੰਮ ਨੂੰ ਕਰਨ ਦੇ ਵੇਰਵੇ | 181-182 |
| 4.4 | 31 ਮਾਰਚ 2018 ਨੂੰ ਐਮ ਐਸ ਡਬਲਿਯੂ ਐਮ ਪ੍ਰੋਜੈਕਟ ਦੇ ਪ੍ਰੋਜੈਕਟ ਲਾਗੂ ਕਰਨ ਦੀ ਅਨੁਸੂਚੀ ਦੀ ਪ੍ਰਾਪਤੀ ਵਿੱਚ ਦੇਰੀ ਨੂੰ ਦਰਸਾਉਂਦੀ ਵਿਵਰਣੀ | 183-184 |
| 4.5 | ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਲਈ ਯੋਗਦਾਨ ਜਮ੍ਹਾਂ ਨਾ ਕਰਨਾ | 185-187 |
| 4.6 | ਬਕਾਇਆ ਰੈਵੀਨਿਊ ਪ੍ਰਾਪਤੀਆਂ | 188 |
| 4.7 | ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ | 189-190 |
| 4.8 | ਸਾਲਾਨਾ ਲੇਖੇ ਤਿਆਰ ਨਾ ਕਰਨਾ | 191 |
| 4.9 | ਕੰਪੋਜ਼ੀਸ਼ਨ ਫੀਸ ਦੀ ਘੱਟ ਪ੍ਰਾਪਤੀ | 192 |
| 4.10 | ਕੈਂਸਰ ਸੈੱਸ ਅਤੇ ਸਭਿਆਚਾਰ ਸੈੱਸ ਜਮ੍ਹਾਂ ਨਾ ਕਰਨਾ | 193 |
| 4.11 | ਲੇਬਰ ਸੈੱਸ ਜਮ੍ਹਾਂ ਨਾ ਕਰਨਾ | 194 |

# ਭੂਮਿਕਾ

ਅਪ੍ਰੈਲ 2016 ਤੋਂ ਮਾਰਚ 2019 ਦੀ ਮਿਆਦ ਲਈ ਇਹ ਰਿਪੋਰਟ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਕਰੱਤਵ, ਸ਼ਕਤੀਆਂ ਅਤੇ ਸੇਵਾ ਸ਼ਰਤਾਂ) ਐਕਟ, 1971 ਦੇ ਅਨੁਭਾਗ 20(1) ਅਧੀਨ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਦੀ ਲੇਖਾ ਪ੍ਰੀਖਿਆ ਲਈ ਤਕਨੀਕੀ ਮਾਰਗਦਰਸ਼ਨ ਅਤੇ ਸਹਾਇਤਾ ਦੇ ਰੂਪ ਵਿੱਚ ਪੰਜਾਬ ਸਰਕਾਰ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਰਿਪੋਰਟ ਵਿੱਚ ਸਬੰਧਤ ਵਿਭਾਗਾਂ ਸਮੇਤ ਰਾਜ ਵਿੱਚ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਦੀ ਲੇਖਾ ਪ੍ਰੀਖਿਆ ਦੇ ਨਤੀਜੇ ਸ਼ਾਮਲ ਹਨ।

2016-19 ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਦੇ ਸਮੇਂ ਧਿਆਨ ਵਿੱਚ ਆਏ ਮਾਮਲੇ ਅਤੇ ਇਸਦੇ ਨਾਲ-ਨਾਲ ਉਹ ਮਾਮਲੇ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ ਪ੍ਰੰਤੂ ਪਿਛਲੇ ਸਾਲਾਂ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ, ਜਿਥੇ ਕਿਤੇ ਜਰੂਰੀ ਸੀ, ਸ਼ਾਮਲ ਕੀਤੇ ਗਏ ਹਨ।

ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੇ ਅਨੁਸਾਰ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।**

# ਕਾਰਜਕਾਰੀ ਸਾਰ

# ਕਾਰਜਕਾਰੀ ਸਾਰ

ਇਸ ਰਿਪੋਰਟ ਵਿੱਚ ਚਾਰ ਅਧਿਆਇ ਵਾਲੇ ਦੋ ਭਾਗ ਹਨ। ਅਧਿਆਇ I ਅਤੇ II ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਅਤੇ ਅਧਿਆਇ III ਅਤੇ IV ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਨਾਲ ਸਬੰਧਤ ਹਨ। ਲੇਖਾ ਪ੍ਰੀਖਿਆ ਲੱਭਤਾਂ ਦਾ ਸੰਖੇਪ ਇਸ ਕਾਜਕਾਰੀ ਸਾਰ ਵਿੱਚ ਪੇਸ਼ ਕੀਤਾ ਗਿਆ ਹੈ।

## ਭਾਗ-ੳ: ਪੰਚਾਇਤੀ ਰਾਜ ਸੰਸਥਾਵਾਂ

ਸੰਵਿਧਾਨ (73ਵੀਂ ਸੋਧ) ਐਕਟ, 1992 ਦੇ ਅਧੀਨ ਉਪਬੰਧਾਂ ਦੇ ਅਨੁਸਾਰ, ਇਕ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਦਾ ਢਾਂਚਾ ਜਿਵੇਂ ਕਿ ਪੰਜਾਬ ਪੰਚਾਇਤੀ ਰਾਜ ਐਕਟ, 1994 ਅਧੀਨ ਪਿੰਡ ਪੱਧਰ ਤੇ ਗ੍ਰਾਮ ਪੰਚਾਇਤ, ਬਲਾਕ ਪੱਧਰ ਤੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ ਸੀ।

### ਅਧਿਆਇ–I: ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

- 31 ਮਾਰਚ 2019 ਤੱਕ, ਰਾਜ ਵਿੱਚ 22 ਜ਼ਿਲ੍ਹਾ ਪ੍ਰੀਸ਼ਦਾਂ, 150 ਪੰਚਾਇਤ ਸੰਮਤੀਆਂ ਅਤੇ 13,264 ਗ੍ਰਾਮ ਪੰਚਾਇਤਾਂ ਮੌਜੂਦ ਸਨ।

- ਤਿੰਨ ਸਾਲਾਂ ਭਾਵ 2016-17 ਤੋਂ 2018-19 ਦੇ ਸਮੇਂ ਦੌਰਾਨ, ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈ) ਵਿੱਚ ਵੱਖ-ਵੱਖ ਕਾਡਰਾਂ/ਅਹੁਦਿਆਂ ਅਧੀਨ ਸਟਾਫ ਦੀ ਕਮੀ ਸੀ, ਜੋ ਕਿ 2016-17 ਵਿੱਚ 30 *ਪ੍ਰਤੀਸ਼ਤ* ਤੋਂ ਵਧ ਕੇ 2018-19 ਵਿੱਚ 41 *ਪ੍ਰਤੀਸ਼ਤ* ਹੋ ਗਈ।

- ਸੰਵਿਧਾਨ ਦੀ ਗਿਆਰਵੀਂ ਅਨੁਸੂਚੀ ਵਿੱਚ ਸ਼ਾਮਲ ਕੀਤੇ ਗਏ 29 ਵਿਸ਼ਿਆਂ ਵਿੱਚੋਂ, ਜੁਲਾਈ 2019 ਤੱਕ ਸਿਰਫ 13 ਵਿਸ਼ੇ ਹੀ ਪੀ ਆਰ ਆਈਜ਼ ਨੂੰ ਸੌਂਪੇ ਗਏ ਸਨ।

- 2014-19 ਦੀ ਮਿਆਦ ਦੇ ਦੌਰਾਨ ਵੱਖ-ਵੱਖ ਕੇਂਦਰੀ/ਰਾਜ ਪ੍ਰਾਯੋਜਿਤ ਸਕੀਮਾਂ ਦੇ ਅਧੀਨ ਫੰਡਾਂ ਦੀ ਸਮੁੱਚੀ ਘੱਟ ਵਰਤੋਂ 03 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਦੇ ਵਿਚਕਾਰ ਸੀ। ਇਸ ਤੋਂ ਇਲਾਵਾ 2014-19 ਦੀ ਮਿਆਦ ਦੌਰਾਨ ਆਪਣੇ ਟੈਕਸਾਂ ਤੋਂ ਕੋਈ ਪ੍ਰਾਪਤੀਆ ਨਹੀਂ ਸਨ ਅਤੇ 2017-19 ਦੀ ਮਿਆਦ ਦੌਰਾਨ ਰਾਜ ਸਰਕਾਰ ਤੋਂ ਕੋਈ ਗ੍ਰਾਂਟ ਪ੍ਰਾਪਤ ਨਹੀਂ ਹੋਈ ਸੀ।

- 2015-16 ਤੋਂ 2018-19 ਦੀ ਮਿਆਦ ਦੌਰਾਨ ਭਾਰਤ ਸਰਕਾਰ (ਜੀ ਓ ਆਈ) ਦੁਆਰਾ ਕੀਤੀ ਗਈ ₹ 2,577.45 ਕਰੋੜ ਮੁੱਢਲੀ ਗ੍ਰਾਂਟ ਦੀ ਸਮੁੱਚੀ ਵੰਡ ਰਾਜ ਸਰਕਾਰ ਦੁਆਰਾ ਅਸਲ ਬਣਦੀ ਮਿਤੀ ਤੋਂ 8-35 ਮਹੀਨਿਆਂ ਦੀ ਦੇਰੀ ਨਾਲ ਪ੍ਰਾਪਤ ਕੀਤੀ ਗਈ ਸੀ ਕਿਉਂਕਿ ਪ੍ਰਾਪਤ ਗ੍ਰਾਂਟਾ ਲਈ ਵਰਤੋਂ ਸਰਟੀਫੀਕੇਟ 5-36 ਮਹੀਨਿਆਂ ਦੀ ਦੇਰੀ ਨਾਲ ਜੀ ਓ ਆਈ ਨੂੰ ਜਮ੍ਹਾਂ ਕਰਵਾਏ ਗਏ ਸਨ। ਇਸ ਤੋਂ ਇਲਾਵਾ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ/ ਪੀ ਆਰ ਆਈਜ਼ 2016-19 ਦੀ ਮਿਆਦ ਦੌਰਾਨ ₹ 233.89 ਕਰੋੜ ਦੀ ਕਾਰਗੁਜ਼ਾਰੀ ਗ੍ਰਾਂਟ ਤੋਂ ਵਾਂਝੇ ਰਹੇ।

- ਕਾਰਜਕਾਰੀ ਅਧਿਕਾਰੀ, ਪੰਚਾਇਤ ਸੰਮਤੀਆਂ (ਈ ਓ ਪੀ ਐਸ) ਨਕੋਦਰ, ਸ਼੍ਰੀ ਮੁਕਤਸਰ ਸਾਹਿਬ ਅਤੇ ਗਿੱਦੜਬਾਹਾ ਵਿਖੇ ਕੋਟ ਭਾਈ ਅਤੇ 18 ਈ ਓ ਪੀ ਐਸਜ਼ ਅਧੀਨ ਆਉਂਦੀਆਂ 134 ਗ੍ਰਾਮ ਪੰਚਾਇਤਾਂ (ਜੀ ਪੀ) ਮੁੱਢਲੇ ਰਿਕਾਰਡ ਜਿਵੇਂ ਕਿ ਚੱਲ/ਅਚੱਲ ਜਾਇਦਾਦ

ਰਜਿਸਟਰ, ਮੰਗ ਅਤੇ ਉਗਰਾਹੀ ਰਜਿਸਟਰ, ਪੇਸ਼ਗੀ/ਕਰਜ਼ਾ ਬਕਾਇਆ ਰਜਿਸਟਰ, ਰਸੀਦ ਬੁੱਕ ਰਜਿਸਟਰ, ਭੌਤਿਕ ਤਸਦੀਕ ਦੇ ਨਾਲ ਸਟੋਰਾਂ ਅਤੇ ਸਟਾਕ ਦਾ ਰਜਿਸਟਰ, ਚੈੱਕ/ਡਰਾਫਟ ਰਜਿਸਟਰ ਆਦਿ ਦਾ ਰੱਖ-ਰਖਾਅ ਨਹੀਂ ਕਰ ਰਹੀਆਂ ਸਨ।

- ਜ਼ਿਲ੍ਹਾ ਪ੍ਰੀਸ਼ਦ (ਜੈਡ ਪੀ) ਮੋਗਾ, ਸੱਤ ਈ ਓ ਪੀ ਐਸਜ਼ ਅਤੇ 200 ਜੀ ਪੀਜ਼, ਜੋ ਕਿ 29 ਈ ਓ ਪੀ ਐਸ ਐਸ ਅਧੀਨ ਆਉਂਦੇ ਹਨ, ਨੇ ਬੈਂਕ ਖਾਤਿਆਂ ਨਾਲ ਮਿਲਾਨ ਨਹੀਂ ਕੀਤਾ ਸੀ ਬਾਵਜੂਦ ਇਸ ਤੱਥ ਦੇ ਕਿ ਇਹਨਾਂ ਪੀ ਆਰ ਆਈਜ਼ ਵਿੱਚ ਕੈਸ਼ ਬੁੱਕ ਅਤੇ ਪਾਸ ਬੁੱਕ ਦੇ ਅਨੁਸਾਰ ਬਕਾਏ ਵਿੱਚ ₹ 10 ਅਤੇ ₹ 1.80 ਕਰੋੜ ਦਾ ਫਰਕ ਸੀ।

- ਚਾਰ ਜੈਡ ਪੀਜ਼, ਨੌਂ ਈ ਓ ਪੀ ਐਸਜ਼ ਅਤੇ 99 ਜੀ ਪੀਜ਼ ਪੰਚਾਇਤ ਫੰਡ ਲਈ ਇੱਕ ਤੋਂ ਵੱਧ ਬੈਂਕ ਖਾਤੇ ਚਲਾ ਰਹੇ ਸਨ।

- 2016-19 ਦੌਰਾਨ ਐਗਜ਼ਾਮੀਨਰ, ਸਥਾਨਕ ਫੰਡ ਲੇਖੇ ਦੁਆਰਾ ਪੀ ਆਰ ਆਈਜ਼ (ਸਾਲ 2016-17 ਦੌਰਾਨ ਜੀ ਪੀਜ਼ ਨੂੰ ਛੱਡ ਕੇ) ਦੀ ਅੰਦਰੂਨੀ ਲੇਖਾ ਪ੍ਰੀਖਿਆ ਕਰਵਾਉਣ ਵਿੱਚ 13-71 *ਪ੍ਰਤੀਸ਼ਤ* ਦੀ ਕਮੀ ਸੀ। ਪ੍ਰਵਾਨਿਤ ਅਸਾਮੀਆਂ ਦੇ ਵਿਰੁੱਧ, ਸਾਰੇ ਕਾਡਰਾਂ ਵਿੱਚ ਖਾਲੀ ਅਸਾਮੀਆਂ ਹੌਲੀ-ਹੌਲੀ 2016-17 ਦੌਰਾਨ 63 *ਪ੍ਰਤੀਸ਼ਤ* ਤੋਂ ਵਧ ਕੇ 2018-19 ਦੌਰਾਨ 71 *ਪ੍ਰਤੀਸ਼ਤ* ਹੋ ਗਈਆਂ, ਜਿਸਨੇ ਉਸ ਸਮੇਂ ਦੌਰਾਨ ਈ ਐਲ ਐਫ ਏ ਦੁਆਰਾ ਪੀ ਆਰ ਆਈਜ਼ ਦੇ ਅੰਦਰੂਨੀ ਲੇਖਾ ਪ੍ਰੀਖਿਆ ਦੀ ਕਵਰੇਜ ਨੂੰ ਪ੍ਰਭਾਵਿਤ ਕੀਤਾ।

## ਅਧਿਆਇ-II: ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

- *ਸਾਮਲਾਟ* ਜ਼ਮੀਨ ਤੋਂ ਆਮਦਨ ਵਿੱਚ 2016-17 ਤੋਂ 2018-19 ਦੀ ਮਿਆਦ ਦੇ ਦੌਰਾਨ ਪਿਛਲੇ ਸਾਲ ਦੇ ਮੁਕਾਬਲੇ ਜਾਂ ਤਾਂ 03 ਤੋਂ 68 *ਪ੍ਰਤੀਸ਼ਤ* (15 ਜੀ ਪੀਜ਼) ਤੱਕ ਦੀ ਕਮੀ ਆਈ ਸੀ ਜਾਂ ਇੱਛਤ 10 *ਪ੍ਰਤੀਸ਼ਤ* ਵਾਧਾ (26 ਜੀ ਪੀਜ਼) ਨਹੀਂ ਸੀ। ਪੰਜ ਜੀ ਪੀਜ਼ ਦੇ ਸਬੰਧ ਵਿੱਚ 20 ਏਕੜ ਜ਼ਮੀਨ ਦੀ ਘੱਟ ਨਿਲਾਮੀ ਕੀਤੀ ਗਈ ਸੀ। 90 ਜੀ ਪੀਜ਼ ਵਿੱਚ 5,148 ਏਕੜ ਜ਼ਮੀਨ ਅਣਅਧਿਕਾਰਤ ਕਬਜ਼ੇ ਹੇਠਾਂ ਸੀ। ਚਾਰ ਈ ਓ ਪੀ ਐਸਜ਼ ਅਤੇ ਇੱਕ ਜੈਡ ਪੀ ਦੇ ਸਬੰਧ ਵਿੱਚ ਅਪ੍ਰੈਲ 1987 ਤੋਂ ਮਾਰਚ 2020 ਤੱਕ ਦੀ ਮਿਆਦ ਨਾਲ ਸਬੰਧਤ ਦੁਕਾਨਾਂ ਦਾ ਕਿਰਾਇਆ ₹ 152.70 ਲੱਖ ਬਕਾਇਆ ਸੀ। ਪੰਜਾਬ ਸਰਕਾਰ ਦੀ ਗ੍ਰਾਮ ਪੰਚਾਇਤ ਪਲਾਂਟੇਸ਼ਨ ਆਫ ਟ੍ਰੀਜ਼ ਪਾਲਿਸੀ ਅਨੁਸਾਰ 12 ਏਕੜ ਜ਼ਮੀਨ ਰੁੱਖ ਲਗਾਉਣ ਲਈ ਨਹੀਂ ਵਰਤੀ ਗਈ ਸੀ।

- 08-51 ਜੀ ਪੀਜ਼ ਦੇ ਤਤਕਾਲੀਨ ਸਰਪੰਚਾਂ ਵੱਲੋਂ ₹ 1.50 ਕਰੋੜ ਦੀ ਨਗਦ ਰਾਸ਼ੀ ਸਬੰਧਤ ਈ ਓ ਪੀ ਐਸਜ਼ ਨੂੰ ਨਹੀਂ ਸੌਂਪੀ ਗਈ ਸੀ।

- 2016-17 ਤੋਂ 2018-19 ਦੌਰਾਨ 27 ਈ ਓ ਪੀ ਐਸਜ਼ ਦੇ ਅਧੀਨ ਆਉਂਦੇ 17 ਈ ਓ ਪੀ ਐਸਜ਼ ਅਤੇ 178 ਜੀ ਪੀਜ਼ ਦੁਆਰਾ ਬੈਂਕਾਂ ਤੋਂ ₹ 3.86 ਕਰੋੜ ਦੀ ਰਾਸ਼ੀ ਪ੍ਰਚਲਿਤ ਨਿਯਮਾਂ ਦੀ ਉਲੰਘਣਾ ਵਿੱਚ ਸਵੈ/ਬੇਅਰਰ ਚੈੱਕਾਂ ਰਾਹੀਂ ਤੀਜੀ ਧਿਰ ਨੂੰ ਭੁਗਤਾਨ ਕਰਨ ਲਈ ਕੱਢਵਾਈ ਗਈ ਸੀ।

- ਪੰਚਾਇਤ ਸਕੱਤਰ ਦੀ 2012-2019 ਦੀ ਮਿਆਦ ਲਈ ₹ 15.46 ਕਰੋੜ ਦੀ ਰਾਸ਼ੀ ਅਜੇ ਵੀ ਸਬੰਧਤ ਜੀ ਪੀਜ਼ ਤੋਂ ਵਸੂਲੀ ਲਈ ਬਕਾਇਆ ਸੀ।

- 17 ਈ ਓ ਪੀ ਐਸਜ਼ ਅਧੀਨ ਆਉਂਦੇ 107 ਜੀ ਪੀਜ਼ ਵਿੱਚ ਵੱਖ-ਵੱਖ ਕੰਮਾਂ ਤੇ ਸਮਰੱਥ ਅਧਿਕਾਰੀ ਤੋਂ ਅਨੁਮਾਨ ਮਨਜ਼ੂਰ ਕਰਵਾਉਣ ਤੋਂ ਬਿਨਾਂ ₹ 19.65 ਕਰੋੜ ਖਰਚੇ ਗਏ।

- 2016-17 ਤੋਂ 2018-19 ਦੌਰਾਨ ਚਾਰ ਜੈਡ ਪੀਜ਼ ਅਤੇ 36 ਈ ਓ ਪੀ ਐਸਜ਼ ਦੇ ਸਬੰਧੀ ₹ 4.82 ਕਰੋੜ ਦੀ ਰਾਸ਼ੀ ਦੁਕਾਨਾਂ ਦੇ ਕਿਰਾਏ ਵਜੋਂ ਬਕਾਇਆ ਸੀ। ਇਸ ਤੋਂ ਇਲਾਵਾ, ਬਟਾਲਾ ਕਲੱਬ ਨੇ ਅਪ੍ਰੈਲ 2011 ਤੋਂ ਮਾਰਚ 2016 ਦੀ ਮਿਆਦ ਲਈ ₹ 3.59 ਲੱਖ ਦੀ ਲੀਜ਼/ਕਿਰਾਇਆ ਜਮ੍ਹਾਂ ਨਹੀਂ ਕਰਵਾਇਆ ਸੀ।

- 2016-17 ਤੋਂ 2018-19 ਦੀ ਮਿਆਦ ਦੇ ਦੌਰਾਨ, 19 ਈ ਓ ਪੀ ਐਸਜ਼ ਅਧੀਨ ਆਉਂਦੇ ਪੰਜ ਈ ਓ ਪੀ ਐਸਜ਼ ਅਤੇ 117 ਜੀ ਪੀਜ਼ ਦੁਆਰਾ ਪ੍ਰਚਲਿਤ ਨਿਯਮਾਂ ਦੀ ਉਲੰਘਣਾ ਵਿੱਚ ਕੋਟੇਸ਼ਨਾਂ ਜਾਂ ਫਲੋਟਿੰਗ ਟੈਂਡਰਜ਼ ਪ੍ਰਾਪਤ ਕਰਨ ਤੋਂ ਬਿਨਾਂ 3.65 ਕਰੋੜ ਦਾ ਸਮਾਨ ਜਿਵੇ ਕਿ ਰੇਤ, ਸਟੀਲ, ਟਾਇਲਾਂ, ਸੈਨੇਟਰੀ ਵਸਤਾਂ ਅਤੇ ਇਲੈਕਰਟ੍ਰੀਕਲ ਵਸਤਾਂ ਦੀ ਸਥਾਨਕ ਬਜ਼ਾਰ ਤੋਂ ਖਰੀਦ ਕੀਤੀ ਗਈ।

- 34 ਈ ਓ ਪੀ ਐਸਜ਼ ਅਧੀਨ ਆਉਂਦੇ ਦੋ ਜੈਡ ਪੀਜ਼, 19 ਈ ਓ ਪੀ ਐਸਜ਼ ਅਤੇ 290 ਜੀ ਪੀਜ਼ ਨੇ 2011-12 ਤੋਂ 2018-19 ਦੀ ਮਿਆਦ ਲਈ ਸਲਾਨਾ ਖਾਤੇ ਤਿਆਰ ਨਹੀਂ ਕੀਤੇ ਸਨ।

- ਫਰਵਰੀ 2011 ਤੋਂ ਅਕਤੂਬਰ 2018 ਦੀ ਮਿਆਦ ਦੇ ਦੌਰਾਨ ਜ਼ੈਡ ਪੀ, ਮਾਨਸਾ ਅਤੇ 17 ਈ ਓ ਪੀ ਐਸਜ਼ ਦੁਆਰਾ ਵੱਖ-ਵੱਖ ਕਰਮਚਾਰੀਆਂ ਨੂੰ ਦਿੱਤਾ ਗਿਆ ₹ 0.83 ਕਰੋੜ ਦੀਆਂ ਅਸਥਾਈ ਪੇਸ਼ਗੀਆਂ ਦਾ ਸਮਾਯੋਜਨ ਨਹੀਂ ਕੀਤਾ ਗਿਆ।

- 24 ਈ ਓ ਪੀ ਐਸਜ਼ ਨੇ 2014-19 ਦੀ ਮਿਆਦ ਦੇ ਦੌਰਾਨ ਪੰਚਾਇਤੀ ਜ਼ਮੀਨ ਦੀ ਨੀਲਾਮੀ ਕਰਕੇ ₹ 130.92 ਕਰੋੜ ਦੀ ਰਾਸ਼ੀ ਇੱਕਠੀ ਕੀਤੀ, ਪਰ ਰਾਸ਼ੀ ਦਾ ਦੋ *ਪ੍ਰਤੀਸ਼ਤ* ₹ 2.62 ਕਰੋੜ ਦਾ ਯੋਗਦਾਨ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਇਆ ਗਿਆ।

- ਸਬੰਧਤ ਈ ਓ ਪੀ ਐਸਜ਼ ਦੁਆਰਾ ₹ 0.36 ਕਰੋੜ ਦੇ ਵਰਤੋਂ ਸਰਟੀਫੀਕੇਟ ਪ੍ਰਾਪਤ ਨਹੀਂ ਕੀਤੇ ਗਏ ਸਨ।
- 56 ਜੀ ਪੀਜ਼ ਨੇ ਈ ਓ ਪੀ ਐਸ ਨੂੰ ਪੰਚਾਇਤ ਦੇ ਹਿੱਸੇ ਵਜੋਂ ਕੰਪਿਊਟਰ ਆਪਰੇਟਰ ਦੀ ਤਨਖਾਹ ਅਤੇ ਕੰਪਿਊਟਰ ਵਸਤਾਂ ਲਈ ₹ 13.42 ਲੱਖ ਟਰਾਂਸਫਰ ਨਹੀਂ ਕੀਤੇ।

## ਭਾਗ-ਅ: ਸ਼ਹਿਰੀ ਸਥਾਨਕ ਸੰਸਥਾਵਾਂ

ਪੰਜਾਬ ਸਰਕਾਰ ਨੇ ਪੰਜਾਬ ਨਗਰਪਾਲਿਕਾ ਐਕਟ, 1911 ਰਾਹੀਂ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀ) ਦੀ ਪ੍ਰਣਾਲੀ ਲਾਗੂ ਕੀਤੀ। ਇਸ ਦਾ ਉਦੇਸ਼ ਯੂ ਐਲ ਬੀਜ਼ ਨੂੰ ਆਤਮ ਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਲੋਕਾਂ ਨੂੰ ਵਧੀਆ ਨਾਗਰਿਕ ਸਹੂਲਤਾਂ ਮੁੱਹਈਆਂ ਕਰਵਾਉਣਾ ਸੀ। 74ਵੀਂ ਸੰਵਿਧਾਨਿਕ ਸੋਧ ਨੇ ਯੂ ਐਲ ਬੀਜ਼ ਨੂੰ ਸੱਤਾ ਦੇ ਵਿਕੇਂਦਰੀਕਰਣ, ਹੋਰ ਕਾਰਜ਼ਾ ਅਤੇ ਫੰਡਾ ਦੇ ਤਬਾਦਲੇ ਅਤੇ ਸੌਂਪਣ ਦਾ ਰਾਹ ਪੱਧਰਾ ਕੀਤਾ।

## ਅਧਿਆਇ-III: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

- ਮਾਰਚ 2019 ਤੱਕ, ਪੰਜਾਬ ਰਾਜ ਵਿੱਚ 10 ਨਗਰ ਨਿਗਮ, 101 ਨਗਰ ਕੌਂਸਲਾਂ ਅਤੇ 56 ਨਗਰ ਪੰਚਾਇਤਾਂ ਸਨ।

- ਯੂ ਐਲ ਬੀਜ਼ ਵਿੱਚ ਵੱਖ-ਵੱਖ ਕਾਡਰਾਂ ਵਿੱਚ 30 *ਪ੍ਰਤੀਸ਼ਤ* (ਮਾਰਚ 2017 ਤੱਕ), 30 *ਪ੍ਰਤੀਸ਼ਤ* (ਮਈ 2018 ਤੱਕ) ਅਤੇ 37 *ਪ੍ਰਤੀਸ਼ਤ* (ਨਵੰਬਰ 2018 ਤੱਕ) ਸਟਾਫ ਦੀ ਘਾਟ ਸੀ।

- 18 ਕਾਰਜਾਂ ਵਿੱਚੋਂ, ਯੂ ਐਲ ਬੀਜ਼ ਨਿਯਮ ਅਤੇ ਬਜਟ ਬਣਾਉਣ (28 *ਪ੍ਰਤੀਸ਼ਤ*) ਨੂੰ ਛੱਡ ਕੇ ਸਿਰਫ ਪੰਜ ਕਾਰਜ ਕਰ ਰਹੇ ਸਨ; ਘੱਟੋ-ਘੱਟ ਭੂਮਿਕਾ ਦੇ ਨਾਲ ਅਤੇ/ਜਾਂ ਰਾਜ ਦੇ ਵਿਭਾਗਾਂ ਅਤੇ/ਜਾਂ ਪੈਰਾਸਟੈਟਲ ਬਾਡੀਜ਼ ਦੇ ਨਾਲ ਦੱਸ ਕਾਰਜਾਂ ਵਿੱਚ ਓਵਰਲੈਪਿੰਗ ਅਧਿਕਾਰ ਖੇਤਰ ਹੋਣ (56 *ਪ੍ਰਤੀਸ਼ਤ*); ਸਿਰਫ ਦੋ ਕਾਰਜਾਂ ਵਿੱਚ ਲਾਗੂ ਕਰਨ ਵਾਲੀਆ ਏਜੰਸੀਆਂ (11 *ਪ੍ਰਤੀਸ਼ਤ*); ਅਤੇ ਇਕ ਕਾਰਜ (5 *ਪ੍ਰਤੀਸ਼ਤ*) ਵਿੱਚ ਕੋਈ ਭੂਮਿਕਾ ਨਹੀਂ ਸੀ।

- ਬਜਟ ਉਪਬੰਧਾਂ ਦੇ ਬਾਵਜੂਦ, ਵੱਖ-ਵੱਖ ਕੇਂਦਰੀ/ਰਾਜ ਪ੍ਰਾਯੋਜਿਤ ਸਕੀਮਾਂ ਅਧੀਨ ਲੋੜੀਂਦੇ ਫੰਡ ਵਿੱਤ ਵਿਭਾਗ ਨੇ ਜਾਰੀ ਨਹੀਂ ਕੀਤੇ।

- ਪਿਛਲੀਆ ਗ੍ਰਾਂਟਾ ਦੇ ਸਬੰਧ ਵਿੱਚ ਵਰਤੋਂ ਸਰਟੀਫੀਕੇਟ 55-318 ਦਿਨਾਂ ਦੀ ਦੇਰੀ ਨਾਲ ਜਮ੍ਹਾਂ ਕਰਵਾਉਣ ਦੇ ਕਾਰਣ, ਜੀ ਓ ਆਈ ਤੋਂ ਬਾਅਦ ਵਾਲੀਆ ਮੁਢਲੀਆ ਗ੍ਰਾਂਟਾਂ ਅਤੇ ਕਾਰਗੁਜ਼ਾਰੀ ਗ੍ਰਾਂਟਾਂ 10 ਮਹੀਨਿਆਂ ਤੱਕ ਦੀ ਦੇਰੀ ਨਾਲ ਪ੍ਰਾਪਤ ਹੋਈਆਂ ਸਨ। ਇਸ ਤੋਂ ਇਲਾਵਾ, ਮੁਢਲੀ ਗ੍ਰਾਂਟ ਅਤੇ ਕਾਰਗੁਜ਼ਾਰੀ ਗ੍ਰਾਂਟ ਨੂੰ 03-156 ਦਿਨਾਂ ਦੀ ਦੇਰੀ ਨਾਲ ਜਾਰੀ ਕਰਨ ਕਾਰਣ, ਰਾਜ ਸਰਕਾਰ ਨੂੰ ਵਿਆਜ ਦੇ ਰੂਪ ਵਿੱਚ ₹ 25.77 ਕਰੋੜ ਦੀ ਬਚਣਯੋਗ ਰਾਸ਼ੀ ਖਰਚਣੀ ਪਈ।

- ਹਾਲਾਂਕਿ 100 *ਪ੍ਰਤੀਸ਼ਤ* ਨਗਰ ਨਿਗਮਾਂ ਨੂੰ ਅੰਦਰੂਨੀ ਲੇਖਾ ਪ੍ਰੀਖਿਆ ਅਧੀਨ ਕਵਰ ਕੀਤਾ ਗਿਆ ਸੀ, 36-50 *ਪ੍ਰਤੀਸ਼ਤ* ਨਗਰ ਕੌਂਸਲਾਂ/ਨਗਰ ਪੰਚਾਇਤਾਂ ਨੂੰ ਸਿਰਫ ਈ ਐਲ ਐਫ ਏ ਦੁਆਰਾ ਕਵਰ ਕੀਤਾ ਗਿਆ ਸੀ ਅਤੇ ਲੇਖਾ ਪ੍ਰੀਖਿਆ ਕਵਰੇਜ 2016-17 ਵਿੱਚ 50 *ਪ੍ਰਤੀਸ਼ਤ* ਤੋਂ ਘੱਟ ਕੇ 2018-19 ਵਿੱਚ 36 *ਪ੍ਰਤੀਸ਼ਤ* ਰਹਿ ਗਈ।

## ਅਧਿਆਇ-IV: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

- ਨਮੂਨਾ ਜਾਂਚ ਕੀਤੀਆਂ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀ) ਵਿੱਚ ਸੜ੍ਹਕਾਂ ਦੇ ਨਿਰਮਾਣ/ਰੱਖ ਰਖਾਅ ਸਬੰਧੀ ਡਾਟਾਬੇਸ ਨਹੀਂ ਰੱਖਿਆ ਗਿਆ ਸੀ। ਨਮੂਨਾ ਜਾਂਚ ਕੀਤੀਆਂ ਗਈਆ ਯੂ ਐਲ ਬੀਜ਼ ਵਿੱਚ ਕੰਮਾਂ ਨੂੰ ਪੂਰਾ ਕਰਨ ਲਈ ਅਨੁਮਾਨਿਤ ਫੰਡਾਂ ਦੇ 16 *ਪ੍ਰਤੀਸ਼ਤ* ਦੀ ਘੱਟ ਵਰਤੋਂ ਸੀ। ਟੀਚਿਆ ਦੇ ਮੁਕਾਬਲੇ ਪ੍ਰਾਪਤੀਆਂ ਬਹੁਤ ਮਾੜੀਆ ਸਨ ਕਿਉਂਕਿ 2014-17 ਦੌਰਾਨ ਸਿਰਫ 43 *ਪ੍ਰਤੀਸ਼ਤ* ਸੜ੍ਹਕਾਂ ਦੇ ਕੰਮ ਪੂਰੇ ਕੀਤੇ ਗਏ ਸਨ। ਕੰਮਾਂ ਨੂੰ ਪੂਰਾ ਕਰਨ ਵਿੱਚ ਕਈ ਤਰ੍ਹਾਂ ਦੀਆਂ ਅਸੰਗਤੀਆਂ ਨਜ਼ਰ ਆਈਆਂ। ਵੱਖ-ਵੱਖ ਕਾਡਰਾਂ ਵਿੱਚ ਸਟਾਫ ਦੀ ਕਮੀ 42 *ਪ੍ਰਤੀਸ਼ਤ* ਤੋਂ 79 *ਪ੍ਰਤੀਸ਼ਤ* ਦੇ ਵਿਚਕਾਰ ਸੀ। ਚਾਰ ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵਿੱਚ ਗੁਣਵੱਤਾ ਨਿਯੰਤਰਣ ਦੀ ਪਾਲਣਾ ਨਹੀਂ ਕੀਤੀ ਗਈ ਕੀਤੀ

ਗਈ ਕਿਉਂਕ ਇੰਜੀਨੀਅਰ ਇੰਚਾਰਜ ਨੇ ਅਧਿਕਾਰਤ ਪ੍ਰਯੋਗਸ਼ਾਲਾਵਾਂ ਤੋਂ ਕੰਮ ਦੀ ਗੁਣਵੱਤਾ ਦੀ ਜਾਂਚ ਨਹੀਂ ਕਰਵਾਈ।

- ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ ਪ੍ਰੋਜੈਕਟ (ਐਮ ਐਸ ਡਬਲਿਯੂ ਐਮ) ਨੂੰ ਕਨਸੈਸ਼ਨ ਇਕਰਾਰਨਾਮਿਆਂ ਦੀ ਐਮ ਐਸ ਡਬਲਿਯੂ ਐਮ ਪ੍ਰੋਜੈਕਟ ਲਾਗੂ ਕਰਨ ਦੀ ਅਨੁਸੂਚੀ ਵਿੱਚ ਦਰਸਾਏ ਗਏ ਸਹਿਮਤ ਹੋਏ ਮੀਲ ਪੱਥਰਾਂ ਅਨੁਸਾਰ ਲਾਗੂ ਨਹੀਂ ਕੀਤਾ ਗਿਆ ਸੀ। ਮੁਢਲੇ ਕੁਲੈਕਸ਼ਨ ਪੁਆਇੰਟਾਂ ਤੇ ਡੋਰ ਟੂ ਡੋਰ ਇੱਕਠਾ ਕਰਨ ਅਤੇ ਐਮ ਐਸ ਡਬਲਿਯੂ ਦੇ ਸਰੋਤਾਂ ਨੂੰ ਵੱਖ ਕਰਨ ਲਈ ਪਰਿਵਾਰਾਂ ਦੀ ਸ਼ਤ *ਪ੍ਰਤੀਸ਼ਤ* ਕਵਰੇਜ ਪ੍ਰਾਪਤ ਨਹੀਂ ਕੀਤੀ ਗਈ ਸੀ। ਵਿੱਤੀ ਪ੍ਰਬੰਧਨ ਵਿੱਚ ਕਮੀਆਂ ਸਨ ਕਿਉਂਜੋ ਯੂ ਐਲ ਬੀਜ਼ ਨੂੰ ਦੇਰੀ ਨਾਲ/ਘੱਟ ਫੰਡ ਜਾਰੀ ਕਰਨ ਦੇ ਉਦਾਹਰਣ ਸਨ।

- 2016-17 ਤੋਂ 2018-19 ਦੀ ਮਿਆਦ ਦੇ ਦੌਰਾਨ, 10-36 ਯੂ ਐਲ ਬੀਜ਼ ਨੇ ਅਪ੍ਰੈਲ 2011 ਤੋਂ ਮਾਰਚ 2019 ਦੇ ਵਿਚਕਾਰ ₹ 661.01 ਕਰੋੜ ਦੀ ਰਾਸ਼ੀ ਦਾ ਸੰਪਤੀ ਟੈਕਸ ਇੱਕਠਾ ਕੀਤਾ ਸੀ। ਹਾਲਾਂਕਿ, ₹ 13.22 ਕਰੋੜ ਦੀ ਬਕਾਇਆ ਰਾਸ਼ੀ ਵਿੱਚੋਂ (₹ 661.01 ਕਰੋੜ ਦਾ ਦੋ *ਪ੍ਰਤੀਸ਼ਤ*) ₹ 11.22 ਕਰੋੜ ਦਾ ਬਕਾਇਆ ਛੱਡਦੇ ਹੋਏ ਸਿਰਫ ₹ 2.00 ਕਰੋੜ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਜਮ੍ਹਾਂ/ਟਰਾਂਸਫਰ ਕੀਤੇ ਗਏ ਸਨ।

- ਜਲ ਸਪਲਾਈ ਅਤੇ ਸੀਵਰੇਜ ਦੇ ਖਰਚਿਆਂ, ਹਾਊਸ ਟੈਕਸ, ਸੰਪਤੀ ਟੈਕਸ, ਦੁਕਾਨਾਂ ਦੇ ਕਿਰਾਏ ਅਤੇ ਮੋਬਾਇਲ ਟਾਵਰ ਦੇ ਖਰਚਿਆਂ ਦੇ ਹਿਸਾਬ ਨਾਲ ₹ 1,499.33 ਕਰੋੜ ਦੀਆਂ ਰੈਵੀਨਿਊ ਪ੍ਰਾਪਤੀਆਂ ਬਕਾਇਆ ਹਨ।

- 3-15 ਯੂ ਐਲ ਬੀਜ਼ ਦੇ ਮਾਮਲੇ ਵਿੱਚ, ਅਗਸਤ 1971 ਤੋਂ ਜੁਲਾਈ 2019 ਦੀ ਮਿਆਦ ਦੇ ਦੌਰਾਨ ਵੱਖ-ਵੱਖ ਕਰਮਚਾਰੀਆਂ ਨੂੰ ਮਨਜ਼ੂਰ ਕੀਤੇ ₹ 300.78 ਕਰੋੜ ਦੀਆਂ ਅਸਥਾਈ ਪੇਸ਼ਗੀਆਂ ਗੈਰ-ਸਮਾਯੋਜਿਤ ਪਈਆਂ ਸਨ।

- 29 ਯੂ ਐਲ ਬੀਜ਼ ਨੇ 2013 ਤੋਂ 2019 ਤੱਕ ਦੀ ਮਿਆਦ ਨਾਲ ਸਬੰਧਤ ਸਲਾਨਾ ਖਾਤੇ ਨਹੀਂ ਰੱਖੇ ਸਨ।

- 2016-17 ਤੋਂ 2017-18 ਦੀ ਮਿਆਦ ਦੇ ਦੌਰਾਨ, ਅਣਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਲਈ ₹ 20.70 ਕਰੋੜ ਦੀ ਕੰਪੋਜੀਸ਼ਨ ਫੀਸ ਵਿੱਚੋਂ, 14 ਯੂ ਐਲ ਬੀਜ਼ ਦੁਆਰਾ ਸਿਰਫ ₹ 8.54 ਕਰੋੜ ਇੱਕਠੇ ਕੀਤੇ ਗਏ ਸਨ, ਨਤੀਜੇ ਵਜੋਂ ₹ 12.16 ਕਰੋੜ ਦੀ ਕੰਪੋਜੀਸ਼ਨ ਫੀਸ ਦੀ ਘੱਟ ਵਸੂਲੀ ਹੋਈ। ਇਸ ਤੋਂ ਇਲਾਵਾ 2016-17 ਤੋਂ 2018-19 ਦੀ ਮਿਆਦ ਦੇ ਦੌਰਾਨ, 12 ਯੂ ਐਲ ਬੀਜ਼ ਨੇ 2013 ਤੋਂ 2019 ਦੀ ਮਿਆਦ ਦੇ ਦੌਰਾਨ ਅਣਅਧਿਕਾਰਤ ਕਾਲੋਨੀਆਂ/ਪਲਾਟਾਂ ਦੇ ਨਿਯਮਤ ਕਰਨ ਦੇ ਚਾਰਜਿਜ਼ ਵਜੋਂ ₹ 40.28 ਕਰੋੜ ਇੱਕਠੇ ਕੀਤੇ। ਹਾਲਾਂਕਿ, ₹ 0.80 ਕਰੋੜ ਦੀ ਬਕਾਇਆ ਰਾਸ਼ੀ, ਕੈਂਸਰ ਸੈੱਸ (₹ 0.40 ਕਰੋੜ) ਅਤੇ ਕਲਚਰ ਸੈੱਸ (₹ 0.40 ਕਰੋੜ) ਸਰਕਾਰੀ ਖਾਤੇ ਵਿੱਚ ਜਮ੍ਹਾਂ ਨਹੀਂ ਕੀਤੀ ਗਈ ਸੀ।

- ਤਿੰਨ ਯੂ ਐਲ ਬੀਜ਼ ਨੇ ਭਾਵੇਂ ਪਲਾਟਾਂ/ਕਲੋਨੀਆਂ ਨੂੰ ਨਿਯਮਤ ਕਰਨ ਲਈ ਬਿਨੈਕਾਰਾਂ ਤੋਂ ₹ 19.33 ਕਰੋੜ ਦੀ ਕੰਪੋਜੀਸ਼ਨ ਫੀਸ ਇੱਕਠੀ ਕੀਤੀ, ਪਰ ₹ 0.97 ਕਰੋੜ ਦੀ ਰਾਸ਼ੀ

(ਕੰਪੋਜੀਸ਼ਨ ਫੀਸ ਦਾ ਪੰਜ *ਪ੍ਰਤੀਸ਼ਤ* ਦੀ ਦਰ ਨਾਲ) ਸਮਾਜਿਕ ਬੁਨਿਆਦੀ ਢਾਂਚਾ ਫੰਡ ਵਿੱਚ ਜਮ੍ਹਾਂ ਨਹੀਂ ਕੀਤੀ ਗਈ ਸੀ।

- 2016-17 ਤੋਂ 2018-19 ਦੌਰਾਨ, 28 ਯੂ ਐਲ ਬੀਜ਼ ਨੇ 2011-19 ਦੀ ਮਿਆਦ ਦੇ ਦੌਰਾਨ ਲੇਬਰ ਸੈੱਸ ਵਜੋਂ ₹ 26.68 ਕਰੋੜ ਦੀ ਰਾਸ਼ੀ ਇੱਕਠੀ ਕੀਤੀ, ਜਿਸ ਵਿੱਚੋਂ ਸਿਰਫ ₹ 11.17 ਕਰੋੜ ਹੀ ਜਮ੍ਹਾਂ ਕੀਤੇ ਗਏ ਸਨ ਅਤੇ ₹ 15.51 ਕਰੋੜ ਦੀ ਬਕਾਇਆ ਰਾਸ਼ੀ ਅਜੇ ਵੀ ਪੰਜਾਬ ਬਿਲਡਿੰਗ ਅਤੇ ਅਦਰ ਕੰਸਟਰਕਸ਼ਨ ਵੈਲਫੇਅਰ ਬੋਰਡ ਨੂੰ ਟਰਾਂਸਫਰ ਕੀਤੀ ਜਾਣੀ ਸੀ।

- ਯੂ ਐਲ ਬੀਜ਼ ਦੁਆਰਾ ਵੱਖ-ਵੱਖ ਚਾਰਜ਼ਿਜ਼ ਵਜੋਂ ਵੈਲਊ ਐਡਿਡ ਟੈਕਸ, ਲੇਬਰ ਸੈੱਸ, ਇੰਸਟਾਲੇਸ਼ਨ ਚਾਰਜ਼ਿਜ਼ ਆਦਿ ਦੀ ₹ 33.06 ਲੱਖ ਦੀ ਰਾਸ਼ੀ ਨੂੰ ਠੇਕੇਦਾਰ ਦੇ ਬਿੱਲਾਂ ਵਿੱਚੋਂ ਕੱਟਿਆ/ਵਸੂਲ ਨਹੀਂ ਕੀਤਾ ਗਿਆ।

- ਨਗਰ ਨਿਗਮ, ਮੋਗਾ ਵਲੋਂ ਅਲਾਟ ਕੀਤਾ ਗਿਆ ਕੰਮ "ਗੁਰੂ ਨਾਨਕ ਪੁਰਾ ਮੁੱਹਲਾ ਧੀਰ ਕਲੌਨੀ ਵਾਰਡ-5 ਵਿੱਚ ਪੱਕੀ ਸੜ੍ਹਕ ਦੀ ਉਸਾਰੀ 16 ਮਹੀਨੀਆਂ ਤੋਂ ਵੀ ਵੱਧ ਸਮੇਂ ਤੋਂ ਲਟਕਿਆ ਪਿਆ ਸੀ, ਜਿਸ ਕਾਰਣ ₹ 18.48 ਲੱਖ ਦਾ ਗੈਰ ਲਾਭਦਾਇਕ ਖਰਚਾ ਹੋਇਆ।

- 2012-15 ਨਾਲ ਸਬੰਧਤ 242 ਮਾਮਲਿਆਂ ਵਿੱਚ, ਨਗਰ ਨਿਗਮ, ਪਟਿਆਲਾ ਨੇ ਪਿਛਲੇ ਸਾਲ ਦੀ ਦਰ ਉੱਤੇ 10 *ਪ੍ਰਤੀਸ਼ਤ* ਸਲਾਨਾ ਵਾਧੇ ਨੂੰ ਵਿਕਾਸ ਚਾਰਜ਼ਿਜ਼ ਵਿੱਚ ਨਹੀਂ ਜੋੜਿਆ, ਜਿਸ ਕਾਰਣ ₹ 50.72 ਲੱਖ ਵਿਕਾਸ ਚਾਰਜ਼ਿਜ਼ ਘੱਟ ਲਗਾਏ ਗਏ।

- ਨਗਰ ਨਿਗਮ ਫਗਵਾੜਾ ਦੇ ਅਰਾਮ ਘਰ ਤੇ ਪੁਲਿਸ ਵਿਭਾਗ ਦਾ ਕਬਜ਼ਾ ਸੀ, ਜਿਸ ਦਾ ਸਾਲ 1994-2017 ਦੇ ਸਮੇਂ ਲਈ ₹ 0.66 ਕਰੋੜ ਦਾ ਕਿਰਾਇਆ ਨਿਗਮ ਵਲੋਂ ਵਸੂਲ ਨਹੀਂ ਕੀਤਾ ਗਿਆ ਸੀ।

- ਛੇ ਯੂ ਐਲ ਬੀਜ਼ ਵਿੱਚ, 31 ਮਾਰਚ 2017 ਨੂੰ ਵੱਖ-ਵੱਖ ਭੁਗਤਾਨਾਂ ਵਜੋਂ ₹ 342.90 ਕਰੋੜ ਦੀ ਦੇਣਦਾਰੀ ਬਕਾਇਆ ਸੀ।

- ਨਗਰ ਕੌਂਸਲ, ਸੁਨਾਮ ਦੇ ਅਧਿਕਾਰ ਖੇਤਰ ਅਧੀਨ ਆਉਂਦੀਆਂ 90 ਜਾਇਦਾਦਾਂ ਵਿੱਚੋਂ, 29 ਜਾਇਦਾਦਾਂ ਜਿਨ੍ਹਾਂ ਦੀ ਕੀਮਤ ₹ 1.82 ਕਰੋੜ ਹੈ, ਵਿੱਚ 9 ਮਹੀਨਿਆਂ ਤੋਂ ਲੈ ਕੇ 34 ਸਾਲ ਤੱਕ ਦੀ ਮਿਆਦ ਲਈ ਕਬਜੇ ਕੀਤੇ ਹੋਏ ਪਾਏ ਗਏ ਸਨ। ਇਸ ਤੋਂ ਇਲਾਵਾ, ਚਾਰ ਯੂ ਐਲ ਬੀਜ਼ ਵਿੱਚ, ਨਗਰ ਨਿਗਮ ਦੀ ਜ਼ਮੀਨ ਤੇ ਵੀ ਵਸਨੀਕਾਂ/ਦੁਕਾਨਦਾਰਾਂ ਵਲੋਂ ਅਣਅਧਿਕਾਰਤ ਕਬਜ਼ਾ ਸੀ।

# ਭਾਗ-ੳ

## ਪੰਚਾਇਤੀ ਰਾਜ ਸੰਸਥਾਵਾਂ

# ਅਧਿਆਇ-I

# ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

# ਅਧਿਆਇ-I

# ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

## 1.1 ਪੰਚਾਇਤੀ ਰਾਜ ਸੰਸਥਾਵਾਂ ਦਾ ਪਿਛੋਕੜ

ਸੰਵਿਧਾਨ ਦੇ (ਤਿਹੱਤਰਵੀਂ ਸੋਧ) ਐਕਟ, 1992 ਨੇ ਪੰਚਾਇਤੀ ਰਾਜ ਸੰਸਥਾਵਾਂ(ਪੀ ਆਰ ਆਈ) ਨੂੰ ਸੰਵਿਧਾਨਕ ਦਰਜਾ ਦਿੱਤਾ ਅਤੇ ਪਿੰਡ ਪੱਧਰ 'ਤੇ ਗ੍ਰਾਮ ਪੰਚਾਇਤ (ਜੀ ਪੀ), ਬਲਾਕ ਪੱਧਰ 'ਤੇ ਪੰਚਾਇਤ ਸੰਮਤੀ (ਪੀ ਐਸ) ਅਤੇ ਜ਼ਿਲ੍ਹਾ ਪਧੱਰ 'ਤੇ ਜ਼ਿਲ੍ਹਾ ਪ੍ਰੀਸ਼ਦ (ਜ਼ੈਡ ਪੀ) ਨਾਮਕ ਤਿੰਨ ਪੱਧਰੀ ਢਾਂਚੇ ਦੀ ਸਥਾਪਨਾ ਕੀਤੀ। ਇਸ ਤੇ ਅਮਲ ਕਰਨ ਲਈ ਰਾਜਾਂ ਵਲੋਂ ਇਨ੍ਹਾਂ ਸੰਸਥਾਵਾਂ ਨੂੰ ਅਜਿਹੀਆਂ ਸ਼ਕਤੀਆਂ, ਕੰਮ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਣੀਆਂ ਸਨ ਤਾਂ ਜੋ ਇਨ੍ਹਾਂ ਨੂੰ ਸਵੈ-ਸਰਕਾਰ ਸੰਸਥਾਵਾਂ ਦੀ ਤਰ੍ਹਾਂ ਕੰਮ ਕਰਨ ਦੇ ਯੋਗ ਬਣਾਇਆ ਜਾ ਸਕੇ। ਪੰਚਾਇਤੀ ਰਾਜ ਸੰਸਥਾਵਾਂ ਨੇ ਵਿਸ਼ੇਸ਼ ਕਰਕੇ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਸੰਵਿਧਾਨ ਦੀ ਗਿਆਰਵੀਂ ਸੂਚੀ ਵਿੱਚ ਦਰਸਾਏ ਕੰਮਾਂ ਅਨੁਸਾਰ ਯੋਜਨਾਵਾਂ ਬਣਾਉਣੀਆਂ ਸਨ।

ਇਸ ਅਨੁਸਾਰ, ਪੰਜਾਬ ਪੰਚਾਇਤੀ ਰਾਜ ਐਕਟ, 1994 ਅਧੀਨ ਪਿੰਡ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਚੁਣੀਆ ਹੋਈਆਂ ਸੰਸਥਾਵਾਂ ਨਾਲ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਸੀ। ਗ੍ਰਾਮ ਪੰਚਾਇਤਾਂ ਦੀਆਂ ਪਿਛਲੀਆਂ ਚੋਣਾਂ ਦਸੰਬਰ 2018 ਅਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਸਤੰਬਰ 2018 ਵਿੱਚ ਹੋਈਆਂ ਸਨ।

### 1.1.1 ਲੇਖਾ ਪ੍ਰੀਖਿਆ ਦਾ ਅਧਿਕਾਰ

ਤੇਰਵ੍ਹੇਂ ਵਿੱਤ ਕਮਿਸ਼ਨ (ਟੀ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਸਾਰੇ ਤਿੰਨਾਂ ਪੱਧਰਾਂ ਲਈ ਇਕ ਲੇਖਾ ਪ੍ਰੀਖਿਆ ਪ੍ਰਣਾਲੀ ਜਰੂਰ ਸਥਾਪਤ ਕਰੇ। ਟੀ ਐਫ ਸੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਰਾਜ ਸਰਕਾਰ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੇ (ਕਰਤੱਵ, ਸ਼ਕਤੀਆਂ ਅਤੇ ਸੇਵਾ ਸ਼ਰਤਾਂ) ਐਕਟ, 1971 ਦੇ ਅਨੁਭਾਗ 20 (1) ਅਧੀਨ ਪੰਚਾਇਤੀ ਰਾਜ ਸੰਸਥਾਵਾਂ ਦੀ ਨਮੂਨਾ ਲੇਖਾ ਪ੍ਰੀਖਿਆ ਕਰਨ ਅਤੇ ਨਿਰੀਖਕ, ਸਥਾਨਕ ਫੰਡ ਲੇਖੇ, ਪੰਜਾਬ (ਈ ਐਲ ਐਫ ਏ) ਜੋ ਸਥਾਨਕ ਸੰਸਥਾਵਾਂ (ਸ਼ਹਿਰੀ ਸਥਾਨਕ ਸੰਸਥਾਵਾਂ/ਪੰਚਾਇਤੀ ਰਾਜ ਸੰਸਥਾਵਾਂ) ਦੀ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਕਾਨੂੰਨੀ ਲੇਖਾ ਪਰੀਖਿਕ ਹੈ, ਦੇ ਕੰਮ ਉੱਤੇ ਤਕਨੀਕੀ ਅਗਵਾਈ ਅਤੇ ਸਹਾਇਤਾ (ਟੀ ਜੀ ਐਸ) ਪ੍ਰਦਾਨ ਕਰਨ ਦਾ ਕੰਮ ਸੌਂਪਿਆ (ਅਗਸਤ 2011 ਅਤੇ ਅਗਸਤ 2016)। ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਕਿ ਸੀ ਏ ਜੀ ਵੱਲੋਂ ਟੀ ਜੀ ਐਸ ਪ੍ਰਬੰਧ ਜਾਰੀ ਰੱਖਣ ਦੀ ਵੀ ਸਿਫਾਰਸ਼ ਕੀਤੀ। ਰਾਜ ਵਿੱਚ 31 ਮਾਰਚ 2019 ਨੂੰ 22 ਜ਼ਿਲ੍ਹਾ ਪ੍ਰੀਸ਼ਦ (ਜ਼ੈਡ ਪੀ), 150 ਪੰਚਾਇਤ ਸੰਮਤੀਆਂ (ਪੀ ਐਸ) ਅਤੇ 13,264 ਗ੍ਰਾਮ ਪੰਚਾਇਤਾਂ ਮੌਜੂਦ ਸਨ।

2016-17, 2017-18 ਅਤੇ 2018-19 ਦੇ ਸਾਲਾਂ ਦੌਰਾਨ 1,090 ਜੀ ਪੀਜ਼ ਭਾਵ 10 ਜੀ ਪੀਜ਼ ਪ੍ਰਤੀ ਪੀ ਐਸ ਸਮੇਤ 1,214 ਪੀ ਆਰ ਆਈਜ਼[1] ਭਾਵ 15 ਜ਼ੈਡ ਪੀਜ਼ ਅਤੇ 109 ਪੀ ਐਸਜ਼ *(ਅੰਤਿਕਾ 1.1)* ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਮਾਰਚ 2019 ਤੱਕ ਜਾਂ

[1] **2016-17:** 10 ਜ਼ੈਡ ਪੀਜ਼, 30 ਪੀ ਐਸਜ਼ ਅਤੇ 300 ਜੀ ਪੀਜ਼; **2017-18:** 02 ਜ਼ੈਡ ਪੀਜ਼, 40 ਪੀ ਐਸਜ਼ ਅਤੇ 400 ਜੀ ਪੀਜ਼ ਅਤੇ **2018-19:** 03 ਜ਼ੈਡ ਪੀਜ਼, 39 ਪੀ ਐਸਜ਼ ਅਤੇ 390 ਜੀ ਪੀਜ਼ ਸੈਂਪਲਿੰਗ ਸੌਫਟਵੇਅਰ- 'ਆਈ ਡੀ ਈ ਏ' (ਇੰਟਰਐਕਟਿਵ ਡਾਟਾ ਐਕਸਪਲੋਰੇਸ਼ਨ ਅਤੇ ਅਨੈਲਸਿਸ) ਦੀ ਵਰਤੋਂ ਕਰਦੇ ਹੋਏ ਰੈਂਡਮ ਆਧਾਰ ਤੇ ਚੋਣ ਕੀਤੀ ਗਈ।

ਇਸਦੇ ਬਾਅਦ ਲੇਖਾ ਪ੍ਰੀਖਿਆ ਲੱਭਤਾਂ ਦੀ ਮੌਜੂਦਾ ਸਥਿਤੀ, ਜਿਥੇ ਕਿਤੇ ਪ੍ਰਾਪਤ ਹੋਈ, ਨੂੰ ਸਬੰਧਤ ਪੈਰ੍ਹਿਆਂ ਵਿੱਚ ਉੱਚਿਤ ਤੌਰ ਤੇ ਸ਼ਾਮਲ ਕੀਤਾ ਗਿਆ ਹੈ।

### 1.1.2 ਪੰਚਾਇਤੀ ਰਾਜ ਸੰਸਥਾਵਾਂ ਵਿੱਚ ਲੇਖਾ ਪ੍ਰਣਾਲੀ

ਜ਼ਿਲ੍ਹਾ ਪ੍ਰੀਸ਼ਦ ਦੇ ਲੇਖੇ ਰੱਖਣ ਦੀ ਜਿੰਮੇਵਾਰੀ ਲੇਖਾ ਅਫਸਰ ਦੇ ਸਹਿਯੋਗ ਨਾਲ ਮੁੱਖ ਕਾਰਜਸਾਧਕ ਅਫਸਰ (ਸੀ ਈ ਓ) ਦੀ ਹੈ। ਪੰਚਾਇਤ ਸੰਮਤੀ ਦੇ ਲੇਖੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਕਾਰਜਸਾਧਕ ਅਫਸਰ (ਬੀ ਡੀ ਪੀ ਓ-ਕਮ-ਈ ਓ) ਰੱਖਦਾ ਹੈ, ਜਦੋਂਕਿ ਗ੍ਰਾਮ ਪੰਚਾਇਤ ਦੇ ਲੇਖੇ, ਗ੍ਰਾਮ ਸਚਿਵ/ਸਕੱਤਰ ਰੱਖਦਾ ਹੈ। ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ ਅਤੇ ਗ੍ਰਾਮ ਪੰਚਾਇਤਾਂ ਦੇ ਲੇਖਿਆਂ ਦੀ ਪ੍ਰਮਾਣਕਤਾ ਕ੍ਰਮਵਾਰ ਮੁੱਖ ਕਾਰਜਸਾਧਕ ਅਫਸਰ, ਕਾਰਜਸਾਧਕ ਅਫਸਰ ਅਤੇ ਸਰਪੰਚ ਦੁਆਰਾ ਕੀਤੀ ਜਾ ਰਹੀ ਹੈ। ਈ ਐਲ ਐਫ ਏ ਕਨੂੰਨੀ ਲੇਖਾ ਪਰੀਖਕ ਹੋਣ ਦੇ ਨਾਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਕਰਨ ਲਈ ਜ਼ਿੰਮੇਵਾਰ ਹੈ।

ਉਚੇਰੇ ਪੱਧਰ ਤੇ ਵਧੀਆਂ ਫੈਸਲੇ ਲੈਣ ਲਈ, ਪੰਚਾਇਤ ਵਿੱਤਾਂ ਨਾਲ ਸਬੰਧਤ ਡਾਟੇ ਨੂੰ ਇੱਕਠਾ ਕਰਨ ਵਾਸਤੇ, ਭਾਰਤ ਸਰਕਾਰ (ਜੀ ਓ ਆਈ) ਦੇ ਪੰਚਾਇਤੀ ਮੰਤਰਾਲੇ ਨੇ ਸੀ ਏ ਜੀ ਦੀ ਸਲਾਹ ਨਾਲ ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ ਸੀ ਟੀ) ਅਤੇ ਇਕਸਾਰ ਲੇਖਾ ਫਾਰਮੈਟ ਦੀ ਵਰਤੋਂ ਕਰਦੇ ਹੋਏ ਇੱਕ ਮਾਡਲ ਲੇਖਾ ਪ੍ਰਣਾਲੀ, 2009 (ਐਮ ਏ ਐਸ) ਵਿਕਸਤ ਕੀਤੀ। ਪੀ ਆਰ ਆਈਜ਼ ਦੇ ਇਨਫਲੋਅ (ਪ੍ਰਾਪਤੀਆਂ) ਅਤੇ ਆਊਟਫਲੋਅ (ਅਦਾਇਗੀਆਂ) ਤੇ ਨਿਗ੍ਹਾ ਰੱਖਣ ਦੇ ਨਿਸ਼ਾਨੇ ਨਾਲ, ਈ-ਪੰਚਾਇਤ ਮਿਸ਼ਨ ਮੋਡ ਪ੍ਰੋਜੈਕਟ (ਐਮ ਐਮ ਪੀ) ਅਧੀਨ ਪੰਚਾਇਤ ਐਂਟਰਪਰਾਈਜ਼ ਸੂਟ (ਪੀ ਈ ਐਸ) ਦੇ ਇੱਕ ਹਿੱਸੇ ਵਜੋਂ, ਨੈਸ਼ਨਲ ਇਨਫਾਰਮੈਟਿਕਸ ਕੇਂਦਰ (ਐਨ ਆਈ ਸੀ) ਦੁਆਰਾ ਪੰਚਾਇਤੀ ਰਾਜ ਇੰਸਟੀਚਿਊਸ਼ਨ ਅਕਾਊਂਟਿੰਗ ਸਾਫਟਵੇਅਰ (ਪੀ ਆਰ ਆਈ ਏ ਸੌਫਟ) ਨਾਮਕ ਇੱਕ ਲੇਖਾ ਸਾਫਟਵੇਅਰ ਵਿਕਸਤ ਕੀਤਾ ਗਿਆ ਸੀ। ਜਦੋਂਕਿ ਰਾਜਾਂ ਨੂੰ ਫੰਡਾਂ ਦੇ ਫਲੋਅ ਅਤੇ ਵਰਤੋਂ ਤੇ ਨਜ਼ਰ ਰੱਖਣ ਅਤੇ ਇਸ ਅਨੁਸਾਰ ਬਾਅਦ ਦੇ ਰਲੀਜਿਜ਼ ਦਾ ਫੈਸਲਾ ਲੈਣ ਦੇ ਯੋਗ ਹੋਣ ਦਾ ਲਾਭ ਪ੍ਰਾਪਤ ਹੋਣਾ ਸੀ, ਪੰਚਾਇਤ ਨੂੰ ਵਧੀਆ ਵਿੱਤੀ ਪ੍ਰਬੰਧਨ, ਭਰੋਸੇਯੋਗਤਾ ਵਿੱਚ ਵਾਧਾ ਕਰਨ ਅਤੇ ਪੰਚਾਇਤਾਂ ਨੂੰ ਵਿੱਤੀ ਤੌਰ ਤੇ ਵਿਵਹਾਰਕ ਬਨਾਉਣ ਲਈ ਨੀਤੀਆਂ ਘੜਨ ਲਈ ਪੰਚਾਇਤ ਦੇ ਵਿੱਤਾ ਦਾ ਨਿਰਧਾਰਣ ਕਰਨ ਦੇ ਰੂਪ ਵਿੱਚ ਲਾਭ ਹੋਣਾ ਸੀ। ਇਹ ਸਾਫਟਵੇਅਰ ਪੰਚਾਇਤਾਂ ਦੇ ਸਾਰੇ ਤਿੰਨੋਂ ਪੱਧਰਾਂ ਵੱਲੋਂ ਐਮ ਏ ਐਸ ਅਧੀਨ ਨਾ ਕੇਵਲ ਲੇਖਿਆਂ ਦੇ ਰੱਖ ਰਖਾਵ ਵਿੱਚ ਸਹਾਇਤਾ ਕਰਦਾ ਹੈ ਸਗੋਂ ਵੰਡੇ ਗਏ ਫੰਡਾਂ, ਕੀਤੇ ਗਏ ਖਰਚੇ, ਅਤੇ ਅੰਤਰ-ਪੀ ਆਰ ਆਈਜ਼ ਦੀਆਂ ਟਰਾਂਸਫਰਾਂ/ਪੇਸ਼ਗੀਆਂ ਅਤੇ ਵਾਊਚਰਾਂ ਤੋਂ ਕੇਵਲ ਮੁਢਲੇ ਇੰਦਰਾਜ ਕਰਕੇ ਇੱਛਕ ਰਿਪੋਰਟਾਂ, ਰਜਿਸਟਰਾਂ ਅਤੇ ਹੋਰ ਵਿੱਤੀ ਜਾਣਕਾਰੀ ਦੀ ਨਿਗਰਾਨੀ ਨੂੰ ਵੀ ਯਕੀਨੀ ਬਣਾਉਂਦਾ ਹੈ। ਇਸ ਅਨੁਸਾਰ, ਐਮ ਏ ਐਸ ਸ਼ੁਰੂ ਵਿੱਚ ਅਪ੍ਰੈਲ 2011 ਵਿੱਚ ਅਪਨਾਇਆ ਗਿਆ ਸੀ ਪ੍ਰੰਤੂ ਵਿਕਰੇਤਾ ਕੰਪਨੀ ਕੋਲ ਅਮਲੇ ਦੀ ਘਾਟ ਕਰਕੇ, ਇਸ ਨੂੰ ਰੋਕ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਅਪ੍ਰੈਲ 2015 ਵਿੱਚ ਇਸ ਨੂੰ ਫਿਰ ਤੋਂ ਅਪਣਾ ਲਿਆ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਾਲ 2018-19 ਤੱਕ ਪੀ ਆਰ ਆਈ ਏ ਸੌਫਟ ਐਪਲੀਕੇਸ਼ਨ ਵਿੱਚ ਡਾਟੇ ਦੀ ਮੁਢਲੀ ਪੰਚਿੰਗ ਦੀ ਸ਼ੁਰੂਆਤ ਨਹੀਂ ਹੋਈ ਸੀ। ਡਾਟਾ ਪੰਚ ਨਾ ਕੀਤੇ ਜਾਣ ਬਾਰੇ ਮਾਮਲਾ ਉਠਾਉਣ ਤੇ (ਮਾਰਚ 2020) ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ (ਵਿਭਾਗ) ਨੇ ਦੱਸਿਆ (ਜੂਨ 2020) ਕਿ ਵਿੱਤੀ ਸਾਲ 2020-21 ਲਈ ਪੰਚਾਇਤਾਂ ਨੂੰ ਪ੍ਰਾਪਤੀਆਂ ਹੋਣ ਅਤੇ ਖਰਚੇ ਦੇ ਕੀਤੇ ਜਾਣ ਵੇਲੇ ਨਾਲ ਹੀ ਡਾਟਾ ਪੰਚ ਕੀਤੇ ਜਾਣ ਦੇ ਨਿਰਦੇਸ਼ ਦਿੱਤੇ ਗਏ ਸਨ ਅਤੇ ਜੂਨ 2020 ਤੱਕ 98 *ਪ੍ਰਤੀਸ਼ਤ* (13,025) ਗ੍ਰਾਮ ਪੰਚਾਇਤਾਂ ਆਨ ਬੋਰਡ ਹੋਈਆਂ ਸਨ। ਪ੍ਰੰਤੂ,

ਤੱਥ ਇਹ ਰਿਹਾ ਕਿ *www.accountingonline.gov.in*, ਵੈਬਸਾਈਟ ਤੇ ਉਪਲਬੱਧ ਡਾਟੇ (ਅਕਤੂਬਰ 2020) ਅਨੁਸਾਰ, ਭਾਵੇਂ ਡਾਟੇ ਦੀ ਪੰਚਿੰਗ 2019-20 ਦੌਰਾਨ ਸ਼ੁਰੂ ਕਰ ਦਿੱਤੀ ਗਈ ਸੀ, ਪ੍ਰੰਤੂ ਧਨ ਦੇ ਇਨਫਲੋਅ ਅਤੇ ਆਊਟਫਲੋਅ ਨਾਲ ਸਬੰਧਤ ਮੁਕੰਮਲ ਡਾਟਾ ਪੰਚ ਨਹੀਂ ਕੀਤਾ ਜਾ ਰਿਹਾ ਸੀ। ਕਈ ਮਾਮਲਿਆਂ ਵਿੱਚ ਫੰਡਾਂ ਦੇ ਕੇਵਲ ਆਊਟਫਲੋਅ ਦੇ ਇੰਦਰਾਜ਼ ਹੀ ਪੰਚ ਕੀਤੇ ਪਾਏ ਗਏ ਸਨ।

ਐਮ ਏ ਐਸ ਵਿੱਚ ਡਾਟਾਬੇਸ ਦੇ ਪੰਚ ਨਾ ਕੀਤੇ ਜਾਣ ਦਾ ਮਾਮਲਾ 2014-15 ਅਤੇ 2015-16 ਦੇ ਸਾਲਾਂ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ 'ਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟਾਂ (ਪੀ ਆਰ ਆਈਜ਼ ਅਤੇ ਯੂ ਐਲ ਬੀ ਤੇ ਏ ਟੀ ਆਈ ਆਰ) (ਪੈਰ੍ਹਾ 1.1.2) ਵਿੱਚ ਵੀ ਉਠਾਇਆ ਗਿਆ ਸੀ। ਉਕਤ ਦੱਸੇ ਪੈਰ੍ਹੇ ਬਾਰੇ ਚਰਚਾ ਕਰਦੇ ਹੋਏ, ਐਲ ਬੀਜ਼ ਅਤੇ ਪੀ ਆਰ ਆਈਜ਼ ਉੱਤੇ ਕਮੇਟੀ ਨੇ ਸਿਫਾਰਸ਼ ਕੀਤੀ (ਦਸੰਬਰ 2019) ਕਿ ਰਾਜ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ ਵਿੱਚ ਜੂਨ 2020 ਤੱਕ ਡਾਟਾ ਪੰਚਿੰਗ ਮੁਕੰਮਲ ਕਰ ਲਈ ਜਾਵੇ।

## 1.2 ਪੰਚਾਇਤੀ ਰਾਜ ਸੰਸਥਾਵਾਂ ਦੀ ਸੰਗਠਨਾਤਮਕ ਬਣਤਰ

### (I) ਕਾਰਜਕਾਰੀ ਪੱਧਰ




### (II) ਚੁਣਿਆ ਹੋਇਆ ਪੱਧਰ



### 1.2.1 ਸਥਾਈ ਕਮੇਟੀਆਂ

ਪੀ ਆਰ ਆਈਜ਼ ਦੇ ਕੰਮਕਾਜ ਅਤੇ ਵਿੱਤੀ ਮਾਮਲਿਆਂ ਅਤੇ ਸਕੀਮਾਂ ਦੇ ਲਾਗੂ ਕਰਨ ਨਾਲ ਜੁੜੀਆਂ ਵੱਖ-ਵੱਖ ਸਥਾਈ ਕਮੇਟੀਆਂ ਦੀ ਸੰਖੇਪ ਜਾਣ-ਪਛਾਣ ਹੇਠਾਂ **ਸਾਰਣੀ 1.1** ਵਿੱਚ ਦਿੱਤੀ ਗਈ ਹੈ।

**ਸਾਰਣੀ 1.1: ਸਥਾਈ ਕਮੇਟੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ**

| ਪੰਚਾਇਤੀ ਰਾਜ ਸੰਸਥਾਵਾਂ ਦਾ ਪੱਧਰ | ਸਥਾਈ ਕਮੇਟੀ ਦਾ ਅਗਵਾਈ ਕਰਤਾ | ਸਥਾਈ ਕਮੇਟੀ ਦਾ ਨਾਂਅ | ਸਥਾਈ ਕਮੇਟੀ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ |
|---|---|---|---|
| ਜ਼ਿਲ੍ਹਾ ਪ੍ਰੀਸ਼ਦ | ਚੇਅਰਮੈਨ | ਆਮ ਕਮੇਟੀ | ਇਹ ਕਮੇਟੀ ਅਮਲਾ ਮਾਮਲੇ, ਸੰਚਾਰ, ਭਵਨਾਂ, ਪੇਂਡੂ ਮਕਾਨ ਉਸਾਰੀ, ਗ੍ਰਾਮ ਐਕਸਟੈਂਸ਼ਨ, ਕੁਦਰਤੀ ਆਫਤਾਂ ਲਈ ਰਾਹਤ ਅਤੇ ਸਬੰਧਤ ਮਾਮਲੇ ਅਤੇ ਸਾਰੇ ਬਕਾਇਆ ਫੁਟਕਲ ਮਾਮਲਿਆਂ ਨਾਲ ਸਬੰਧਤ ਕਾਰਜ ਕਰਦੀ ਹੈ। |
| | | ਵਿੱਤ ਲੇਖਾ ਪ੍ਰੀਖਿਆ ਅਤੇ ਯੋਜਨਾਬੰਦੀ ਕਮੇਟੀ | ਜਿਲ੍ਹਾ ਪ੍ਰੀਸ਼ਦਾਂ ਦੇ ਵਿੱਤਾਂ, ਬਜਟ ਬਣਾਉਣ, ਰੈਵੀਨਿਊ ਵਧਾਉਣ ਲਈ ਪ੍ਰਸਤਾਵਾਂ ਦੀ ਛਾਣਬੀਣ, ਪ੍ਰਾਪਤੀ ਅਤੇ ਖਰਚਾ ਵਿਵਰਣੀਆਂ ਦੀ ਪੜਤਾਲ, ਜ਼ਿਲ੍ਹਾ ਪ੍ਰੀਸ਼ਦ ਦੇ ਵਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਪ੍ਰਸਤਾਵਾਂ ਨੂੰ ਵਿਚਾਰਨਾ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਰੈਵੀਨਿਊ ਅਤੇ ਖਰਚੇ ਦੀ ਆਮ ਨਿਗਰਾਨੀ, ਯੋਜਨਾਬੰਦੀ ਤਰਜੀਹਾਂ, ਵਿਕਾਸ ਲਈ ਖਰਚੇ ਦੀ ਵੰਡ, ਹਾਰੀਜੈਂਟਲ ਅਤੇ ਵਰਟੀਕਲ ਲਿੰਕੇਜਜ਼, ਰਾਜ ਸਰਕਾਰ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨਾ, ਯੋਜਨਾਬੰਦੀ ਦੇ ਪ੍ਰੋਗਰਾਮਾਂ ਦੀ ਨਿਯਮਿਤ ਸਮੀਖਿਆ, ਮਹੱਤਵਪੂਰਣ ਪ੍ਰੋਗਰਾਮਾਂ ਅਤੇ ਛੋਟੀਆਂ ਬੱਚਤ ਸਕੀਮਾਂ ਦੇ ਮੁਲਾਂਕਣ ਨਾਲ ਸਬੰਧਤ ਕਾਰਜ ਕਰਦੀ ਹੈ। |
| | | ਸਮਾਜਿਕ ਨਿਆਂ ਕਮੇਟੀ | ਅਨੁਸੂਚਿਤ ਜਾਤੀਆਂ (ਐਸ ਸੀਜ਼) ਅਤੇ ਪੱਛੜੀਆਂ ਸ਼੍ਰੇਣੀਆਂ ( ਬੀ ਸੀਜ਼) ਦੀ ਸਿੱਖਿਆ, ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਹੋਰ ਹਿੱਤਾਂ ਦਾ ਪ੍ਰਸਾਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਨੂੰ ਸਮਾਜਿਕ ਅਨਿਆਂ ਅਤੇ ਹੋਰ ਸਭ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣਾ, ਐਸ ਸੀਜ਼ ਅਤੇ ਬੀ ਸੀਜ਼ ਦੀ ਸਮੁੱਚੀ ਹਾਲਤ ਸੁਧਾਰਨ, ਐਸ ਸੀਜ਼ ਅਤੇ ਬੀ ਸੀਜ਼, ਮਹਿਲਾਵਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਸਮਾਜਿਕ ਨਿਆਂ ਦਿਵਾਉਣ ਵਰਗੇ ਕਾਰਜ ਕਰਦੀ ਹੈ। |
| | | ਸਿੱਖਿਆ ਅਤੇ ਸਿਹਤ ਕਮੇਟੀ | ਜਿਲ੍ਹਾ ਪ੍ਰੀਸ਼ਦ ਵਿੱਚ ਸਿੱਖਿਅਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ, ਰਾਸ਼ਟਰੀ ਨੀਤੀ ਅਤੇ ਰਾਸ਼ਟਰੀ ਤੇ ਰਾਜ ਯੋਜਨਾਵਾਂ ਦੇ ਖਾਕੇ ਵਿੱਚ ਜ਼ਿਲ੍ਹੇ ਵਿੱਚ ਸਿੱਖਿਆ ਦੀ ਯੋਜਨਾਬੰਦੀ ਕਰਨ, ਜ਼ਿਲ੍ਹਾ ਪ੍ਰੀਸ਼ਦ ਦੀਆਂ ਸਿੱਖਿਆ ਗਤੀਵਿਧੀਆ ਦਾ ਸਰਵੇਖਣ ਅਤੇ ਮੁਲਾਂਕਣ ਕਰਨ, ਸਿੱਖਿਆ, ਬਾਲਗ ਸਾਖਰਤਾ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ ਸਬੰਧਤ ਅਜਿਹੀਆਂ ਹੋਰ ਡਿਊਟੀਆਂ ਨਿਭਾਉਣਾ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਇਸ ਨੂੰ ਸੌਂਪੀਆਂ ਜਾ ਸਕਦੀਆਂ ਹਨ, ਡਰੇਨੇਜ਼, ਸਿਹਤ ਸੇਵਾਵਾਂ, ਹਸਪਤਾਲ, ਜਲ ਸਪਲਾਈ ਅਤੇ ਪਰਿਵਾਰ ਭਲਾਈ ਅਤੇ ਹੋਰ ਸਹਾਇਕ ਮਾਮਲਿਆਂ ਨਾਲ ਸਬੰਧਤ ਕਾਰਜ ਕਰਦੀ ਹੈ। |

| ਪੰਚਾਇਤੀ ਰਾਜ ਸੰਸਥਾਵਾਂ ਦਾ ਪੱਧਰ | ਸਥਾਈ ਕਮੇਟੀ ਦਾ ਅਗਵਾਈ ਕਰਤਾ | ਸਥਾਈ ਕਮੇਟੀ ਦਾ ਨਾਂਅ | ਸਥਾਈ ਕਮੇਟੀ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ |
|---|---|---|---|
| | | ਖੇਤੀਬਾੜੀ ਅਤੇ ਉਦਯੋਗ ਕਮੇਟੀ | ਖੇਤੀਬਾੜੀ ਉਤਪਾਦਨ, ਪਸ਼ੂ ਪਾਲਣ, ਸਹਿਕਾਰਤਾ, ਕੰਟੂਰ ਬੰਡਿੰਗ ਅਤੇ ਭੂਮੀ ਸੁਧਾਰ; ਪੇਂਡੂ ਅਤੇ ਘਰੇਲੂ ਉਦਯੋਗ ਅਤੇ ਜ਼ਿਲ੍ਹੇ ਦੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਨਾਲ ਸਬੰਧਿਤ ਕਾਰਜ ਕਰਦੀ ਹੈ |
| ਪੰਚਾਇਤ ਸੰਮਤੀ | ਚੈਅਰਮੈਨ | ਆਮ ਕਮੇਟੀ | ਅਮਲਾ ਮਾਮਲੇ, ਸੰਚਾਰ, ਭਵਨ, ਮਕਾਨ ਉਸਾਰੀ, ਗ੍ਰਾਮ ਐਕਸਟੈਂਸ਼ਨ, ਕੁਦਰਤੀ ਆਫਤਾਂ ਲਈ ਰਾਹਤ, ਜਲ ਸਪਲਾਈ ਅਤੇ ਹੋਰ ਬਾਕੀ ਸਾਰੇ ਫੁਟਕਲ ਮਾਮਲਿਆਂ ਨਾਲ ਸਬੰਧਤ ਕਾਰਜ ਕਰਦੀ ਹੈ। |
| | | ਵਿੱਤ, ਲੇਖਾ ਪ੍ਰੀਖਿਆ ਅਤੇ ਯੋਜਨਾਬੰਦੀ ਕਮੇਟੀ | ਪੰਚਾਇਤ ਸੰਮਤੀ ਦੇ ਵਿੱਤਾਂ, ਬਜਟ ਬਣਾਉਣ, ਰੈਵੀਨਿਊ ਵਧਾਉਣ ਲਈ ਪ੍ਰਸਤਾਵਾਂ ਦੀ ਛਾਣਬੀਣ, ਪ੍ਰਾਪਤੀ ਅਤੇ ਖਰਚਾ ਵਿਵਰਣੀਆਂ ਦੀ ਪੜਤਾਲ, ਪੰਚਾਇਤ ਸੰਮਤੀ ਦੇ ਵਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਪ੍ਰਸਤਾਵਾਂ ਨੂੰ ਵਿਚਾਰਨਾ ਅਤੇ ਪੰਚਾਇਤ ਸੰਮਤੀ ਦੇ ਰੈਵੀਨਿਊ ਅਤੇ ਖਰਚੇ ਦੀ ਆਮ ਨਿਗਰਾਨੀ, ਅਤੇ ਛੋਟੀਆਂ ਬੱਚਤਾਂ ਸਕੀਮਾਂ ਨਾਲ ਤਾਲਮੇਲ ਅਤੇ ਪੰਚਾਇਤ ਸੰਮਤੀ ਖੇਤਰ ਦੇ ਵਿਕਾਸ ਨਾਲ ਸਬੰਧਤ ਹੋਰ ਕਾਰਜ ਕਰਦੀ ਹੈ। |
| | | ਸਮਾਜਿਕ ਨਿਆਂ ਕਮੇਟੀ | ਐਸ ਸੀਜ਼/ਬੀ ਸੀਜ਼ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਸਿੱਖਿਆ, ਆਰਥਿਕਤਾ, ਸਮਾਜਿਕ, ਸਭਿਆਚਾਰਕ ਅਤੇ ਹੋਰ ਹਿੱਤਾ ਨੂੰ ਪ੍ਰੋਤਸਾਹਿਤ ਕਰਨਾ; ਉਨ੍ਹਾਂ ਨੂੰ ਸਮਾਜਿਕ ਅਨਿਆਂ ਅਤੇ ਹੋਰ ਸਭ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣਾ, ਐਸ ਸੀਜ਼/ਬੀ ਸੀਜ਼ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਸਮੁੱਚੀ ਹਾਲਤ ਸੁਧਾਰਨ, ਐਸ ਸੀਜ਼, ਬੀ ਸੀਜ਼, ਮਹਿਲਾਵਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਸਮਾਜਿਕ ਨਿਆਂ ਦਿਵਾਉਣ ਲਈ ਕਾਰਜ ਕਰਦੀ ਹੈ। |
| ਗ੍ਰਾਮ ਪੰਚਾਇਤ | ਚੇਅਰਮੈਨ | ਉਤਪਾਦਨ ਕਮੇਟੀ | ਖੇਤੀਬਾੜੀ ਉਤਪਾਦਨ, ਪਸ਼ੂ ਪਾਲਣ, ਪੇਂਡੂ ਉਦਯੋਗ ਅਤੇ ਗਰੀਬੀ ਘਟਾਉਣ ਦੇ ਪ੍ਰੋਗਰਾਮਾਂ ਨਾਲ ਜੁੜੇ ਕਾਰਜ ਕਰਦੀ ਹੈ। |
| | | ਸਮਾਜਿਕ ਨਿਆਂ ਕਮੇਟੀ | ਅਨੁਸੂਚਿਤ ਜਾਤੀਆਂ/ਪੱਛੜੀਆਂ ਸ੍ਰੇਣੀਆਂ ਦੇ ਸਿੱਖਿਆ, ਆਰਥਿਕ, ਸਮਾਜਿਕ, ਸੱਭਿਆਚਾਰਕ ਤੇ ਹੋਰ ਹਿੱਤਾਂ ਦਾ ਪ੍ਰਸਾਰ, ਅਜਿਹੀਆਂ ਜਾਤੀਆਂ ਤੇ ਵਰਗਾਂ ਨੂੰ ਸਮਾਜਿਕ ਅਨਿਆਂ ਅਤੇ ਹੋਰ ਕਿਸੇ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣ ਅਤੇ ਮਹਿਲਾਵਾਂ ਤੇ ਬੱਚਿਆਂ ਦੀ ਭਲਾਈ ਨਾਲ ਸਬੰਧਤ ਕਾਰਜ ਕਰਦੀ ਹੈ। |
| | | ਸੇਵਾਵਾਂ ਕਮੇਟੀ | ਸਿੱਖਿਆ, ਜਨ ਸਿਹਤ ਅਤੇ ਲੋਕ ਨਿਰਮਾਣ ਆਦਿ ਨਾਲ ਸਬੰਧਤ ਕਾਰਜ ਕਰਦੀ ਹੈ। |

*ਸ੍ਰੋਤ: ਪੰਜਾਬ ਪੰਚਾਇਤੀ ਰਾਜ ਐਕਟ, 1994*

ਜਿਵੇਂ ਕਿ **ਸਾਰਣੀ 1.1** ਵਿੱਚ ਵੇਰਵਾ ਦਿੱਤਾ ਗਿਆ ਹੈ ਜ਼ੈਡ ਪੀ ਵਿੱਚ ਪੰਜ ਸਥਾਈ ਕਮੇਟੀਆਂ ਅਤੇ ਪੀ ਐਸ ਅਤੇ ਜੀ ਪੀ ਹਰ ਇੱਕ ਵਿੱਚ ਤਿੰਨ ਕਮੇਟੀਆਂ ਬਨਾਉਣੀਆਂ ਸਨ। ਪ੍ਰੰਤੂ ਇਹ ਧਿਆਨ ਵਿੱਚ ਆਇਆ ਕਿ 40,352 ਕਮੇਟੀਆਂ (ਜ਼ੈਡ ਪੀਜ਼: 110; ਪੀ ਐਸਜ਼: 450 ਅਤੇ ਜੀ ਪੀਜ਼: 39,792) ਵਿਚੋਂ 33,084 ਕਮੇਟੀਆਂ (ਜ਼ੈਡ ਪੀਜ਼ : 100; ਪੀ ਐਸਜ਼ : 444 ਅਤੇ ਜੀ ਪੀਜ਼:

32,540) ਬਣਾਈਆਂ ਗਈਆਂ ਸਨ ਅਤੇ ਮਾਰਚ 2020 ਦੀ ਸਥਿਤੀ ਅਨੁਸਾਰ 7,268 ਸਥਾਈ ਕਮੇਟੀਆਂ (ਜ਼ੈਡ ਪੀਜ਼: 10; ਪੀ ਐਸਜ਼ : 06 ਅਤੇ ਜੀ ਪੀਜ਼ 7,252) ਦੀ ਕਮੀ ਰਹਿ ਗਈ ਸੀ।

ਲੋੜੀਂਦੀਆਂ ਕਮੇਟੀਆਂ ਦਾ ਗਠਨ ਵੱਖ-ਵੱਖ ਊਣਤਾਈਆਂ ਦੀ ਰੋਕਥਾਮ ਲਈ ਸਹਾਈ ਹੋ ਸਕਦਾ ਸੀ, ਜਿਵੇਂ ਕਿ ਇਸ ਰਿਪੋਰਟ ਵਿੱਚ ਚਰਚਾ ਕੀਤੀ ਗਈ ਹੈ, ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਕੰਮ ਕਾਜ ਵਿੱਚ ਸੁਧਾਰ ਕਰ ਸਕਦਾ ਹੈ।

### 1.2.2 ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸਟਾਫ ਦੀ ਸਥਿਤੀ

2016-17 ਤੋਂ 2018-19 ਦੌਰਾਨ ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ ਦਾ ਵੇਰਵਾ **ਸਾਰਣੀ** 1.2 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.2: ਪੀ ਆਰ ਆਈਜ਼ ਵਿੱਚ ਮਨਜ਼ੂਰਸ਼ੁਦਾ ਸਟਾਫ ਦੀ ਤੁਲਨਾ ਵਿੱਚ ਤੈਨਾਤ ਅਮਲਾ**

| ਸਾਲ | ਕੇਡਰਾਂ ਦੀ ਸੰਖਿਆ | ਮਨਜ਼ੂਰਸ਼ੁਦਾ ਸਟਾਫ | ਤੈਨਾਤ ਸਟਾਫ | ਖਾਲੀ ਅਸਾਮੀਆਂ (*ਪ੍ਰਤੀਸ਼ਤ*) |
|---|---|---|---|---|
| 2016-17 | 24 | 3,846 | 2,682 | 1,164 (30) |
| 2017-18 | 39 | 4,988 | 3,302 | 1,686 (34) |
| 2018-19 | 47 | 5,624 | 3,327 | 2,297 (41) |

ਤਿੰਨ ਸਾਲਾਂ ਭਾਵ 2016-17 ਤੋਂ 2018-19 ਦੌਰਾਨ ਪੀ ਆਰ ਆਈਜ਼ ਵਿੱਚ ਵੱਖ-ਵੱਖ ਕੇਡਰਾਂ/ਅਸਾਮੀਆਂ ਅਧੀਨ ਸਟਾਫ ਦੀ ਘਾਟ ਸੀ ਜੋ ਕਿ 2016-17 ਵਿੱਚ 30 *ਪ੍ਰਤੀਸ਼ਤ* ਤੋਂ ਵਧ ਕੇ 2018-19 ਵਿੱਚ 41 *ਪ੍ਰਤੀਸ਼ਤ* ਹੋ ਗਈ *(ਅੰਤਿਕਾ 1.2)* । ਨਗਰਪਾਲਿਕਾਵਾਂ ਵਿੱਚ ਸਟਾਫ ਦੀ ਵੱਡੀ ਕਮੀ ਸਥਾਪਤ ਬੈਂਚਮਾਰਕਾਂ ਦੇ ਟਾਕਰੇ ਇਨਾਂ ਦੀ ਕਾਰਗੁਜ਼ਾਰੀ ਲਈ ਨੁਕਸਾਨਦੇਹ ਹੋ ਸਕਦੀ ਸੀ।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ 'ਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਪੀ ਆਰ ਆਈਜ਼ ਅਤੇ ਯੂ ਐਲ ਬੀਜ਼' ਤੇ ਏ ਟੀ ਆਈ ਆਰ) ਨੇ ਪੀ ਆਰ ਆਈਜ਼ ਵਿੱਚ ਸਟਾਫ ਦੀ ਘਾਟ ਨੂੰ ਉਜਾਗਰ ਕੀਤਾ (ਪੈਰ੍ਹਾ 1.2.2)। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰ੍ਹਾ 1.2.2 'ਤੇ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਦਸੰਬਰ 2019) ਕਿ ਸਟਾਫ ਦੀ ਘਾਟ ਨੂੰ ਨਜਿੱਠਣ ਲਈ ਨਿਰੰਤਰ ਉਪਰਾਲੇ ਕੀਤੇ ਜਾਣ।

ਵਿਭਾਗ ਨੇ ਵੱਖ-ਵੱਖ ਕੇਡਰਾਂ/ਅਸਾਮੀਆਂ ਅਧੀਨ ਸਟਾਫ ਦੀ ਘਾਟ ਨੂੰ ਪੂਰਾ ਕਰਨ ਲਈ ਕੀਤੇ ਗਏ ਉਪਰਾਲੇ, ਜੇਕਰ ਕੋਈ ਹੋਣ, ਸਬੰਧੀ ਸੂਚਨਾ ਨਹੀਂ ਭੇਜੀ ਸੀ (ਅਗਸਤ 2021)।

### 1.2.3 ਕੰਮਾਂ ਦੀ ਸਪੁਰਦਗੀ

ਸੰਵਿਧਾਨ (73ਵੀਂ ਸੋਧ) ਐਕਟ, 1992 ਚਿਤਵਦਾ ਹੈ ਕਿ ਸੰਵਿਧਾਨ ਦੇ ਉਪਬੰਧਾਂ ਦੇ ਅਧੀਨ, ਕਿਸੇ ਰਾਜ ਦੀ ਵਿਧਾਨਪਾਲਿਕਾ ਕਾਨੂੰਨ ਰਾਹੀਂ ਪੰਚਾਇਤਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀ ਦੇ ਸਕਦੀ ਹੈ ਜੋ ਕਿ ਉਨ੍ਹਾਂ ਨੂੰ ਸਵੈ-ਸਰਕਾਰ ਦੀਆਂ ਸੰਸਥਾਵਾਂ ਵਾਂਗੂ ਕੰਮ ਕਰਨ ਦੇ ਸਮਰੱਥ ਬਣਾਉਣ ਲਈ ਜ਼ਰੂਰੀ ਹੋਵੇ, ਅਤੇ ਅਜਿਹੇ ਕਨੂੰਨ ਪੰਚਾਇਤਾਂ ਨੂੰ ਗਿਆਰਵੀਂ ਅਨੁਸੂਚੀ ਵਿੱਚ ਸ਼ਾਮਲ ਮਾਮਲਿਆਂ (29 ਵਿਸ਼ੇ) ਸਮੇਤ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਸਕੀਮਾਂ ਦੇ ਲਾਗੂ ਕਰਨ ਦੇ ਸਬੰਧ ਵਿੱਚ ਉਚਿਤ ਪੱਧਰ ਤੇ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦੇਣ ਦੀ ਵਿਵਸਥਾ ਕੀਤੀ

ਜਾ ਸਕਦੀ ਹੈ ਜੋ ਕਿ ਅਜਿਹੀਆਂ ਸ਼ਰਤਾਂ ਦੇ ਅਧੀਨ ਹੋਵੇਗਾ ਜੋ ਕਿ ਉਨ੍ਹਾਂ ਵਿੱਚ ਸਪਸ਼ਟ ਤੌਰ ਤੇ ਅੰਕਿਤ ਕੀਤੀਆਂ ਹੋਣਗੀਆਂ।

2014-15 ਅਤੇ 2015-16 ਦੇ ਸਾਲਾਂ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ 'ਤੇ ਸਲਾਨਾ ਤਕਨੀਕੀ ਅਤੇ ਨਿਰੀਖਣ ਰਿਪੋਰਟਾਂ (ਪੀ ਆਰ ਆਈਜ਼ ਅਤੇ ਯੂ ਐਲ ਬੀਜ਼ 'ਤੇ ਏ ਟੀ ਆਈ ਆਰ) (ਪੈਰ੍ਹਾ 1.2.3) ਵਿੱਚ ਪੀ ਆਰ ਆਈਜ਼ ਨੂੰ ਕੰਮਾਂ ਦੀ ਸਪੁਰਦਗੀ ਦੀ ਸਥਿਤੀ ਨੂੰ ਦਰਸਾਉਣ ਦਾ ਜ਼ਿਕਰ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਪੰਜਾਬ ਸਰਕਾਰ ਵਲੋਂ ਸਬੰਧਤ ਵਿਭਾਗਾਂ ਨੂੰ ਜਾਰੀ ਨਿਰਦੇਸ਼ਾਂ (ਅਪ੍ਰੈਲ ਅਤੇ ਅਕਤੂਬਰ 2018) ਦੇ ਬਾਅਦ ਵੀ ਸੌਂਪੇ ਜਾਣ ਵਾਲੇ 29 ਵਿਸ਼ਿਆਂ ਵਿਚੋਂ ਜੁਲਾਈ 2019 ਦੀ ਸਥਿਤੀ ਅਨੁਸਾਰ ਕੇਵਲ 13 ਵਿਸ਼ੇ[2] ਸੌਂਪੇ ਗਏ ਸਨ ਅਤੇ ਇਸ ਤਰ੍ਹਾਂ 16 ਵਿਸ਼ੇ[3] ਨਹੀਂ ਸੌਂਪੇ ਗਏ ਸਨ।

ਵਿਭਾਗ ਨੇ ਕਿਹਾ (ਜੁਲਾਈ 2019) ਡਾਇਰੈਕਟੋਰੇਟ ਦੇ ਦਫਤਰ ਅਤੇ ਵਿਸ਼ੇਸ਼ ਸਕੱਤਰ ਵੱਲੋਂ ਬਾਰ ਬਾਰ ਕੀਤੇ ਯਤਨਾਂ ਦੇ ਬਾਵਜੂਦ ਵੀ ਸਬੰਧਤ ਵਿਭਾਗਾਂ ਨੇ ਸਬੰਧਤ ਕਾਰਜ ਸੌਂਪਣ ਵਿੱਚ ਕੋਈ ਦਿਲਚਸਪੀ ਨਹੀਂ ਲਈ ਸੀ।

ਸਾਲ 2015-16 ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ 'ਤੇ ਏ ਟੀ ਆਈ ਆਰ ਦੇ ਪੈਰ੍ਹਾ 1.2.3 ਉੱਤੇ ਚਰਚਾ ਕਰਦਿਆਂ ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੇ ਸਿਫਾਰਸ਼ ਕੀਤੀ (ਦਸੰਬਰ 2019) ਕਿ ਪੀ ਆਰ ਆਈਜ਼ ਨੂੰ ਸਵੈ-ਸਰਕਾਰ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਉਨ੍ਹਾਂ ਨੂੰ ਫੰਡ, ਕਾਰਜ ਅਤੇ ਕਾਰਜਕਰਤਾ ਸੌਂਪੇ ਜਾਣ।

## 1.3 ਵਿੱਤੀ ਪ੍ਰਬੰਧਨ

### 1.3.1 ਪੰਚਾਇਤੀ ਰਾਜ ਸੰਸਥਾਵਾਂ ਨੂੰ ਫੰਡ ਦਾ ਵਹਾਅ

ਪੰਚਾਇਤੀ ਰਾਜ ਸੰਸਥਾਵਾਂ ਦੇ ਸ੍ਰੋਤ ਅਧਾਰ ਵਿੱਚ, ਰੱਖ ਰਖਾਵ/ਵਿਕਾਸ ਮੰਤਵਾਂ ਅਤੇ ਸਕੀਮਾਂ ਨੂੰ ਲਾਗੂ ਕਰਨ ਲਈ ਆਪਣੀਆਂ ਪ੍ਰਾਪਤੀਆਂ (ਆਪਣੇ ਕਰ, ਗੈਰ-ਕਰ ਆਦਿ), ਸਪੁਰਦਗੀਆਂ ਰਾਜ ਵਿੱਤ ਕਮਿਸ਼ਨ (ਐਸ ਐਫ ਸੀ) ਦੇ ਅਨੁਦਾਨ, ਕੇਂਦਰੀ ਵਿੱਤ ਕਮਿਸ਼ਨ (ਸੀ ਐਫ ਸੀ) ਦੇ ਅਨੁਦਾਨ, ਰਾਜ ਸਰਕਾਰ ਅਨੁਦਾਨ ਅਤੇ ਕੇਂਦਰੀ ਸਰਕਾਰ ਦੇ ਅਨੁਦਾਨ ਸ਼ਾਮਲ ਹਨ। ਕੇਂਦਰ ਅਤੇ ਰਾਜ ਦੇ ਅਨੁਦਾਨ ਪੰਚਾਇਤੀ ਰਾਜ ਸੰਸਥਾਵਾਂ ਵਲੋ ਕੇਂਦਰੀ ਅਤੇ ਰਾਜ ਪ੍ਰਯੋਜਿਤ ਸਕੀਮਾਂ ਦੀ ਪਾਲਣਾ

---

[2] (i) ਸਕੂਲ ਸਿੱਖਿਆ; (ii) ਪਸ਼ੂ ਪਾਲਣ; (iii) ਪੇਂਡੂ ਮਕਾਨ ਉਸਾਰੀ; (iv) ਪੀਣਯੋਗ ਜਲ; (v) ਲਾਇਬਰੇਰੀਆਂ; (vi) ਸਭਿਆਚਾਰਕ ਗਤੀਵਿਧੀਆਂ; (vii) ਮੰਡੀਆਂ ਅਤੇ ਮੇਲੇ; (viii) ਸਿਹਤ ਅਤੇ ਸਵੱਛਤਾ; (ix) ਪਰਿਵਾਰ ਭਲਾਈ; (x) ਮਹਿਲਾਵਾਂ ਅਤੇ ਬਾਲ ਵਿਕਾਸ; (xi) ਅਪਾਹਜਾਂ ਅਤੇ ਮੰਦਬੁਧੀਆਂ ਦੀ ਭਲਾਈ ਸਮੇਤ ਸਮਾਜ ਭਲਾਈ; (xii) ਕਮਜ਼ੋਰ ਵਰਗਾਂ ਵਿਸ਼ੇਸ ਤੌਰ ਤੇ ਐਸ ਸੀਜ਼ ਅਤੇ ਐਸ ਟੀਜ਼ ਦੀ ਭਲਾਈ; ਅਤੇ (xiii) ਸਮੁਦਾਇਕ ਸੰਪਤੀਆਂ ਦਾ ਰੱਖ ਰਖਾਅ।

[3] (i) ਖੇਤੀਬਾੜੀ ਵਾਧੇ ਸਮੇਤ, ਖੇਤੀਬਾੜੀ; (ii) ਭੂਮੀ ਸੁਧਾਰ, ਭੂਮੀ ਸੁਧਾਰਾਂ ਦਾ ਲਾਗੂ ਕਰਨ, ਭੂਮੀ ਚੱਕਬੰਦੀ ਅਤੇ ਭੂਮੀ ਸੰਭਾਲ; (iii) ਲਘੂ ਸਿੰਜਾਈ, ਜਲ ਪ੍ਰਬੰਧਨ ਅਤੇ ਵਾਟਰਸ਼ੈਡ ਵਿਕਾਸ; (iv) ਮੱਛੀ ਪਾਲਣ; (v) ਸਮਾਜਿਕ ਜੰਗਲਾਤ ਅਤੇ ਫਾਰਮ ਜੰਗਲਾਤ; (vi) ਲਘੂ ਜੰਗਲਾਤ ਉਤਪਾਦ; (vii) ਫੂਡ ਪ੍ਰੋਸੈਸਿੰਗ ਉਦਯੋਗ ਸਮੇਤ ਸਮਾਲ ਸਕੇਲ ਉਦਯੋਗ; (viii) ਖਾਦੀ, ਗ੍ਰਾਮੀਣ ਅਤੇ ਘਰੇਲੂ ਉਦਯੋਗ; (ix) ਬਾਲਣ ਅਤੇ ਚਾਰਾ; (x) ਸੜਕਾਂ, ਨਾਲੇ, ਪੁੱਲ, ਬੇੜੀਆ, ਜਲਮਾਰਗ ਅਤੇ ਸੰਚਾਰ ਦੇ ਹੋਰ ਸਾਧਨ; (xi) ਪੇਂਡੂ ਬਿਜਲੀਕਰਣ, ਬਿਜਲੀ ਦੀ ਵੰਡ ਸਮੇਤ; (xii) ਗੈਰ-ਰਿਵਾਇਤੀ ਐਨਰਜ਼ੀ ਸ੍ਰੋਤ; (xiii) ਗਰੀਬੀ ਹਟਾਓ ਪ੍ਰੋਗ੍ਰਾਮ; (xiv) ਤਕਨੀਕੀ ਸਿਖਲਾਈ ਅਤੇ ਕਿੱਤਾ ਮੁਖੀ ਸਿੱਖਿਆ; (xv) ਬਾਲਗ ਅਤੇ ਗੈਰ-ਰਸਮੀ ਸਿੱਖਿਆ; ਅਤੇ (xvi) ਜਨਤਕ ਵੰਡ ਪ੍ਰਣਾਲੀ।

ਵਾਸਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਇਸ ਸਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਰਤੇ ਜਾਂਦੇ ਹਨ।

ਮੁੱਖ ਕੇਂਦਰੀ ਪ੍ਰਯੋਜਿਤ ਸਕੀਮਾਂ (ਸੀ ਐਸ ਐਸ) ਅਤੇ ਰਾਜ ਪ੍ਰਯੋਜਿਤ ਸਕੀਮਾਂ (ਐਸ ਐਸ ਐਸ) ਅਧੀਨ ਫੰਡਾਂ ਦੇ ਫਲੋਅ ਦਾ ਪ੍ਰਬੰਧ; ਅਤੇ ਪ੍ਰਾਪਤੀਆਂ ਅਤੇ ਖਰਚੇ ਨੂੰ ਕ੍ਰਮਵਾਰ **ਸਾਰਣੀ** 1.3 ਅਤੇ **ਸਾਰਣੀ** 1.4 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.3: ਕੇਂਦਰੀ ਅਤੇ ਰਾਜ ਪ੍ਰਯੋਜਿਤ ਸਕੀਮਾਂ ਅਧੀਨ ਫੰਡ ਫਲੋਅ ਦਾ ਪ੍ਰਬੰਧ**

| ਲੜੀ ਨੰ. | ਸਕੀਮ ਦਾ ਨਾਂਅ | ਫੰਡ ਵਹਾਅ ਦਾ ਪ੍ਰਬੰਧ |
|---|---|---|
| ਕੇਂਦਰੀ ਪ੍ਰਯੋਜਿਤ ਸਕੀਮਾਂ | | |
| 1. | ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਸਕੀਮ (ਮਨਰੇਗਸ) | ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਅਪ੍ਰੈਲ 2008 ਤੋਂ ਇਸ ਸਕੀਮ ਨੂੰ ਲਾਗੂ ਕੀਤਾ ਜਾ ਰਿਹਾ ਹੈ। ਸਕੀਮ ਦਾ ਉਦੇਸ਼ ਹਰ ਉਸ ਪਰਿਵਾਰ ਨੂੰ ਜਿਸਦੇ ਬਾਲਗ ਮੈਂਬਰ ਹੱਥੀਂ ਗੈਰ-ਹੁਨਰਮੰਦ ਕੰਮ ਕਰਨ ਲਈ ਤਿਆਰ ਹੋਣ, ਇੱਕ ਵਿੱਤੀ ਸਾਲ ਦੌਰਾਨ ਘੱਟ ਤੋਂ ਘੱਟ 100 ਦਿਨਾਂ ਦਾ ਮਜ਼ਦੂਰੀ ਸਮੇਤ ਗਰੰਟੀਡ ਰੁਜ਼ਗਾਰ ਮੁਹੱਈਆ ਕਰਵਾ ਕੇ ਪੇਂਡੂ ਖੇਤਰਾਂ ਵਿੱਚ ਉਪਜੀਵਕਾ ਦੀ ਸੁਰੱਖਿਆ ਵਿੱਚ ਵਾਧਾ ਕਰਨਾ ਹੈ। ਪ੍ਰੋਗਰਾਮ ਦੀ 100 *ਪ੍ਰਤੀਸ਼ਤ* ਗੈਰ-ਹੁਨਰਮੰਦ ਮਜਦੂਰੀ ਲਾਗਤ ਜਮ੍ਹਾ ਮਟੀਰਿਅਲ ਲਾਗਤ ਦਾ 75 *ਪ੍ਰਤੀਸ਼ਤ* ਕੇਂਦਰ ਵੱਲੋਂ ਕੀਤਾ ਜਾਂਦਾ ਹੈ ਅਤੇ ਮਟੀਰਿਅਲ ਹਿੱਸੇ ਦਾ 25 *ਪ੍ਰਤੀਸ਼ਤ* ਰਾਜ ਵੱਲੋਂ ਸਹਿਣ ਕੀਤਾ ਜਾਂਦਾ ਹੈ। |
| 2. | ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ (ਪੀ ਐਮ ਏ ਵਾਈ-ਜੀ) ਜੋਕਿ ਪਹਿਲਾਂ ਇੰਦਰਾ ਅਵਾਸ ਯੋਜਨਾ (ਆਈ ਏ ਵਾਈ) ਸੀ | ਪੀ ਐਮ ਏ ਵਾਈ-ਜੀ 2022 ਤੱਕ "ਸਭ ਨੂੰ ਮਕਾਨ" ਮੁਹੱਈਆ ਕਰਾਉਣ ਦੇ ਸਰਕਾਰ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਵਿਚਾਰ ਨਾਲ 01 ਅਪ੍ਰੈਲ 2016 ਨੂੰ ਹੋਂਦ ਵਿੱਚ ਲਿਆਂਦੀ ਗਈ। ਫੰਡ ਫਲੋਅ ਦਾ ਪ੍ਰਬੰਧ 60:40 ਹੈ। |
| 3. | ਰਾਸ਼ਟਰੀ ਦਿਹਾਤੀ ਉਪਜੀਵਕਾ ਮਿਸ਼ਨ (ਐਨ ਆਰ ਐਲ ਐਮ) | ਐਨ ਆਰ ਐਲ ਐਮ ਦਾ ਮਿਸ਼ਨ ਗਰੀਬ ਪਰਿਵਾਰਾਂ ਨੂੰ ਲਾਹੇਵੰਦ ਸਵੈ-ਰੁਜ਼ਗਾਰ, ਹੁਨਰਮੰਦ ਵੇਜ ਰੁਜ਼ਗਾਰ ਦੇ ਮੌਕਿਆਂ ਤੱਕ ਪਹੁੰਚ ਦੇ ਕਾਬਲ ਬਣਾ ਕੇ ਅਤੇ ਇਸ ਦੇ ਨਤੀਜੇ ਵਜੋਂ ਗਰੀਬਾਂ ਲਈ ਮਜ਼ਬੂਤ ਸੰਸਥਾਵਾਂ ਦੀ ਉਸਾਰੀ ਰਾਹੀਂ ਉਨ੍ਹਾਂ ਦੀ ਉਪਜੀਵਕਾ ਵਿੱਚ ਸਥਾਈ ਤੌਰ ਤੇ ਚੋਖਾ ਸੁਧਾਰ ਕਰਕੇ ਗਰੀਬੀ ਘੱਟ ਕਰਨਾ ਹੈ। ਰਾਜ ਸਰਕਾਰ ਵੱਲੋਂ ਗਠਿਤ ਰਾਜ ਦਿਹਾਤੀ ਉਪਜੀਵਕਾ ਮਿਸ਼ਨ (ਐਸ ਆਰ ਐਲ ਐਮ) ਰਾਜ ਵਿੱਚ ਐਨ ਆਰ ਐਲ ਐਮ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਨੂੰ ਲਾਗੂਕਰਨ ਦੀ ਨਿਗਰਾਨੀ ਕਰੇਗਾ। ਫੰਡ ਫਲੋਅ ਦਾ ਪ੍ਰਬੰਧ 60:40 ਹੈ। |
| 4. | ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐਮ ਕੇ ਐਸ ਵਾਈ) ਜੋਕਿ ਪਹਿਲਾਂ ਇੰਟੀਗਰੇਟਿਡ ਵਾਟਰ ਸ਼ੈੱਡ ਪ੍ਰਬੰਧਨ ਪ੍ਰੋਗਰਾਮ (ਆਈ ਡਬਲਿਊ ਐਮ ਪੀ) ਸੀ। | ਸਕੀਮ ਦਾ ਮੁੱਖ ਉਦੇਸ਼ ਕੁਦਰਤੀ ਸਾਧਨਾਂ ਜਿਵੇਂ ਕਿ ਭੂਮੀ, ਬਨਸਪਤੀ ਪਰਤ, ਭੂਮੀਗਤ ਜਲ ਪੱਧਰ ਨੂੰ ਬਚਾਉਣਾ, ਸੰਭਾਲਣਾ ਤੇ ਵਿਕਾਸ ਕਰਨਾ; ਮਿੱਟੀ ਦੇ ਖੁਰਨ ਤੋਂ ਰੋਕਥਾਮ; ਰੇਨ ਵਾਟਰ ਹਾਰਵੈਸਟਿੰਗ ਅਤੇ ਭੂਮੀਗਤ ਜਲ ਨੂੰ ਰੀਚਾਰਜ਼ ਕਰਨਾ ਹੈ। ਫੰਡ ਫਲੋਅ ਦਾ ਪ੍ਰਬੰਧ 60:40 ਹੈ। |
| 5 | ਰਾਸ਼ਟਰੀ ਆਰ ਯੂ ਆਰ ਬੀ ਏ ਐਨ ਮਿਸ਼ਨ (ਐਨ ਆਰ ਯੂ ਐਮ) ਅਧੀਨ ਸ਼ਿਆਮਾ ਪ੍ਰਸਾਦ ਮੁਖਰਜ਼ੀ ਆਰ ਯੂ ਆਰ ਬੀ ਏ ਐਨ ਮਿਸ਼ਨ (ਐਸ ਪੀ ਐਮ ਆਰ ਐਮ) | ਐਨ ਆਰ ਯੂ ਐਮ ਪਿੰਡਾਂ ਦੇ ਸਮੂਹ ਦੇ ਵਿਕਾਸ ਦੇ ਸੁਪਨੇ ਦੇ ਰਾਹ ਤੇ ਚਲਦਾ ਹੈ ਜੋ ਕਿ ਸ਼ਹਿਰੀ ਕਿਸਮ ਦੀਆਂ ਸਮਝੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਕੋਈ ਸਮਝੌਤਾ ਕੀਤੇ ਬਗੈਰ, ਨਿਆਂ ਅਤੇ ਸੰਮਿਲਤਤਾ ਤੇ ਕੇਂਦਰਿਤ ਹੁੰਦਿਆਂ, ਪੇਂਡੂ ਭਾਈਚਾਰਕ ਜਿੰਦਗੀ ਦੇ ਤੱਤ ਨੂੰ ਸੰਭਾਲਦਾ ਅਤੇ ਉਤਸ਼ਾਹਿਤ ਕਰਦਾ ਹੈ, ਅਤੇ ਇਸ ਤਰ੍ਹਾਂ |

| ਲੜੀ ਨੰ. | ਸਕੀਮ ਦਾ ਨਾਂਅ | ਫੰਡ ਵਹਾਅ ਦਾ ਪ੍ਰਬੰਧ |
|---|---|---|
| **ਕੇਂਦਰੀ ਪ੍ਰਯੋਜਿਤ ਸਕੀਮਾਂ** | | |
| | | ਆਰ ਯੂ ਆਰ ਬੀ ਏ ਐਨ ਪਿੰਡਾਂ ਦੇ ਸਮੂਹ ਦੀ ਸਿਰਜਣਾ ਕਰਦਾ ਹੈ। ਇਸ ਦਾ ਮੁੱਖ ਉਦੇਸ਼ ਸਥਾਨਕ ਆਰਥਿਕ ਵਿਕਾਸ ਨੂੰ ਉਤਸ਼ਾਹ ਦੇਣਾ ਮੁਢਲੀਆਂ ਸੇਵਾਵਾਂ ਵਿੱਚ ਵਾਧਾ ਕਰਨਾ ਅਤੇ ਵਧੀਆ ਯੋਜਨਾਬੱਧ ਆਰ ਯੂ ਆਰ ਬੀ ਏ ਐਨ ਸਮੂਹਾਂ ਦੀ ਸਿਰਜਣਾ ਕਰਨਾ ਹੈ। ਇਹ ਸਕੀਮ 21-02-2016 ਨੂੰ ਹੋਂਦ ਵਿੱਚ ਆਈ। ਫੰਡ ਫਲੋਅ ਦਾ ਪ੍ਰਬੰਧ 60:40 ਦਾ ਹੈ। |
| **ਰਾਜ ਪ੍ਰਯੋਜਿਤ ਸਕੀਮ** | | |
| 1. | ਮਹਾਤਮਾ ਗਾਂਧੀ ਸਰਬਤ ਵਿਕਾਸ ਯੋਜਨਾ (ਐਮ ਜੀ ਐਸ ਵੀ ਵਾਈ) | ਲੋੜਵੰਦ ਲੋਕਾਂ ਦੀ ਪਛਾਣ ਕਰਨ ਲਈ ਅਤੇ ਉਨ੍ਹਾਂ ਦੀ ਯੋਗਤਾ ਦੇ ਅਧਾਰ ਤੇ ਵੱਖ-ਵੱਖ ਸਕੀਮਾਂ ਅਧੀਨ ਲਾਭ ਦੇਣ ਲਈ ਪੇਂਡੂ ਖੇਤਰਾਂ ਵਿੱਚ ਕੈਂਪਾਂ ਦਾ ਆਯੋਜਨ ਕਰਨਾ। ਇਹ 100 *ਪ੍ਰਤੀਸ਼ਤ* ਰਾਜ ਪ੍ਰਯੋਜਿਤ ਸਕੀਮ ਹੈ, ਜਿਹੜੀ ਕਿ ਜਨਵਰੀ 2018 ਵਿੱਚ ਹੋਂਦ ਵਿੱਚ ਆਈ ਸੀ। |

*ਸ੍ਰੋਤ: ਵਿਭਾਗੀ ਸੂਚਨਾ*

**ਸਾਰਣੀ 1.4: ਮੁੱਖ ਕੇਂਦਰੀ/ਰਾਜ ਪ੍ਰਯੋਜਿਤ ਸਕੀਮਾਂ ਅਧੀਨ ਪ੍ਰਾਪਤੀਆਂ ਅਤੇ ਕੀਤਾ ਗਿਆ ਖਰਚਾ**

*(₹ ਕਰੋੜ ਵਿੱਚ)*

| ਸਾਲ | ਵੇਰਵੇ | ਮਗਨਰੇਗਸ (ਸੀ ਐਸ ਐਸ) | ਪੀ ਐਮ ਏ ਵਾਈ - ਜੀ (ਸੀ ਐਸ ਐਸ) | ਐਨ ਆਰ ਐਲ ਐਮ (ਸੀ ਐਸ ਐਸ) | ਪੀ ਐਮ ਕੇ ਐਸ ਵਾਈ (ਸੀ ਐਸ ਐਸ) | ਐਸ ਪੀ ਐਮ ਆਰ ਐਮ (ਸੀ ਐਸ ਐਸ) | ਐਮ ਜੀ ਐਸ ਵੀ ਵਾਈ (ਐਸ ਐਸ ਐਸ) |
|---|---|---|---|---|---|---|---|
| 2014-15 | ਪ੍ਰਾਪਤੀਆਂ | 230.97 | 42.79 | 19.80 | 25.93 | - | - |
| | ਖਰਚਾ | 210.48 | 32.53 | 11.88 | 18.51 | - | - |
| | **ਘੱਟ ਵਰਤੋਂ ਦੀ ਪ੍ਰਤੀਸ਼ਤਤਾ** | **8.87** | **23.98** | **40.00** | **28.62** | **-** | **-** |
| 2015-16 | ਪ੍ਰਾਪਤੀਆਂ | 322.73 | 24.52 | 16.81 | 38.01 | 0.70 | - |
| | ਖਰਚਾ | 307.24 | 16.47 | 12.04 | 5.22 | 0.00 | - |
| | **ਘੱਟ ਵਰਤੋਂ ਦੀ ਪ੍ਰਤੀਸ਼ਤਤਾ** | **4.80** | **32.83** | **28.38** | **86.27** | **100.00** | **-** |
| 2016-17 | ਪ੍ਰਾਪਤੀਆਂ | 517.61 | 40.45 | 9.44 | 32.79 | 0.72 | - |
| | ਖਰਚਾ | 501.27 | 4.04 | 8.16 | 17.90 | 0.26 | - |
| | **ਘੱਟ ਵਰਤੋਂ ਦੀ ਪ੍ਰਤੀਸ਼ਤਤਾ** | **3.16** | **90.01** | **13.56** | **45.41** | **63.89** | **-** |
| 2017-18 | ਪ੍ਰਾਪਤੀਆਂ | 636.92 | 62.22 | 15.65 | 28.58 | 20.28 | - |
| | ਖਰਚਾ | 606.94 | 36.18 | 7.64 | 13.74 | 0.27 | - |
| | **ਘੱਟ ਵਰਤੋਂ ਦੀ ਪ੍ਰਤੀਸ਼ਤਤਾ** | **4.71** | **41.85** | **51.18** | **51.92** | **98.67** | **-** |
| 2018-19 | ਪ੍ਰਾਪਤੀਆਂ | 725.74 | 139.65 | 25.96 | 50.73 | 52.77 | 0.57 |
| | ਖਰਚਾ | 633.38 | 129.84 | 13.74 | 3.32 | 35.31 | 0.54 |
| | **ਘੱਟ ਵਰਤੋਂ ਦੀ ਪ੍ਰਤੀਸ਼ਤਤਾ** | **12.73** | **7.02** | **47.07** | **93.46** | **33.09** | **5.26** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ** 1.4 ਦਰਸਾਉਂਦੀ ਹੈ ਕਿ ਵੱਖ-ਵੱਖ ਕੇਂਦਰੀ/ਰਾਜ ਪ੍ਰਯੋਜਿਤ ਸਕੀਮਾਂ ਅਧੀਨ ਕੁੱਲ ਮਿਲਾ ਕੇ ਘੱਟ ਵਰਤੋਂ ਦੀ ਪ੍ਰਤੀਸ਼ਤਤਾ 03 ਤੋਂ 100 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ।

ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਨੇ ਵੱਖ-ਵੱਖ ਸਕੀਮਾਂ ਅਧੀਨ ਘੱਟ ਵਰਤੋਂ ਹੇਠ ਲਿਖੇ ਕਾਰਣਾਂ ਕਰਕੇ ਦੱਸੀ (ਜੁਲਾਈ 2020):

**ਮਗਨਰੇਗਸ** (03 **ਅਤੇ** 13 ***ਪ੍ਰਤੀਸ਼ਤ*** **ਵਿਚਕਾਰ**): ਸਕੀਮ ਬਾਰੇ ਜਾਣਕਾਰੀ ਦਾ ਘੱਟ ਹੋਣਾ ਮੁੱਖ ਕਾਰਣ ਸੀ ਕਿਉਂਜੋ ਇਹ ਸਕੀਮਾਂ ਮੰਗ ਅਧਾਰਤ ਸੀ ਜਿਸ ਅਧੀਨ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਮੰਗ ਕਰਨ ਤੇ ਰੁਜ਼ਗਾਰ ਦਿੱਤਾ ਜਾਣਾ ਸੀ।

**ਪੀ ਐਮ ਏ ਵਾਈ** (**ਜੀ**) 07 ***ਪ੍ਰਤੀਸ਼ਤ*** **ਅਤੇ** 90 ***ਪ੍ਰਤੀਸ਼ਤ*** **ਵਿਚਕਾਰ**): ਅਦਾਇਗੀ ਦੀ ਮੈਨੂਅਲ ਪ੍ਰਣਾਲੀ ਤੋਂ ਆਨਲਾਈਨ ਪ੍ਰਣਾਲੀ ਭਾਵ ਵਿੱਤੀ ਪ੍ਰਬੰਧਨ ਪ੍ਰਣਾਲੀ (ਪੀ ਐਫ ਐਮ ਐਸ) ਵੱਲ ਬਦਲਾਅ ਅਤੇ ਫੰਡਾਂ ਦਾ ਸਾਲ ਦੇ ਬਿਲਕੁਲ ਅੰਤ ਵਿੱਚ ਪ੍ਰਾਪਤ ਹੋਣਾ।

**ਐਨ ਆਰ ਐਲ ਐਮ** (14 ***ਪ੍ਰਤੀਸ਼ਤ*** **ਤੋਂ** 51 ***ਪ੍ਰਤੀਸ਼ਤ*** **ਵਿਚਕਾਰ**): ਫੰਡਾਂ ਦੇ ਵਿੱਤੀ ਸਾਲ ਦੇ ਆਖਰੀ ਦੋ ਤਿਮਾਹੀਆਂ ਵਿੱਚ ਪ੍ਰਾਪਤ ਹੋਣ ਤੋਂ ਇਲਾਵਾ ਸਟਾਫ ਦੀ ਕਮੀ ਨੂੰ ਮੁੱਖ ਕਾਰਣ ਮੰਨਿਆ ਗਿਆ ਸੀ।

**ਪੀ ਐਮ ਕੇ ਐਸ ਵਾਈ** (29 ***ਪ੍ਰਤੀਸ਼ਤ*** **ਅਤੇ** 93 ***ਪ੍ਰਤੀਸ਼ਤ*** **ਵਿਚਕਾਰ**): ਵਿੱਤੀ ਸਾਲ ਦੇ ਬਿਲਕੁਲ ਅਖੀਰ ਵਿੱਚ ਫੰਡਾਂ ਦੀ ਪ੍ਰਾਪਤੀ ਹੋਣਾ।

**ਐਸ ਪੀ ਐਮ ਆਰ ਐਮ** (33 ***ਪ੍ਰਤੀਸ਼ਤ*** **ਅਤੇ** 100 ***ਪ੍ਰਤੀਸ਼ਤ*** **ਵਿਚਕਾਰ**): ਵਿੱਤੀ ਸਾਲ ਦੇ ਬਿਲਕੁੱਲ ਅੰਤ ਵਿੱਚ ਫੰਡਾਂ ਦਾ ਪ੍ਰਾਪਤ ਹੋਣਾ, ਇੰਟੀਗ੍ਰੇਟਿਡ ਕਲਸਟਰ ਐਕਸ਼ਨ ਪਲਾਨ ਦੇ ਕਲਸਟਰਾਂ ਦੀ ਦੇਰੀ ਨਾਲ ਮਨਜ਼ੂਰੀ ਹੋਣਾ ਅਤੇ ਵਿਸਥਾਰਤ ਪ੍ਰੋਜੈਕਟ ਰਿਪੋਰਟ ਅਤੇ ਅਦਾਇਗੀ ਦੀ ਮੈਨੂਅਲ ਪ੍ਰਣਾਲੀ ਤੋਂ ਕੇਂਦਰੀਕਰਣ ਫੰਡ ਪ੍ਰਬੰਧਨ ਪ੍ਰਣਾਲੀ ਵੱਲ ਬਦਲਾਅ ਹੋਣਾ।

### 1.3.2 ਸਾਧਨਾਂ ਦੀ ਵਰਤੋਂ : ਰੁਝਾਨ ਅਤੇ ਰਚਨਾ

ਪੰਜਾਬ ਪੰਚਾਇਤੀ ਰਾਜ ਐਕਟ, 1994 ਦੇ ਸੈਕਸ਼ਨ 88, 149 ਅਤੇ 189 ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੁਆਰਾ ਉਕਤ ਐਕਟ ਦੇ ਸੈਕਸ਼ਨ 86, 138 ਅਤੇ 188 ਅਧੀਨ ਕਰ ਲਾਉਣ ਅਤੇ ਇਨ੍ਹਾਂ ਨੂੰ ਇਨ੍ਹਾਂ ਦੇ ਸਬੰਧਤ ਫੰਡਾਂ ਵਿੱਚ ਜਮ੍ਹਾਂ ਕਰਵਾਉਣ ਦੇ ਲਏ ਜਾਣ ਵਾਲੇ ਕਰ ਉਪਾਵਾਂ ਦੀ ਵਿਵਸਥਾ ਕਰਦਾ ਹੈ। ਇਨ੍ਹਾਂ ਅਧੀਨ, ਕੋਈ ਜੀ ਪੀ ਕਿਸੇ ਮਤੇ ਰਾਹੀ ਫੈਸਲਾ ਕਰਕੇ ਕਰ, ਡਿਊਟੀਆਂ, ਫੀਸਾਂ ਅਤੇ ਦਰਾਂ ਲਾਵੇਗਾ/ਲਾ ਸਕੇਗਾ (ਪੀ ਪੀ ਆਰ ਨਿਯਮਾਵਲੀ 2012 ਦਾ ਨਿਯਮ 30) ਜੋ ਕਿ ਇਸ ਐਕਟ ਅਧੀਨ ਬਣਾਏ ਕੋਈ ਨਿਯਮਾਂ ਜਾਂ ਰਾਜ ਸਰਕਾਰ ਦੁਆਰਾ ਕੀਤੇ ਕਿਸੇ ਹੋਰ ਆਦੇਸ਼ਾਂ ਦੇ ਅਧੀਨ ਹੋਵੇਗਾ। ਪੰਚਾਇਤੀ ਸੰਮਤੀ ਆਮ ਨਿਰਦੇਸ਼ਾਂ ਅਤੇ ਰਾਜ ਸਰਕਾਰ ਦੇ ਕੰਟਰੋਲ ਅਧੀਨ, ਜ਼ਿਲ੍ਹਾ ਪ੍ਰੀਸ਼ਦ ਦੀ ਅਗਾਊਂ ਮਨਜ਼ੂਰੀ ਨਾਲ ਕਰ, ਟੋਲਜ਼, ਡਿਊਟੀਆਂ, ਸੈੱਸ, ਫੀਸਾਂ ਅਤੇ ਦਰਾਂ ਲਗਾ ਸਕਦੀ ਹੈ। ਇਸੇ ਤਰ੍ਹਾਂ ਜ਼ਿਲ੍ਹਾ ਪ੍ਰੀਸ਼ਦ ਨੂੰ ਰਾਜ ਵਿੱਤ ਕਮਿਸ਼ਨ ਦੀ ਸਿਫਾਰਸ਼ ਨਾਲ ਰਾਜ ਸਰਕਾਰ ਦੁਆਰਾ ਕੋਈ ਕਰ, ਡਿਊਟੀ, ਫੀਸ, ਟੋਲ ਅਤੇ ਸੈੱਸ, ਜੋਕਿ ਕਿਸੇ ਵੀ ਜੀ ਪੀ ਜਾਂ ਪੀ ਐਸ ਦੁਆਰਾ ਨਹੀਂ ਲਾਈ ਗਈ, ਲਾਉਣ ਦੀ ਆਗਿਆ ਦਿੱਤੀ ਜਾ ਸਕਦੀ ਹੈ।

ਵੱਖ ਵੱਖ ਮੱਦਾਂ ਅਧੀਨ 2014-19 ਦੌਰਾਨ ਪੀ ਆਰ ਆਈਜ਼ ਦੀਆਂ ਪ੍ਰਾਪਤੀਆਂ ਅਤੇ ਖਰਚੇ ਦਾ ਵੇਰਵਾ **ਸਾਰਣੀ** 1.5 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.5:** 2014-19 ਦੌਰਾਨ ਪੀ ਆਰ ਆਈਜ਼ ਦੀਆਂ ਪ੍ਰਾਪਤੀਆਂ ਅਤੇ ਖਰਚੇ ਦੇ ਵੇਰਵੇ

*(₹ ਕਰੋੜ ਵਿੱਚ)*

| ਸਾਲ | 2014-15 | | 2015-16 | | 2016-17 | | 2017-18 | | 2018-19 | |
|---|---|---|---|---|---|---|---|---|---|---|
| | ਪ੍ਰਾਪਤੀ | ਖਰਚਾ | ਪ੍ਰਾਪਤੀ | ਖਰਚਾ | ਪ੍ਰਾਪਤੀ | ਖਰਚਾ | ਪ੍ਰਾਪਤੀ | ਖਰਚਾ | ਪ੍ਰਾਪਤੀ | ਖਰਚਾ |
| ਆਪਣਾ ਰੈਵੀਨਿਊ | 272.90 | 272.90 | 346.89 | 346.89 | 505.37 | 499.90 | 325.00 | 307.00 | 366.77 | 348.00 |
| ਰਾਜ ਤੋਂ ਗ੍ਰਾਂਟਾਂ | 9.10 | 9.10 | 10.00 | 9.74 | 65.04 | 50.09 | 0.00 | 0.00 | 0.00 | 0.00 |
| ਵਿੱਤ ਕਮਿਸ਼ਨ ਤੋਂ ਗ੍ਰਾਂਟਾਂ | | | | | | | | | | |
| i) ਬੇਸਿਕ ਗ੍ਰਾਂਟ | 272.90 | 272.90 | 220.85 | 220.85 | 526.66# | 220.85 | 0.00 | 0.00 | 305.80$ | 308.80 |
| ii) ਕਾਰਗੁਜ਼ਾਰੀ ਗ੍ਰਾਂਟ* | -- | -- | -- | -- | 80.23 | 0.00 | 0.00 | 0.00 | 0.00 | 0.00 |
| ਹੋਰ ਪ੍ਰਾਪਤੀਆਂ (ਬੈਂਕ ਵਿਆਜ, ਆਦਿ) | 5.33 | 0.87 | 0.00 | 0.00 | 0.00 | 0.00 | 0.00 | 0.00 | 93.18 | 93.18 |
| **ਜੋੜ** | **560.23** | **555.77** | **577.74** | **577.48** | **1,177.30** | **770.84** | **325** | **307** | **765.75** | **749.98** |

*ਸ੍ਰੋਤ: ਵਿਭਾਗੀ ਡਾਟਾ*

* *ਕਾਰਗੁਜ਼ਾਰੀ ਗ੍ਰਾਂਟ ਐਫ ਐਫ ਸੀ ਵਿੱਚ ਨਿਰਧਾਰਤ ਸ਼ਰਤਾਂ ਦੇ ਅਧਾਰ ਤੇ 2016-17 ਵਿੱਚ ਲਾਗੂ ਕੀਤੀ ਗਈ ਸੀ।*

# *2015-16 ਦੇ ₹ 220.85 ਕਰੋੜ ਦੀ ਦੂਜੀ ਕਿਸ਼ਤ ਸ਼ਾਮਲ ਸੀ।*

$ *ਸਾਲ 2016-17 ਨਾਲ ਸਬੰਧਤ ਦੂਜੀ ਕਿਸ਼ਤ।*

**ਸਾਰਣੀ** 1.5 ਦਰਸਾਉਂਦੀ ਹੈ ਕਿ 2017-19 ਦੌਰਾਨ ਰਾਜ ਸਰਕਾਰ ਤੋਂ ਕੋਈ ਵੀ ਗ੍ਰਾਂਟ ਪ੍ਰਾਪਤ ਨਹੀਂ ਕੀਤੀ ਗਈ ਸੀ। 2017-18 ਅਤੇ 2018-19 ਦੇ ਸਾਲਾਂ ਲਈ ਬੇਸਿਕ ਗ੍ਰਾਂਟ ਭਾਰਤ ਸਰਕਾਰ ਤੋਂ ਕ੍ਰਮਵਾਰ ਮਾਰਚ 2020 ਅਤੇ ਸਤੰਬਰ 2020 ਵਿੱਚ ਪ੍ਰਾਪਤੀ ਕੀਤੀ ਗਈ ਸੀ। ਜਦੋਂਕਿ ਭਾਰਤ ਸਰਕਾਰ ਤੋਂ 2016-17 ਤੋਂ ਬਾਅਦ ਕਾਰਗੁਜ਼ਾਰੀ ਗ੍ਰਾਂਟ ਪ੍ਰਾਪਤ ਨਹੀਂ ਹੋਈ ਸੀ। ਇਸ ਦੇ ਕਾਰਨਾ ਦੀ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ। ਪੰਦਰਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਵੇਖਿਆ ਕਿ ਪੰਚਾਇਤਾਂ ਦੀ ਆਪਣੇ ਸਾਧਨਾਂ ਤੋਂ ਰੈਵੀਨਿਊ ਜਿਹੜੀ ਕਿ 2011-12 ਵਿੱਚ ਇਸ ਦੀਆਂ ਕੁੱਲ ਪ੍ਰਾਪਤੀਆਂ ਦਾ ਕੇਵਲ 0.11 *ਪ੍ਰਤੀਸ਼ਤ* ਸੀ ਜੋ 2015-16 ਤੋਂ ਬਾਅਦ ਘੱਟ ਕੇ ਨਿੱਲ ਹੋ ਗਿਆ। ਇੰਜ, ਪੀ ਆਰ ਆਈਜ਼ ਦੀ ਸਥਾਨਕ ਸਰਕਾਰ ਮੁੱਖ ਤੌਰ ਤੇ ਆਪਣੇ ਰੈਵੀਨਿਊ (ਗੈਰ-ਕਰ ਰੈਵੀਨਿਊ) ਅਤੇ ਵਿੱਤ ਕਮਿਸ਼ਨ ਤੋਂ ਗ੍ਰਾਂਟਾਂ ਤੇ ਨਿਰਭਰ ਸੀ। ਗ੍ਰਾਂਟਾਂ ਪ੍ਰਾਪਤ ਨਾ ਹੋਣ ਦੇ ਕਾਰਣਾਂ ਬਾਰੇ ਪੁੱਛ-ਗਿਛ ਕਰਨ ਤੇ (ਅਕਤੂਬਰ 2019) ਵਿਭਾਗ ਵਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ ਸੀ।

### 1.3.3 ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ

ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ, ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਦੋ ਹਿੱਸਿਆ ਭਾਵ ਕਿ (i) ਮੁੱਢਲੀ ਗ੍ਰਾਂਟ (ਬੀ ਜੀ) ਅਤੇ (ii) ਕਾਰਗੁਜ਼ਾਰੀ ਗ੍ਰਾਂਟ (ਪੀ ਜੀ) ਵਿੱਚ 90:10 ਦੀ ਰੇਸ਼ੋ ਵਿੱਚ ਦਿੱਤੀ ਜਾਵੇਗੀ।

ਬੀ ਜੀ ਦਾ ਮੰਤਵ ਗ੍ਰਾਮ ਪੰਚਾਇਤ ਨੂੰ ਇਨ੍ਹਾਂ ਦੇ ਸਬੰਧਤ ਕਨੂੰਨਾਂ ਅਧੀਨ ਸੌਂਪੇ ਗਏ ਮੁਢਲੇ ਕਾਰਜ ਕਰਨ ਵਾਸਤੇ ਬਗੈਰ ਕਿਸੇ ਸ਼ਰਤ ਦੇ ਸਹਾਇਤਾ ਪ੍ਰਦਾਨ ਕਰਨਾ ਸੀ। ਇਹ ਗ੍ਰਾਂਟ ਗ੍ਰਾਮ ਪੰਚਾਇਤਾਂ, ਜੋ ਕਿ ਮੁਢਲੀਆਂ ਸੇਵਾਵਾਂ ਦੇਣ ਲਈ ਜ਼ਿੰਮੇਵਾਰ ਹਨ, ਨੂੰ ਬਗੈਰ ਕਿਸੇ ਹੋਰ ਪੱਧਰ ਦੇ ਹਿੱਸੇ ਦੇ ਸਿੱਧਿਆਂ ਹੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਪੀ ਜੀ ਦਾ ਮੰਤਵ ਲੇਖਾ ਪ੍ਰੀਖਿਆ ਕੀਤੇ ਭਰੋਸੇਯੋਗ ਲੇਖੇ, ਪ੍ਰਾਪਤੀਆਂ ਅਤੇ ਖਰਚੇ ਦੇ ਡਾਟੇ ਨੂੰ ਅਤੇ ਆਪਣੇ ਰੈਵੀਨਿਊ ਵਿੱਚ ਸੁਧਾਰ ਕਰਨ ਨੂੰ ਯਕੀਨੀ ਬਣਾਉਣ ਲਈ ਸੀ ਕਿਉਂਜੋ ਇਹ ਹੇਠਲੇ ਪੱਧਰ ਤੇ ਕਾਰਵਾਈ ਸ਼ੁਰੂ ਕਰਨ ਦੀ ਸਮਰੱਥਾ

ਬਣਾਵੇਗਾ ਤਾਂ ਜੋ ਸਾਰੇ ਸਟੇਕਹੋਲਡਰਾਂ ਦੀ ਫੈਸਲੇ ਲੈਣ ਲਈ ਭਰੋਸੇਯੋਗ ਜਾਣਕਾਰੀ ਤੱਕ ਪਹੁੰਚ ਹੋਵੇ ਅਤੇ ਸਵੈ-ਸਰਕਾਰ ਸੰਸਥਾਵਾਂ ਦੀ ਲੋਕਾਂ ਨੂੰ ਜਵਾਬਦੇਹੀ ਵਿੱਚ ਵੀ ਵਾਧਾ ਹੋਵੇ।

### *1.3.3.1 ਗ੍ਰਾਂਟਾਂ ਦਾ ਨਾ/ਘੱਟ/ ਦੇਰੀ ਨਾਲ ਜਾਰੀ ਹੋਣਾ*

### *(i) ਮੁੱਢਲੀ ਗ੍ਰਾਂਟ*

ਐਫ ਐਫ ਸੀ ਦੀ ਰਿਪੋਰਟ ਦੇ ਪੈਰ੍ਹਾ 9.81 ਅਨੁਸਾਰ ਆਮ ਮੁਢਲੀ ਗ੍ਰਾਂਟ ਦਾ ਹਿੱਸਾ ਹਰ ਸਾਲ ਜੂਨ ਅਤੇ ਅਕਤੂਬਰ ਵਿੱਚ ਦੋ ਬਰਾਬਰ ਕਿਸ਼ਤਾਂ ਵਿੱਚ ਡਰਾਅ ਕੀਤਾ ਜਾਣਾ ਸੀ ਜੋ ਕਿ ਪਹਿਲੀ ਡਰਾਅ ਕੀਤੀ ਕਿਸ਼ਤ ਦੇ ਵਰਤੋਂ ਸਰਟੀਫਿਕੇਟ (ਯੂ ਸੀ) ਦੇ ਪੇਸ਼ ਕਰਨ ਦੀ ਸ਼ਰਤ ਤੇ ਸੀ। ਯੂ ਸੀ ਵਿੱਚ ਪੇਂਡੂ ਸਥਾਨਕ ਸੰਸਥਾਵਾਂ ਨੂੰ ਸਬੰਧਤ ਕਿਸ਼ਤ ਦੀ ਵੰਡ ਦੇ ਵੇਰਵੇ ਦਿੱਤੇ ਹੋਣੇ ਚਾਹੀਦੇ ਸਨ। ਰਾਜ ਸਰਕਾਰ ਲਈ ਲੋੜੀਂਦਾ ਸੀ ਕਿ ਉਹ ਸੰਘ ਸਰਕਾਰ ਦੁਆਰਾ ਉਨਾਂ ਦੇ ਖਾਤੇ ਵਿੱਚ ਰਾਸ਼ੀ ਜਮ੍ਹਾਂ ਕਰਵਾਏ ਜਾਣ ਦੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਗ੍ਰਾਂਟ ਜਾਰੀ ਕਰੇ। ਦੇਰੀ ਦੀ ਸਥਿਤੀ ਵਿੱਚ ਰਾਜ ਸਰਕਾਰ ਲਈ ਬਣਦਾ ਸੀ ਕਿ ਉਹ ਦੇਰੀ ਦੇ ਦਿਨਾਂ ਦੀ ਸੰਖਿਆ ਲਈ ਭਾਰਤੀ ਰਿਜ਼ਰਵ ਬੈਂਕ ਦੀ ਬੈਂਕ ਦਰ ਨਾਲ ਵਿਆਜ ਸਮੇਤ ਕਿਸ਼ਤ ਜਾਰੀ ਕਰੇ।

2015-16 ਤੋਂ 2018-19 ਦੇ ਸਮੇਂ ਲਈ ਵੰਡ ਪ੍ਰਾਪਤੀ ਅਤੇ ਬੀ ਜੀ ਦੇ ਜਾਰੀ ਹੋਣ ਦੀ ਸਥਿਤੀ (ਨਵੰਬਰ 2019 ਅਨੁਸਾਰ) ***ਅੰਤਿਕਾ 1.3*** ਵਿੱਚ ਦਿੱਤੀ ਗਈ ਹੈ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਰਤ ਸਰਕਾਰ ਦੁਆਰਾ 2015-16 ਤੋਂ 2018-19 ਦੌਰਾਨ ₹ 2,577.45 ਕਰੋੜ ਦੀ ਜਾਰੀ ਕੀਤੀ ਸਾਰੀ ਰਾਸ਼ੀ ਰਾਜ ਸਰਕਾਰ ਦੁਆਰਾ ਪ੍ਰਾਪਤ ਕਰ ਲਈ ਗਈ ਸੀ ਪ੍ਰੰਤੂ ਇਹ ਪ੍ਰਾਪਤੀ ਬਣਦੀ ਅਸਲ ਤਰੀਕ ਤੋਂ 8-35 ਮਹੀਨਿਆਂ ਦੀ ਦੇਰੀ ਨਾਲ ਹੋਈ ਸੀ ਕਿਉਂਜੋ ਪ੍ਰਾਪਤ ਹੋਈ ਗ੍ਰਾਂਟ ਦੇ ਯੂ ਸੀਜ਼ ਭਾਰਤ ਸਰਕਾਰ ਨੂੰ 5-36 ਮਹੀਨਿਆਂ ਦੀ ਰੇਂਜ ਦੀ ਦੇਰੀ ਨਾਲ ਭੇਜੇ ਗਏ ਸਨ। ਨਤੀਜੇ ਵਜੋਂ ਬਾਅਦ ਦੀਆਂ ਕਿਸ਼ਤਾਂ ਦੇ ਦੇਰੀ ਨਾਲ ਪ੍ਰਾਪਤੀ/ਜਾਰੀ ਹੋਣ ਨਾਲ ਗ੍ਰਾਮ ਪੰਚਾਇਤਾਂ ਨੂੰ ਸੌਂਪੇ ਗਏ ਮੁਢਲੇ ਕਾਰਜ ਕਰਨ ਤੋਂ ਇਨਕਾਰ ਹੋਇਆ/ਅੱਗੇ ਪਾਇਆ ਗਿਆ।

ਇਸ ਤੋਂ ਇਲਾਵਾ ਭਾਰਤ ਸਰਕਾਰ ਤੋਂ ਪ੍ਰਾਪਤ ਗ੍ਰਾਂਟ ਪੀ ਆਰ ਆਈਜ਼ ਨੂੰ ਨਿਰਧਾਰਤ 15 ਦਿਨਾਂ ਤੋਂ 31-664 ਦਿਨਾਂ ਦੀ ਰੇਂਜ ਦੀ ਦੇਰੀ ਨਾਲ ਭੇਜੀ ਗਈ ਸੀ। ਇਸ ਕਰਕੇ ਜੀ ਓ ਪੀ ਨੇ ਵਿਆਜ਼ ਰਾਸ਼ੀ ਦੇ ₹ 65.75 ਕਰੋੜ[4] ਦੇ ਰਾਜ ਦੇ ਖਜਾਨੇ 'ਤੇ ਪਏ ਵਾਧੂ ਭਾਰ ਨੂੰ ਆਪਣੇ ਆਪ ਤੇ ਲੈ ਲਿਆ ਜਿਸ ਵਿੱਚੋਂ ₹ 12.90 ਕਰੋੜ ਅਜੇ ਜਾਰੀ ਕੀਤਾ ਜਾਣਾ ਸੀ (ਅਗਸਤ 2021)।

### *(ii) ਕਾਰਗੁਜ਼ਾਰੀ ਗ੍ਰਾਂਟ*

ਐਫ ਐਫ ਸੀ ਦੀ ਰਿਪੋਰਟ ਦੇ ਪੈਰ੍ਹਾ 9.81 ਅਨੁਸਾਰ ਪੀ ਜੀ ਨੂੰ ਅਵਾਰਡ ਸਮੇਂ ਦੇ ਦੂਜੇ ਸਾਲ ਭਾਵ ਕਿ 2016-17 ਤੋਂ ਵੰਡਿਆ ਜਾਣਾ ਸੀ ਅਤੇ ਇਸ ਨੂੰ ਬੀ ਜੀ ਦੀ ਦੂਜੀ ਕਿਸ਼ਤ ਸਮੇਤ ਹਰ ਸਾਲ ਅਕਤੂਬਰ ਵਿੱਚ ਜਾਰੀ ਕੀਤਾ ਜਾਣਾ ਸੀ।

ਐਫ ਐਫ ਸੀ ਨੇ ਸਿਫਾਰਸ਼ ਕੀਤੀ ਕਿ ਗ੍ਰਾਮ ਪੰਚਾਇਤ ਦਾ ਫੈਸਲਾ ਵੰਡੇ ਜਾਣ ਵਾਲੀ ਪੀ ਜੀ ਦੀ ਵਿਸਥਾਰਤ ਪ੍ਰਕਿਰਿਆ ਅਤੇ ਆਪਰੇਸ਼ਨਲ ਮਾਪਦੰਡ ਦਿੱਤੇ ਜਾਣ ਵਾਲੇ ਪ੍ਰੋਤਸਾਹਨ ਸਮੇਤ ਸਬੰਧਤ ਰਾਜ ਸਰਕਾਰਾਂ ਦੁਆਰਾ ਅੱਗੇ ਨਾਮਿਤ ਕੀਤੀਆਂ ਦੋ ਯੋਗਤਾ ਦੀਆਂ ਸ਼ਰਤਾਂ ਰਾਹੀਂ ਕੀਤਾ ਜਾਵੇਗਾ (i) ਲੇਖਾ ਪ੍ਰੀਖਿਆ ਕੀਤੇ ਹੋਏ ਲੇਖੇ ਪੇਸ਼ ਕਰਨਾ, ਜਿਹੜੇ ਕਿ ਪੀ ਜੀ ਦੀ ਮੰਗ ਵਾਲੇ ਸਾਲ ਤੋਂ ਪਹਿਲੇ

---

[4] ਵਿਆਜ਼ ਰਾਸ਼ੀ ਦੀ ਆਂਕਣਾ ਵਿੱਤ ਵਿਭਾਗ ਵੱਲੋਂ ਆਪਣੇ ਆਪ ਕੀਤੀ ਗਈ ਹੈ ਅਤੇ ਇਸ ਵਿੱਚ 2019-20 ਦੇ ਸਾਲ ਦੀਆਂ ਦੇਰੀ ਨਾਲ ਜਾਰੀ ਕੀਤੀਆਂ ਦੋਵੇ ਕਿਸ਼ਤਾ ਤੇ ਵਿਆਜ਼ ਵੀ ਸ਼ਾਮਲ ਹੈ।

ਦੋ ਸਾਲਾਂ ਤੋਂ ਪਹਿਲਾਂ ਦੇ ਨਾ ਹੋਣ; ਅਤੇ (ii) ਪਿਛਲੇ ਸਾਲਾਂ ਨਾਲੋਂ ਆਪਣੀ ਰੈਵੀਨਿਊ ਵਿੱਚ ਵਾਧਾ ਦਰਸਾਉਣਾ, ਜਿਵੇਂ ਕਿ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਵਿੱਚ ਦਰਸਾਇਆ ਜਾਵੇਗਾ। ਪ੍ਰੰਤੂ, ਦਿਸ਼ਾ ਨਿਰਦੇਸ਼ਾ ਅਨੁਸਾਰ 2015-16 ਲਈ ਪੀ ਜੀ ਪੰਚਾਇਤੀ ਰਾਜ ਮੰਤਰਾਲੇ/ਸ਼ਹਿਰੀ ਵਿਕਾਸ ਮੰਤਰਾਲੇ ਦੀ ਇਸ ਪ੍ਰਮਾਣਿਕਤਾ ਉਪਰੰਤ ਅਕਤੂਬਰ 2016 ਵਿੱਚ ਜਾਰੀ ਕੀਤੀ ਜਾਣੀ ਸੀ ਇਸ ਸਬੰਧੀ ਅੰਤਿਮ ਰੂਪ ਦਿੱਤੀ ਗਈ ਸਕੀਮ ਐਫ ਐਫ ਸੀ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਨ ਵਾਲੇ ਰਾਜਾਂ ਤੋਂ ਪ੍ਰਾਪਤ ਕਰ ਲਈ ਗਈ ਸੀ।

2016-17 ਤੋਂ 2018-19 ਲਈ ਪੀ ਜੀ ਦੀ ਐਲੋਕੇਸ਼ਨ, ਪ੍ਰਾਪਤੀ ਅਤੇ ਜਾਰੀ ਕਰਨ ਦੀ ਸਥਿਤੀ (ਨਵੰਬਰ 2019 ਨੂੰ) **ਸਾਰਣੀ 1.6** ਵਿੱਚ ਦਿੱਤੀ ਗਈ ਹੈ।

**ਸਾਰਣੀ 1.6: ਕਾਰਗੁਜ਼ਾਰੀ ਗ੍ਰਾਂਟ**

*(₹ ਕਰੋੜ ਵਿੱਚ)*

| ਸਾਲ | ਭਾਰਤ ਸਰਕਾਰ ਦੁਆਰਾ ਐਲੋਕੇਟ ਕੀਤੀ ਗਈ ਰਾਸ਼ੀ | ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਰਾਸ਼ੀ (ਜਾਰੀ ਹੋਣ ਦੀ ਮਿਤੀ) | ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਰਾਸ਼ੀ (ਜਾਰੀ ਹੋਣ ਦੀ ਮਿਤੀ) | ਪੰਜਾਬ ਸਰਕਾਰ ਦੁਆਰਾ ਪੀ ਜੀ ਦੇ ਜਾਰੀ ਕੀਤੇ ਜਾਣ ਦੀ ਦਿਨਾਂ ਵਿੱਚ ਦੇਰੀ | ਦੇਰੀ ਕਾਰਣ ਵਿਆਜ਼ ਦੀ ਰਾਸ਼ੀ |
|---|---|---|---|---|---|
| 2016-17 | 80.23 | 80.23 (15.03.2017) | 40.23 (15.02.2021) | 46 ਮਹੀਨੇ 16 ਦਿਨ | ਐਫ ਡੀ ਵੱਲੋਂ ਅਜੇ ਆਂਕਣਾ ਕੀਤੀ ਜਾਣੀ ਹੈ |
| 2017-18 | 90.79 | ਜਾਰੀ ਨਹੀਂ ਕੀਤੇ | ਜਾਰੀ ਨਹੀਂ ਕੀਤੇ | - | - |
| 2018-19 | 103.10 | ਜਾਰੀ ਨਹੀਂ ਕੀਤੇ | ਜਾਰੀ ਨਹੀਂ ਕੀਤੇ | - | - |
| **ਜੋੜ** | **274.12** | **80.23** | **-** | **-** | **-** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ** 1.6 ਦਰਸਾਉਂਦੀ ਹੈ ਕਿ ਸਾਲ 2016-17 ਲਈ ₹ 80.23 ਕਰੋੜ ਦੀ ਪੀ ਜੀ ਵਿੱਚੋਂ ਭਾਵੇਂ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਗਈ ਸੀ (ਮਾਰਚ 2017) ਪ੍ਰੰਤੂ ਇਸ ਵਿੱਚੋਂ ₹ 40.23 ਕਰੋੜ ਦੀ ਰਾਸ਼ੀ ਹੀ ਰਾਜ ਸਰਕਾਰ ਵਲੋਂ ਗ੍ਰਾਮ ਪੰਚਾਇਤਾਂ ਨੂੰ 46 ਮਹੀਨੇ ਤੋਂ ਵੱਧ ਦੀ ਦੇਰੀ ਨਾਲ ਜਾਰੀ ਕੀਤੀ ਗਈ ਸੀ (ਫਰਵਰੀ 2021)। ਇਹ ਧਿਆਨ ਵਿੱਚ ਆਇਆ ਸੀ (ਸਤੰਬਰ 2019) ਕਿ 2016-17 ਵਿੱਚ ਪੀ ਜੀ ਦਾ ਦਾਅਵਾ ਕਰਨ ਲਈ 2014-15 ਦੇ ਸਾਲ ਲਈ ਲੇਖਾ ਪ੍ਰੀਖਿਆ ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਅਤੇ ਇੰਸਟੀਚਿਊਟ ਆਫ ਪਬਲਿਕ ਆਡੀਟਰਜ਼ ਆਫ ਇੰਡੀਆ (ਆਈ ਪੀ ਏ ਆਈ) ਤੋਂ ਕਰਵਾਈ ਗਈ ਸੀ ਜਿਸ ਵਿੱਚੋਂ 13,028 ਪਿੰਡਾਂ ਵਿਚੋਂ ਕੇਵਲ 7000 ਪਿੰਡ (12 ਜ਼ਿਲ੍ਹੇ) ਕਵਰ ਕੀਤੇ ਗਏ ਸਨ। ਇੰਜ ਐਫ ਐਫ ਸੀ ਵੱਲੋਂ ਉਕਤ ਨਿਰਧਾਰਤ ਸ਼ਰਤਾਂ ਦੀ ਪਾਲਣਾ ਇਥੋਂ ਤੱਕ ਕਿ ਐਫ ਐਫ ਸੀ ਦੇ ਪਹਿਲੇ ਸਾਲ 2015-16 ਵਿੱਚ ਵੀ ਨਹੀਂ ਕੀਤੀ ਗਈ ਸੀ। ਜਿਥੋਂ ਤੱਕ ਦੂਜੀ ਸ਼ਰਤ ਭਾਵ ਕਿ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਵਿੱਚ ਦਰਸਾਏ ਅਨੁਸਾਰ ਪਹਿਲੇ ਸਾਲਾਂ ਨਾਲੋਂ ਆਪਣੀ ਰੈਵੀਨਿਊ ਵਿੱਚ ਵਾਧਾ ਹੋਣ ਦੇ ਪੂਰਾ ਕਰਨ ਦੇ ਸਬੰਧ ਵਿੱਚ ਐਫ ਐਫ ਸੀ ਨੇ ਵੇਖਿਆ ਸੀ ਕਿ ਪੰਚਾਇਤਾਂ ਦੀ ਆਪਣੇ ਸ੍ਰੋਤਾਂ ਤੋਂ ਰੈਵੀਨਿਊ ਘੱਟ ਰਹੀ ਸੀ ਅਤੇ ਪੀ ਆਰ ਆਈਜ਼ ਮੁੱਖ ਤੌਰ ਤੇ ਗੈਰ-ਕਰ ਰੈਵੀਨਿਊ ਅਤੇ ਵਿੱਤ ਕਮਿਸ਼ਨ ਤੋਂ ਗ੍ਰਾਂਟਾਂ ਤੇ ਨਿਰਭਰ ਸਨ, ਜਿਵੇਂ ਕਿ ਪੈਰ੍ਹਾ 1.3.2 ਵਿੱਚ ਚਰਚਾ ਕੀਤੀ ਗਈ ਹੈ। ਇੰਜ ਪੀ ਜੀ ਦਾ ਲਾਭ ਲੈਣ ਲਈ ਨਿਰਧਾਰਤ ਸ਼ਰਤਾਂ ਦੇ ਪੂਰਾ ਨਾ ਕਰਨ ਕਰਕੇ 2016-19 ਦੇ ਸਮੇਂ ਦੌਰਾਨ ਪੀ ਆਰ ਆਈਜ਼ ₹ 233.89 ਕਰੋੜ ਦੀ ਰਾਸ਼ੀ ਦੀ ਪੀ ਜੀ ਤੋਂ ਵਾਂਝਿਆ ਰਹਿ ਗਈਆਂ ਸਨ।

ਬਕਾਇਆ ਕਾਰਗੁਜ਼ਾਰੀ ਗ੍ਰਾਂਟ ਦੀ ਪ੍ਰਾਪਤੀ ਅਤੇ ਅਦਾਇਗੀ ਦੀ ਅਦਾ ਕੀਤੇ ਵਿਆਜ ਸਮੇਤ, ਜੇਕਰ ਕੋਈ ਹੋਵੇ, ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 1.4 ਰਿਕਾਰਡ ਨਾ ਰੱਖਣਾ

ਪੰਚਾਇਤੀ ਰਾਜ ਐਕਟ, 1994 ਦਾ ਅਨੁਭਾਗ 87 (1) ਵਿਵਸਥਾ ਕਰਦਾ ਹੈ ਕਿ ਸਰਪੰਚ, ਅਤੇ ਉਸਦੀ ਗੈਰ-ਮੌਜੂਦਗੀ ਵਿੱਚ ਗ੍ਰਾਮ ਪੰਚਾਇਤ ਦੁਆਰਾ ਜਾਂ ਬੀ ਡੀ ਪੀ ਓ ਵੱਲੋਂ ਇਸ ਲਈ ਅਧਿਕਾਰਤ ਕੀਤਾ ਪੰਚ, ਗ੍ਰਾਮ ਪੰਚਾਇਤ ਦੀ ਚੱਲ ਜਾਇਦਾਦ ਅਤੇ ਇਸ ਦੇ ਨਿਰਧਾਰਤ ਰਿਕਾਰਡ ਦੀ ਸਹੀ ਸਲਾਮਤ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ। ਗ੍ਰਾਮ ਪੰਚਾਇਤ ਦੀ ਜਾਂ ਉਸ ਨੂੰ ਸੌਂਪੀ ਅੱਚਲ ਜਾਇਦਾਦ , ਵੀ ਉਸਦੇ ਚਾਰਜ ਵਿੱਚ ਰਹੇਗੀ। ਅਨੁਭਾਗ 87 (2) ਅੱਗੇ ਵਿਵਸਥਾ ਕਰਦਾ ਹੈ ਕਿ ਅਨੁਭਾਗ 87 (1) ਅਧੀਨ ਨਿਰਧਾਰਤ ਕੀਤੇ ਅਨੁਸਾਰ, ਸਰਪੰਚ ਜਾਂ ਪੰਚ ਦੀ ਨਿਗਰਾਨੀ ਹੇਠ ਆਉਂਦੇ ਗ੍ਰਾਮ ਪੰਚਾਇਤ ਦੇ ਸਾਰੇ ਰਿਕਾਰਡ ਨੂੰ ਅਪ-ਟੂ-ਡੇਟ ਰੱਖਣ ਦੀ ਜਿੰਮੇਵਾਰੀ ਪੰਚਾਇਤ ਸੱਕਤਰ ਦੀ ਹੋਵੇਗੀ।

ਸਾਲ 2016-17 ਅਤੇ 2017-18 ਦੌਰਾਨ ਕਾਰਜਸਾਧਕ ਅਧਿਕਾਰੀ ਪੰਚਾਇਤ ਸੰਮਤੀ (ਈ ਓ ਪੀ ਐਸ) ਨਕੋਦਰ, ਸ਼੍ਰੀ ਮੁਕਤਸਰ ਸਾਹਿਬ ਅਤੇ ਕੋਟ ਭਾਈ ਐਟ ਗਿਦੜਬਾਹਾ ਅਤੇ 18 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ 134 ਜੀ ਪੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਮੁੱਢਲੇ ਰਿਕਾਰਡ ਜਿਵੇਂ ਕਿ ਚੱਲ/ਅੱਚਲ ਜਾਇਦਾਦ ਰਜਿਸਟਰ, ਮੰਗ ਅਤੇ ਵਸੂਲੀ ਰਜਿਸਟਰ, ਪੇਸ਼ਗੀਆਂ/ਕਰਜ਼ਾ ਬਕਾਇਆ ਰਜਿਸਟਰ, ਪ੍ਰਾਪਤੀ ਬੁੱਕ ਰਜਿਸਟਰ, ਭੌਤਿਕ ਤਸਦੀਕਣ ਸਮੇਤ ਭੰਡਾਰ ਅਤੇ ਸਮਾਨ ਦਾ ਰਜਿਸਟਰ, ਚੈੱਕ/ਡਰਾਫਟ ਰਜਿਸਟਰ ਨਹੀਂ ਬਣਾਏ ਜਾ ਰਹੇ ਸਨ *(ਅੰਤਿਕਾ-1.4)*। ਇਸ ਤਰ੍ਹਾਂ ਦੇ ਰਿਕਾਰਡ ਦੀ ਗੈਰ-ਮੌਜੂਦਗੀ ਵਿੱਚ, ਜਾਇਦਾਦਾਂ, ਖਰੀਦੇ ਸਮਾਨ ਅਤੇ ਦਿੱਤੀਆਂ ਪੇਸ਼ਗੀਆਂ ਅਤੇ ਇਹਨਾਂ ਦੀ ਵਸੂਲੀ ਦੀ ਲੇਖਾ ਪ੍ਰੀਖਿਆ ਵਿੱਚ ਪ੍ਰਮਾਣਿਕਤਾ ਨਹੀਂ ਕੀਤੀ ਜਾ ਸੀ।

ਸਬੰਧਤ ਪੀ ਆਰ ਆਈਜ਼ ਨੇ ਸਾਰੀਆ ਜੀ ਪੀਜ਼ ਨੂੰ ਜਰੂਰੀ ਹਦਾਇਤਾਂ ਜਾਰੀ ਕਰਨ ਅਤੇ ਭਵਿੱਖ ਵਿੱਚ ਰਿਕਾਰਡ ਰੱਖੇ ਜਾਣ ਦਾ ਭਰੋਸਾ ਦਿਵਾਇਆ (ਜੂਨ 2016-ਮਾਰਚ 2018)।

ਪੀ ਆਰ ਆਈਜ਼ ਦੁਆਰਾ ਰਿਕਾਰਡ ਨਾ ਰੱਖੇ ਜਾਣ ਦਾ ਮਾਮਲਾ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ (ਪੈਰ੍ਹਾ 1.4.2) ਵਿੱਚ ਉਜਾਗਰ ਕੀਤਾ ਗਿਆ ਸੀ। ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੇ ਪੈਰ੍ਹਾ 1.4.2 ਬਾਰੇ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਦਸੰਬਰ 2019) ਕਿ ਬਕਾਇਆ ਪੈਰ੍ਹਿਆਂ ਨਾਲ ਸਬੰਧਤ ਸਾਰਾ ਰਿਕਾਰਡ ਲੇਖਾ ਪ੍ਰੀਖਿਆ ਅਤੇ ਇਸ ਕਮੇਟੀ ਨੂੰ ਸੂਚਿਤ ਕਰਦੇ ਹੋਏ ਰੱਖਿਆ ਜਾਵੇ। ਸਬੰਧਤ ਪੀ ਆਰ ਆਈਜ਼ ਦੁਆਰਾ ਲੋੜੀਂਦੇਂ ਰਿਕਾਰਡ ਦੇ ਰੱਖ ਰਖਾਅ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 1.5 ਬੈਂਕਾਂ ਤੋਂ/ਵਿੱਚ ਧਨ ਨਿਕਾਸੀ ਅਤੇ ਜਮ੍ਹਾ ਰਾਸ਼ੀਆਂ ਦਾ ਮਿਲਾਨ ਨਾ ਕਰਨਾ

ਪੰਜਾਬ ਵਿੱਤੀ ਨਿਯਮਾਵਲੀ ਭਾਗ 1 ਦਾ ਨਿਯਮ 2.2(v) ਅਤੇ ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦਾ ਨਿਯਮ 27 ਵਿਵਸਥਾ ਕਰਦਾ ਹੈ ਕਿ ਹਰ ਇੱਕ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ (ਡੀ ਡੀ ਓ) ਨੂੰ ਕੈਸ਼ ਬੁੱਕ ਵਿੱਚ ਕੀਤੇ ਇੰਦਰਾਜਾਂ ਦੇ

ਦਰੁਸਤ ਹੋਣ ਦੀ ਜਾਂਚ ਕਰਨ ਲਈ, ਬੈਂਕਾਂ ਵਿੱਚੋਂ ਮਹੀਨੇ ਦੌਰਾਨ ਕਢਵਾਈਆਂ ਅਤੇ ਜਮ੍ਹਾਂ ਕਰਵਾਈਆਂ ਸਾਰੀਆਂ ਰਕਮਾਂ ਦਾ ਬੈਂਕ ਦੇ ਰਿਕਾਰਡ ਨਾਲ ਮਿਲਾਨ ਕਰਨਾ ਲੋੜੀਂਦਾ ਹੈ। 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ (ਪੈਰ੍ਹਾ 1.4.3) ਵਿੱਚ ਬੈਂਕਾਂ ਤੋਂ/ਵਿੱਚ ਧਨ ਕਢਵਾਉਣ ਅਤੇ ਜਮ੍ਹਾਂ ਰਾਸ਼ੀਆਂ ਦੇ ਮਿਲਾਨ ਨਾ ਕਰਨ ਨੂੰ ਉਜਾਗਰ ਕਰਨ ਸਬੰਧੀ ਜ਼ਿਕਰ ਕੀਤਾ ਗਿਆ ਸੀ।

2016-17 ਅਤੇ 2017-18 ਦੇ ਸਾਲਾਂ ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 29 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ ਜ਼ੈਡ ਪੀ ਮੋਗਾ, ਸੱਤ ਈ ਓ ਪੀ ਐਸਜ਼ ਅਤੇ 200 ਗ੍ਰਾਮ ਪੰਚਾਇਤਾਂ ਨੇ, ਇਸ ਤੱਥ ਦੇ ਬਾਵਜੂਦ ਕਿ ਇਨ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਕੈਸ਼ ਬੁੱਕ ਅਤੇ ਪਾਸ ਬੁੱਕ ਅਨੁਸਾਰ ਬਕਾਇਆਂ ਵਿੱਚ ₹ 10 ਅਤੇ ₹ 1.80 ਕਰੋੜ ਦੀ ਰੇਂਜ ਵਿਚਕਾਰ ਅੰਤਰ ਸੀ*(ਅੰਤਿਕਾ 1.5),* ਬੈਂਕ ਖਾਤਿਆਂ ਨਾਲ ਮਿਲਾਨ ਨਹੀ ਕੀਤਾ ਗਿਆ ਸੀ। ਇਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਇਨ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਦੇ ਖਾਤਿਆਂ ਦੀ ਪ੍ਰਮਾਣਿਕਤਾ ਯਕੀਨੀ ਨਹੀਂ ਬਣਾਈ ਜਾ ਸਕਦੀ ਸੀ।

ਸਬੰਧਤ ਪੰਚਾਇਤੀ ਰਾਜ ਸੰਸਥਾਵਾਂ ਨੇ ਦੱਸਿਆ (ਅਪ੍ਰੈਲ 2016- ਮਾਰਚ 2018) ਕਿ ਭਵਿੱਖ ਵਿੱਚ ਲੋੜੀਂਦਾ ਮਿਲਾਨ ਕਰ ਲਿਆ ਜਾਵੇਗਾ। ਸਬੰਧਤ ਪੀ ਆਰ ਆਈ ਤੋਂ ਬੈਂਕਾਂ ਨਾਲ ਮਿਲਾਨ ਨਾ ਕੀਤੇ ਜਾਣ ਦੇ ਵਿਭਾਗ ਤੋਂ ਕਾਰਣ ਮੰਗੇ ਗਏ ਸਨ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 1.6 ਇੱਕ ਤੋਂ ਵੱਧ ਬੈਂਕ ਖਾਤਿਆਂ ਦਾ ਸੰਚਾਲਨ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦਾ ਨਿਯਮ 24 ਵਿਵਸਥਾ ਕਰਦਾ ਹੈ ਕਿ ਪੰਜਾਬ ਪੰਚਾਇਤੀ ਰਾਜ ਐਕਟ, 1994 ਦੇ ਅਨੁਭਾਗ 86 ਵਿੱਚ ਦਰਸਾਏ ਗ੍ਰਾਮ ਪੰਚਾਇਤ ਫੰਡ, ਗ੍ਰਾਮ ਪੰਚਾਇਤ ਦੇ ਨਾਂ 'ਤੇ ਕਿਸੇ ਰਾਸ਼ਟਰੀਕ੍ਰਿਤ ਬੈਂਕ ਵਿੱਚ ਇੱਕ ਬੱਚਤ ਖਾਤੇ ਵਿਚ ਰੱਖੇ ਜਾਣਗੇ। 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਪੀ ਆਰ ਆਈਜ਼ ਵੱਲੋਂ ਬਹੁ-ਬੈਂਕ ਖਾਤਿਆਂ ਦੇ ਸੰਚਾਲਨ ਨੂੰ ਉਜਾਗਰ ਕਰਨ ਦਾ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾ 1.4.4)। ਵਿਭਾਗ ਨੇ ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੂੰ ਭਰੋਸਾ ਦਿਵਾਇਆ (ਜਨਵਰੀ 2018) ਕਿ ਜੀ ਪੀਜ਼ ਵਿੱਚ ਬਹੁ-ਬੈਂਕ ਖਾਤੇ ਬੰਦ ਕੀਤੇ ਜਾ ਰਹੇ ਸਨ।

ਪ੍ਰੰਤੂ, 2016-17 ਅਤੇ 2017-18 ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 18 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ ਚਾਰ ਜ਼ੈਡ ਪੀਜ਼, ਨੌ ਈ ਓ ਪੀ ਐਸਜ਼ ਅਤੇ 99 ਜੀ ਪੀਜ਼ ਇਸ ਸਬੰਧੀ ਜਾਰੀ ਕੀਤੇ ਨਿਯਮਾਂ ਦੀ ਉਲੰਘਣਾ ਵਿੱਚ ਪੰਚਾਇਤ ਫੰਡ ਲਈ ਇੱਕ ਤੋਂ ਜਿਆਦਾ ਬੈਂਕ ਖਾਤਿਆਂ ਦਾ ਸੰਚਾਲਨ ਕਰ ਰਹੀਆਂ ਸਨ *(ਅੰਤਿਕਾ 1.6)*।

ਸਬੰਧਤ ਅਥਾਰਟੀਆਂ ਨੇ ਦੱਸਿਆ (ਮਈ 2016-ਮਾਰਚ 2018) ਕਿ ਖਾਤੇ ਢੁਕਵੇਂ ਸਮੇਂ ਤੇ ਬੰਦ ਕਰ ਦਿੱਤੇ ਜਾਣਗੇ। ਇਸ ਸਬੰਧੀ ਵਿਭਾਗ ਤੋਂ ਮੌਜੂਦਾ ਸਥਿਤੀ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉੱਡੀਕ ਸੀ (ਅਗਸਤ 2021)।

## 1.7 ਪੰਚਾਇਤੀ ਰਾਜ ਸੰਸਥਾਵਾਂ ਦਾ ਜਵਾਬਦੇਹੀ ਢਾਂਚਾ (ਅੰਦਰੂਨੀ ਕੰਟਰੋਲ ਪ੍ਰਣਾਲੀ)

ਇਕ ਮਜਬੂਤ ਅੰਦਰੂਨੀ ਕੰਟਰੋਲ ਪ੍ਰਣਾਲੀ ਰਾਜ ਸਰਕਾਰ ਦੁਆਰਾ ਸਥਾਨਕ ਸੰਸਥਾਵਾਂ ਦੇ ਕਾਰਗਰ ਅਤੇ ਪ੍ਰਭਾਵੀ ਸ਼ਾਸਨ ਲਈ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਇੰਜ, ਵਿੱਤੀ ਨਿਯਮਾਂ, ਕਾਰਜ ਪ੍ਰਣਾਲੀਆਂ ਅਤੇ ਆਦੇਸ਼ਾਂ ਦੀ ਪਾਲਣਾ ਅਤੇ ਨਾਲ ਹੀ ਅਜਿਹੀ ਪਾਲਣਾ ਦੀ ਸਥਿਤੀ ਬਾਰੇ ਸਮੇਂ ਸਿਰ ਅਤੇ ਗੁਣਵੱਤਾ ਭਰਪੂਰ ਸੂਚਨਾ ਦੇਣਾ, ਇਕ ਚੰਗੇ ਸ਼ਾਸਨ ਦੀਆਂ ਖੂਬੀਆਂ ਵਿੱਚੋ ਇੱਕ ਹੈ।

ਅਗਜ਼ਾਮੀਨਰ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਦੀ ਅਗਵਾਈ ਅਧੀਨ ਪੰਜਾਬ ਸਥਾਨਕ ਲੇਖਾ ਪ੍ਰੀਖਿਆ ਵਿਭਾਗ, ਵਿੱਤ ਵਿਭਾਗ ਦੇ ਪ੍ਰਸ਼ਾਸਨਿਕ ਕੰਟਰੋਲ ਅਧੀਨ ਹੈ। ਈ ਐਲ ਐਫ ਏ ਵੱਖ-ਵੱਖ ਸਥਾਨਕ ਫੰਡਾਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਲਈ ਇਹ ਜਾਂ ਤਾਂ ਵਿਧਾਨਕ ਲੇਖਾ ਪਰੀਖਕ ਹੈ ਜਾਂ ਇਸ ਨੂੰ ਇਨ੍ਹਾਂ ਦੀ ਲੇਖਾ ਪ੍ਰੀਖਿਆ ਸੌਂਪੀ ਗਈ ਹੈ। ਈ ਐਲ ਐਫ ਏ ਦੁਆਰਾ ਕੀਤੀ ਲੇਖਾ ਪ੍ਰੀਖਿਆ ਦੀਆਂ ਕੁੱਝ ਮਹੱਤਵਪੂਰਣ ਲੇਖਾ ਪ੍ਰੀਖਿਆ ਲੱਭਤਾਂ ਨੂੰ ਸਾਲਾਨਾ ਪ੍ਰਸ਼ਾਸਨਿਕ ਰਿਪੋਰਟਾਂ ਵਿੱਚ ਉਜਾਗਰ ਕੀਤਾ ਗਿਆ ਹੈ।

### 1.7.1 ਪੰਚਾਇਤੀ ਰਾਜ ਸੰਸਥਾਵਾਂ ਦੀ ਮੁੱਢਲੀ ਲੇਖਾ ਪ੍ਰੀਖਿਆ

ਈ ਐਲ ਐਫ ਏ ਨੂੰ ਪੀ ਆਰ ਆਈਜ਼ ਦੇ ਸਾਰੇ ਪੱਧਰਾਂ ਦੀ ਲੇਖਾ ਪ੍ਰੀਖਿਆ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਜ਼ੈਡ ਪੀਜ਼ ਅਤੇ ਪੀ ਐਸ਼ਜ ਦੀ ਲੇਖਾ ਪ੍ਰੀਖਿਆ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ 2014 ਅਧੀਨ ਕੀਤੀ ਜਾਂਦੀ ਹੈ ਜਦੋਂਕਿ ਜੀ ਪੀਜ਼ ਦੀ ਲੇਖਾ ਪ੍ਰੀਖਿਆ ਪੰਜਾਬ ਗ੍ਰਾਮ ਪੰਚਾਇਤ ਐਕਟ 1994, ਅਧੀਨ ਫਰੇਮ ਕੀਤੀ ਗਈ ਪੰਜਾਬ ਗ੍ਰਾਮ ਪੰਚਾਇਤ ਨਿਯਮਾਵਲੀ 2012 ਅਧੀਨ ਕੀਤੀ ਜਾਂਦੀ ਹੈ। 2016-17 ਤੋਂ 2018-19 ਦੌਰਾਨ ਯੋਜਨਾਬੱਧ ਕੀਤੀ ਅਤੇ ਕਰਵਾਈ ਗਈ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ **ਸਾਰਣੀ** 1.7 ਵਿੱਚ ਦਿੱਤੀ ਗਈ ਹੈ।

**ਸਾਰਣੀ 1.7: ਈ ਐਲ ਐਫ ਏ ਦੁਆਰਾ ਕੀਤੀ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ**

| ਪੀ ਆਰ ਆਈ ਦਾ ਨਾਂਅ | ਕੁੱਲ ਇਕਾਈਆਂ | | | ਪ੍ਰਯੋਜਿਤ ਇਕਾਈਆਂ | | | ਲੇਖਾ ਪ੍ਰੀਖਿਆ ਕੀਤੀ | | | ਕਮੀ (ਪ੍ਰਤੀਸ਼ਤਤਾ) | | |
|---|---|---|---|---|---|---|---|---|---|---|---|---|
| | **2016-17** | **2017-18** | **2018-19** | **2016-17** | **2017-18** | **2018-19** | **2016-17** | **2017-18** | **2018-19** | **2016-17** | **2017-18** | **2018-19** |
| **ਜ਼ੈਡ ਪੀ** | 22 | 22 | 22 | 05 | 05 | 03 | 4 | 02 | 01 | 04 (20) | 03 (60) | 02 (67) |
| **ਪੀ ਐਸ** | 147 | 145 | 150 | 25 | 21 | 18 | 19 | 18 | 15 | 06 (24) | 03 (14) | 03 (17) |
| **ਜੀ ਪੀ** | 13,028 | 13,109 | 13,264 | 113 | 482 | 96 | 883 | 419 | 28 | -- | 63 (13) | 68 (71) |
| **ਜੋੜ** | **13,197** | **13,276** | **13,436** | **143** | **508** | **117** | **906** | **439** | **73** | **--** | **69 (14)** | **44 (62)** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ** 1.7 ਦਰਸਾਉਂਦੀ ਹੈ ਕਿ ਈ ਐਲ ਐਫ ਏ ਦੁਆਰਾ 2016-19 ਦੌਰਾਨ ਪੀ ਆਰ ਆਈਜ਼ ਦੀ (ਸਾਲ 2016-17 ਦੌਰਾਨ ਜੀ ਪੀਜ਼ ਤੋਂ ਬਗੈਰ) ਅੰਦਰੂਨੀ ਲੇਖਾ ਪ੍ਰੀਖਿਆ ਕਰਨ ਵਿੱਚ 13-71 *ਪ੍ਰਤੀਸ਼ਤ* ਦੀ ਕਮੀ ਸੀ।

## 1.7.2 ਈ ਐਲ ਐਫ ਏ ਦੇ ਸਟਾਫ ਦੀ ਸਥਿਤੀ

2016-19 ਦੌਰਾਨ ਏ, ਬੀ, ਸੀ ਅਤੇ ਡੀ ਕੇਡਰਾਂ ਵਿੱਚ ਮੰਨਜ਼ੂਰਸ਼ੁਦਾ ਸਟਾਫ ਅਤੇ ਇਸ ਦੇ ਨਾਲ ਖਾਲੀ ਅਸਾਮੀਆਂ ਦੀ ਸਥਿਤੀ **ਸਾਰਣੀ** 1.8 ਵਿੱਚ ਦਿੱਤੀ ਗਈ ਹੈ।

**ਸਾਰਣੀ 1.8: ਈ ਐਲ ਐਫ ਏ ਦਾ ਮਨਜ਼ੂਰਸ਼ੁਦਾ ਸਟਾਫ ਅਤੇ ਖਾਲੀ ਅਸਾਮੀਆਂ**

| ਸਾਲ | ਗਰੁੱਪ ਏ | | ਗਰੁੱਪ ਬੀ | | ਗਰੁੱਪ ਸੀ | | ਗਰੁੱਪ ਡੀ | | ਕੁੱਲ | |
|---|---|---|---|---|---|---|---|---|---|---|
| | ਐਸ ਐਸ | ਖਾਲੀ ਅਸਾਮੀ (%) | ਐਸ ਐਸ | ਖਾਲੀ ਅਸਾਮੀ (%) | ਐਸ ਐਸ | ਖਾਲੀ ਅਸਾਮੀ (%) | ਐਸ ਐਸ | ਖਾਲੀ ਅਸਾਮੀ (%) | ਐਸ ਐਸ | ਖਾਲੀ ਅਸਾਮੀ (%) |
| 2016-17 | 46 | 34 (74) | 301 | 205 (68) | 49 | 29 (59) | 60 | 20 (33) | 456 | 288 (63) |
| 2017-18 | 46 | 37 (80) | 301 | 216 (72) | 49 | 32 (65) | 60 | 26 (43) | 456 | 311 (68) |
| 2018-19 | 46 | 34 (74) | 301 | 230 (76) | 49 | 29 (59) | 60 | 31 (52) | 456 | 324 (71) |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ** 1.8 ਦਰਸਾਉਂਦੀ ਹੈ ਕਿ ਮਨਜ਼ੂਰਸ਼ੁਦਾ ਸਟਾਫ ਦੀ ਤੁਲਨਾ ਵਿੱਚ ਸਾਰੇ ਕੇਡਰਾਂ ਵਿੱਚ ਖਾਲੀ ਅਸਾਮੀਆਂ 2016-17 ਵਿੱਚ 63 *ਪ੍ਰਤੀਸ਼ਤ* ਤੋਂ ਹੌਲੀ ਹੌਲੀ ਵਧ ਕੇ 2018-19 ਵਿੱਚ 71 *ਪ੍ਰਤੀਸ਼ਤ* ਹੋ ਗਈਆਂ, ਜਿਸ ਨੇ ਈ ਐਲ ਐਫ ਏ ਦੁਆਰਾ ਇਸ ਸਮੇਂ ਦੌਰਾਨ ਪੀ ਆਰ ਆਈਜ਼ ਦੀ ਅੰਦਰੂਨੀ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਕਵਰੇਜ ਨੂੰ ਪ੍ਰਭਾਵਿਤ ਕੀਤਾ ਜਿਵੇਂ ਕਿ **ਸਾਰਣੀ** 1.7 ਵਿੱਚ ਦਰਸਾਇਆ ਗਿਆ ਹੈ।

## 1.7.3 ਈ ਐਲ ਐਫ ਏ ਅਤੇ ਪੀ ਏ ਜੀ (ਲੇਖਾ ਪ੍ਰੀਖਿਆ) ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ

ਸਥਾਨਕ ਲੇਖਾ ਪ੍ਰੀਖਿਆ ਵਿਭਾਗ, ਪੰਜਾਬ ਦੇ ਦਫਤਰ ਮੈਨੂਅਲ ਦਾ ਪੈਰ੍ਹਾ IV. 8 ਅਤੇ ਇਸ ਹੇਠ ਨੋਟ 4 (iii) ਅਤੇ (iv) ਈ ਐਲ ਐਫ ਏ ਦੇ ਲਈ ਪਹਿਲੇ ਇਤਰਾਜ਼ਾਂ ਤੇ ਕਾਰਵਾਈ ਨਾ ਕਰਨ, ਜਾਂ ਅੰਸ਼ਿਕ ਕਾਰਵਾਈ ਕਰਨ ਅਤੇ ਗੈਰ-ਤਸੱਲੀਬਖਸ਼ ਨਤੀਜਿਆਂ ਬਾਰੇ ਸਰਕਾਰ ਕੋਲ ਮਾਮਲਾ ਉਠਾਉਣ ਦੀ ਵਿਵਸਥਾ ਕਰਦਾ ਹੈ। ਡਿਪਟੀ ਕਮਿਸ਼ਨਰ, ਖੇਤਰੀ ਉੱਪ ਡਾਇਰੈਕਟਰ, ਸਥਾਨਕ ਸਰਕਾਰ ਅਤੇ ਈ ਐਲ ਐਫ ਏ ਦੇ ਸਥਾਨਕ ਨੁਮਾਇੰਦਿਆਂ ਨੂੰ ਸ਼ਾਮਲ ਕਰਕੇ ਬਣਾਈ ਗਈ ਕਮੇਟੀ ਨੇ ਸਾਲ ਵਿੱਚ ਇੱਕ ਵਾਰੀ ਹਰ ਇੱਕ ਸਥਾਨਕ ਸੰਸਥਾ ਦੇ ਵੱਖ-ਵੱਖ ਇਤਰਾਜ਼ਾਂ ਦੀ ਪੜਤਾਲ ਅਤੇ ਨਿਪਟਾਰਾ ਕਰਨਾ ਸੀ ਅਤੇ ਇਸ ਦੀ ਰਿਪੋਰਟ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਨੂੰ ਭੇਜਣੀ ਸੀ।

ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ ਸਬੰਧੀ 31 ਮਾਰਚ 2016 ਨੂੰ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾ 1.4.5)।

31 ਮਾਰਚ 2019 ਤੱਕ ਈ ਐਲ ਐਫ ਏ ਅਤੇ ਪੀ ਏ ਜੀ ਦੁਆਰਾ ਜਾਰੀ ਪੀ ਆਰ ਆਈਜ਼ ਨਾਲ ਸਬੰਧਤ ਬਕਾਇਆ ਪੈਰ੍ਹਿਆਂ ਦੀ ਸਥਿਤੀ **ਸਾਰਣੀ** 1.9 ਵਿੱਚ ਦਿੱਤੀ ਗਈ ਹੈ।

**ਸਾਰਣੀ 1.9: ਈ ਐਲ ਐਫ ਏ ਅਤੇ ਪੀ ਏ ਜੀ ਦੇ ਬਕਾਇਆ ਪੈਰ੍ਹਿਆਂ ਦੇ ਵੇਰਵੇ**

| ਲੜੀ ਨੰ. | ਕਦੋਂ ਤੋਂ ਬਕਾਇਆ | ਜ਼ਿਲ੍ਹਾ ਪ੍ਰੀਸ਼ਦ | | ਪੰਚਾਇਤ ਸੰਮਤੀ | | ਜੋੜ | |
|---|---|---|---|---|---|---|---|
| | | ਈ ਐਲ ਐਫ ਏ | ਪੀ ਏ ਜੀ | ਈ ਐਲ ਐਫ ਏ | ਪੀ ਏ ਜੀ | ਈ ਐਲ ਐਫ ਏ | ਪੀ ਏ ਜੀ |
| 1. | 5 ਸਾਲ ਤੱਕ ਪੁਰਾਣੇ | 144 | 153 | 1,417 | 1,716 | 1,561 | 1869 |
| 2. | 5 ਤੋਂ 10 ਸਾਲ ਤੱਕ ਪੁਰਾਣੇ | 120 | 51 | 575 | 304 | 695 | 355 |
| 3. | 10 ਸਾਲ ਤੋਂ ਵੱਧ ਪੁਰਾਣੇ | 825 | 15 | 7,125 | 0 | 7,950 | 15 |
| **ਜੋੜ** | | **1,089** | **219** | **9,117** | **2,020** | **10,206** | **2,239** |

*ਸ੍ਰੋਤ: ਵਿਭਾਗੀ ਡਾਟਾ ਅਤੇ ਦਫਤਰੀ ਰਿਕਾਰਡ*

ਵੱਡੀ ਸੰਖਿਆ ਵਿੱਚ ਪੈਰ੍ਹਿਆਂ ਦਾ ਬਕਾਇਆ ਹੋਣਾ ਦਰਸਾਉਂਦਾ ਹੈ ਕਿ ਅੰਦਰੂਨੀ ਲੇਖਾ ਪਰੀਖਕ ਭਾਵ ਈ ਐਲ ਐਫ ਏ ਜਾਂ ਪੀ ਏ ਜੀ (ਲੇਖਾ ਪ੍ਰੀਖਿਆ) ਪੰਜਾਬ ਦੁਆਰਾ ਧਿਆਨ ਵਿੱਚ ਲਿਆਂਦੀਆਂ ਗਈਆਂ ਖਾਮੀਆਂ ਨੂੰ ਦੂਰ ਕਰਨ/ਅੰਦਰੂਨੀ ਕੰਟਰੋਲ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਉਪਰਾਲੇ ਨਹੀਂ ਕੀਤੇ ਗਏ ਸਨ।

ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਨੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਦੇ ਪੈਰ੍ਹੇ 1.4.5 'ਤੇ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ ਸੀ (ਦਸੰਬਰ 2019) ਕਿ ਬਕਾਇਆ ਪੈਰ੍ਹਿਆਂ ਦਾ ਕਮੇਟੀ ਨੂੰ ਸੂਚਨਾ ਭੇਜਦੇ ਹੋਏ ਮਾਰਚ 2020 ਤੱਕ ਨਿਪਟਾਰਾ ਕੀਤਾ ਜਾਵੇ।

### 1.7.4 ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟਾਂ ਦੀ ਪੈਰਵੀ ਲਈ ਕਾਰਵਾਈ

ਟੀ ਐਫ ਸੀ ਅਤੇ ਐਫ ਐਫ ਸੀ ਦੀਆਂ ਸਿਫਾਰਸ਼ਾ ਅਨੁਸਾਰ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਏ ਟੀ ਆਈ ਆਰ) ਅਤੇ ਇਸ ਦੇ ਨਾਲ ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਦੀ ਸਾਲਾਨਾ ਰਿਪੋਰਟ ਨੂੰ ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਨਾ ਚਾਹੀਦਾ ਹੈ।

2012-13, 2013-14, 2014-15 ਅਤੇ 2015-16 ਦੇ ਸਾਲਾਂ ਲਈ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਏ ਟੀ ਆਈ ਆਰ) ਨੂੰ ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤਾ ਗਿਆ ਸੀ। ਭਾਵੇਂ ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਦੀਆਂ ਵੱਖ ਵੱਖ ਬੈਠਕਾਂ ਵਿੱਚ ਸਾਲ 2012-13 ਤੋਂ 2015-16 ਲਈ ਏ ਟੀ ਆਈ ਆਰਜ਼ ਰਾਹੀਂ ਧਿਆਨ ਵਿੱਚ ਲਿਆਂਦੇ ਸਾਰੇ 69 ਲੇਖਾ ਪ੍ਰੀਖਿਆ ਪੈਰ੍ਹਿਆਂ ਦੀ ਚਰਚਾ ਕੀਤੀ ਗਈ ਸੀ, ਪ੍ਰੰਤੂ ਕਮੇਟੀ ਦੀਆਂ 16ਵੀਂ, 18ਵੀਂ, 20ਵੀਂ ਰਿਪੋਰਟਾਂ ਅਨੁਸਾਰ ਵਿਭਾਗ ਦੁਆਰਾ ਕੀਤੇ ਜਾਣ ਵਾਲੀ ਲੋੜੀਂਦੀ ਪਾਲਣਾ ਲਈ 41 ਪੈਰ੍ਹੇ ਬਕਾਇਆ ਸਨ *(ਅੰਤਿਕਾ 1.7)*।

### ਨਿਰੰਤਰ ਅਨਿਯਿਮਤਾਵਾਂ

ਨਿਰੀਖਣ ਰਿਪੋਰਟਾਂ ਅਤੇ ਪਹਿਲੀਆਂ ਏ ਟੀ ਆਈ ਆਰਜ਼ ਰਾਹੀਂ ਵੱਖ-ਵੱਖ ਲੇਖਾ ਪ੍ਰੀਖਿਆ ਪੈਰ੍ਹਿਆਂ ਨੂੰ ਧਿਆਨ ਵਿੱਚ ਲਿਆਂਦੇ ਜਾਣ ਦੇ ਤੱਥ ਦੇ ਬਾਵਜੂਦ ਅਤੇ ਐਲ ਬੀਜ਼ ਅਤੇ ਪੀ ਆਰ ਆਈਜ਼ ਉੱਤੇ ਕਮੇਟੀ ਦੀਆਂ ਬੈਠਕਾਂ ਵਿੱਚ ਇਨ੍ਹਾਂ ਨੂੰ ਵੀ ਵਿਚਾਰਿਆ/ਚਰਚਾ ਕੀਤੀ ਜਾ ਰਹੀ ਸੀ, ਇਨ੍ਹਾਂ ਵਿੱਚੋ ਕੁੱਝ ਅਨਿਯਮਤਾਵਾਂ ਅਜੇ ਵੀ ਮੌਜੂਦ ਸਨ। ਹੇਠ ਲਿਖੇ ਮਾਮਲੇ ਬਾਰ ਬਾਰ ਪਹਿਲੀਆਂ ਏ ਟੀ ਆਈ ਆਰਜ਼ ਅਤੇ ਨਿਰੀਖਣ ਰਿਪੋਰਟਾਂ ਵਿੱਚ ਦਰਸਾਏ ਜਾ ਰਹੇ ਸਨ:

(i) ਕਾਰਜ ਸੌਂਪਣਾ।

(ii) ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ।

(iii) ਰਿਕਾਰਡ ਨਾ ਰੱਖਣਾ।

(iv) ਬੈਂਕਾਂ ਤੋਂ/ਵਿੱਚ ਧਨ ਕਢਵਾਉਣ ਅਤੇ ਜਮ੍ਹਾਂ ਰਾਸ਼ੀਆਂ ਦਾ ਮਿਲਾਨ ਨਾ ਕਰਨਾ।

(v) ਅਨੁਮਾਨਾਂ ਤੋਂ ਬਗੈਰ ਕੰਮਾਂ ਦੀ ਤਾਮੀਲ ਕਰਨੀ।

(vi) ਸਵੈ-ਚੈਕਾਂ ਰਾਹੀਂ ਬੈਂਕਾਂ ਤੋਂ ਅਨਿਯਮਿਤ ਨਕਦੀ ਕਢਵਾਉਣਾ।

(vii) ਸਮਾਨ ਦੀ ਅਨਿਯਮਿਤ ਖਰੀਦ।

(viii) ਸਰਪੰਚਾਂ ਦੁਆਰਾ ਨਕਦੀ ਸਪੁਰਦ ਨਾ ਕਰਨਾ।

(ix) ਸਾਲਾਨਾ ਲੇਖਿਆਂ ਦਾ ਸੰਚਾਲਨ ਨਾ ਕਰਨਾ।

(x) ਬਕਾਇਆ ਕਿਰਾਏ ਦੀ ਵਸੂਲੀ ਨਾ ਕਰਨਾ।

(xi) ਪੰਚਾਇਤ ਸਕੱਤਰ ਉਜਰਤਾਂ ਦੀ ਘੱਟ ਉਗਰਾਹੀ।

(xii) ਸ਼ਾਮਲਾਟ ਜ਼ਮੀਨ ਤੇ ਨਜਾਇਜ਼ ਕਬਜਾ।

ਏ ਟੀ ਆਈ ਆਰ ਵਿੱਚ ਨਿਰੰਤਰ ਅਨਿਯਮਿਤਾਵਾਂ ਨੇ ਸਰਕਾਰ/ਵਿਭਾਗ ਦੇ ਲੇਖਾ ਪ੍ਰੀਖਿਆ ਪ੍ਰਤੀ ਹੁੰਗਾਰੇ ਦੀ ਘਾਟ ਨੂੰ ਦਰਸਾਇਆ।

# ਅਧਿਆਇ-II

# ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

# ਅਧਿਆਇ-II

# ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪੀ੍ਖਿਆ ਦੇ ਨਤੀਜੇ

## 2.1 ਪੰਚਾਇਤੀ ਰਾਜ ਸੰਸਥਾਵਾਂ ਵਿੱਚ *ਸ਼ਾਮਲਾਟ* ਜ਼ਮੀਨ ਦਾ ਪ੍ਰਬੰਧਨ

- ਪਿਛਲੇ ਵਰ੍ਹੇ ਦੇ ਮੁਕਾਬਲੇ 2016-17 ਤੋਂ 2018-19 ਦੌਰਾਨ *ਸ਼ਾਮਲਾਟ* ਜ਼ਮੀਨ ਤੋਂ ਆਮਦਨ ਵਿੱਚ ਜਾਂ ਤਾਂ 03 ਤੋਂ 68 *ਪ੍ਰਤੀਸ਼ਤ* (15 ਗ੍ਰਾਮ ਪੰਚਾਇਤਾਂ) ਗਿਰਾਵਟ ਆਈ ਸੀ ਜਾਂ ਚਿਤਵਿਆ ਗਿਆ 10 *ਪ੍ਰਤੀਸ਼ਤ* ਦਾ ਵਾਧਾ (26 ਗ੍ਰਾਮ ਪੰਚਾਇਤਾਂ) ਨਹੀਂ ਸੀ।
- ਪੰਜ ਗ੍ਰਾਮ ਪੰਚਾਇਤਾਂ ਦੇ ਸਬੰਧ ਵਿੱਚ 20 ਏਕੜ ਰਕਬੇ ਦੀ ਜ਼ਮੀਨ ਦੀ ਘੱਟ ਨਿਲਾਮੀ ਕੀਤੀ ਗਈ ਸੀ। 90 ਗ੍ਰਾਮ ਪੰਚਾਇਤਾਂ ਦੇ ਵਿੱਚ 5,148 ਰਕਬੇ ਦੀ ਜ਼ਮੀਨ ਗੈਰ ਕਨੂੰਨੀ ਕਬਜ਼ੇ ਅਧੀਨ ਸੀ।
- ਚਾਰ ਪੰਚਾਇਤ ਸੰਮਤੀਆਂ ਅਤੇ ਇੱਕ ਜ਼ਿਲ੍ਹਾ ਪ੍ਰੀਸ਼ਦ ਦੇ ਸਬੰਧ ਵਿੱਚ ਅਪ੍ਰੈਲ 1987 ਤੋਂ ਮਾਰਚ 2020 ਤੱਕ ਦੇ ਸਮੇਂ ਨਾਲ ਸਬੰਧਤ ₹ 152.70 ਲੱਖ ਦਾ ਦੁਕਾਨਾਂ ਦਾ ਕਿਰਾਇਆ ਬਕਾਇਆ ਸੀ।
- ਪੰਜਾਬ ਸਰਕਾਰ ਦੀ ਗ੍ਰਾਮ ਪੰਚਾਇਤ ਪਲਾਂਟੇਸ਼ਨ ਆਫ ਟਰੀਜ਼ ਪਾਲਿਸੀ ਅਨੁਸਾਰ 12 ਏਕੜ ਜ਼ਮੀਨ ਨੂੰ ਪੌਦੇ ਲਗਾਉਣ ਲਈ ਨਹੀਂ ਵਰਤਿਆ ਗਿਆ ਸੀ।

### 2.1.1 ਜਾਣ-ਪਛਾਣ

ਸਾਂਝੀ ਜਾਇਦਾਦ ਜਾਂ ਪੰਚਾਇਤੀ ਜਾਇਦਾਦ ਭਾਵੇਂ ਇਹ ਖੇਤੀ-ਬਾੜੀ ਜ਼ਮੀਨ ਹੈ ਜਾਂ ਗੈਰ ਖੇਤੀ-ਬਾੜੀ ਜ਼ਮੀਨ ਹੈ ਗ੍ਰਾਮ ਪੰਚਾਇਤ ਦੀ ਆਮਦਨ ਦਾ ਮੱਖ ਸ੍ਰੋਤ ਹੈ ਅਤੇ ਗ੍ਰਾਮ ਪੰਚਾਇਤ ਦੀ ਜੀਵਨ-ਰੇਖਾ ਵਜੋਂ ਸਮਝੀ ਜਾਂਦੀ ਹੈ। ਭਾਰਤ ਵਿੱਚ ਇੱਕ ਰਵਾਇਤੀ ਪਿੰਡ ਇੱਕ ਬਹੁ-ਮੁੱਖੀ ਕਾਰਜਸ਼ੀਲ ਯੋਜਨਾ ਦੀ ਵਧੀਆ ਉਦਾਹਰਣ ਪ੍ਰਦਾਨ ਕਰਦਾ ਹੈ। ਸਾਰੀ ਜ਼ਮੀਨ ਵੱਖ-ਵੱਖ ਮੰਤਵਾਂ ਲਈ ਚਿੰਨਤ ਕੀਤੀ ਜਾਂਦੀ ਹੈ। ਇਸ ਵਿੱਚ *ਗੋਰਾਹ ਦੇਹ, ਆਬਾਦੀ ਦੇਹ, ਸ਼ਾਮਲਾਟ* ਦੇਹ ਆਦਿ ਸ਼ਾਮਲ ਹੁੰਦੀ ਹੈ।

- *ਗੋਰਾਹ ਦੇਹ*–ਪਿੰਡ ਦੀ *ਆਬਾਦੀ* ਦੇ ਸੰਭਾਵਿਤ ਵਾਧੇ ਲਈ ਜ਼ਮੀਨ।
- *ਆਬਾਦੀ ਦੇਹ*–ਰਿਹਾਇਸ਼ੀ ਮੰਤਵ ਲਈ ਜ਼ਮੀਨ।
- *ਸ਼ਾਮਲਾਟ ਦੇਹ*– ਪਿੰਡ ਵਾਸੀਆਂ ਦੀ ਸਾਂਝੀ ਵਰਤੋਂ ਲਈ ਜ਼ਮੀਨ।

ਪੰਜਾਬ ਪਿੰਡ ਸਾਂਝੀਆਂ ਜ਼ਮੀਨਾਂ (ਰੈਗੂਲੇਸ਼ਨ) ਐਕਟ, 1961, ਦੀ ਧਾਰਾ 2(ਜੀ) ਅਨੁਸਾਰ "*ਸ਼ਾਮਲਾਟ ਦੇਹ*" ਵਿੱਚ ਹੇਠ ਲਿਖਤ ਸ਼ਾਮਲ ਹਨ –

- ਰੈਵੀਨਿਊ ਰਿਕਾਰਡਾਂ ਵਿੱਚ *ਆਬਾਦੀ ਦੇਹ* ਨੂੰ ਛੱਡ ਕੇ *ਸ਼ਾਮਲਾਟ* ਵੱਜੋਂ ਵਰਣਨ ਕੀਤੀਆਂ ਗਈਆਂ ਜ਼ਮੀਨਾਂ;
- *ਸ਼ਾਮਲਾਟ* ਟਿੱਕਾ[1];

---

1 ਪੱਤੀ/ਤਾਰਫ/ਥੋਲਾ/ਪੰਨਾਂ/ਟਿੱਕਾਜ਼-ਕੁੱਨਬੇ, ਜ਼ਾਤ, ਫਿਰਕਾ, ਖੇਤਰ ਆਦਿ ਦੇ ਅਧਾਰ ਤੇ ਪਿੰਡਾਂ ਦੇ ਸਮੁਦਾਇ ਦੁਆਰਾ ਕਬਜ਼ਾਈਆ ਗਈਆਂ ਜ਼ਮੀਨਾਂ ਦੀਆਂ ਕਿਸਮਾਂ।

- ਰੈਵੀਨਿਊ ਰਿਕਾਰਡਾਂ ਵਿੱਚ *ਸ਼ਾਮਲਾਟ, ਤਾਰਾਫਸ, ਪੱਤੀਜ਼, ਪੰਨਾਜ਼* ਅਤੇ *ਥੋਲਾਜ*[1] ਵਜੋਂ ਦੱਸੀ ਗਈ ਅਤੇ ਰੈਵੀਨਿਊ ਰਿਕਾਰਡ ਅਨੁਸਾਰ ਪੇਂਡੂ ਸਮੁਦਾਇ ਜਾਂ ਉਸ ਦੇ ਕੁੱਝ ਭਾਗ ਜਾਂ ਪਿੰਡ ਦੇ ਸਾਂਝੇ ਮੰਤਵਾਂ ਲਈ ਵਰਤੀਆਂ ਜਾਂਦੀਆਂ ਹੋਣ;
- *ਆਬਾਦੀ ਦੇਹ ਜਾਂ ਗੋਰਾਹ ਦੇਹ* ਦੇ ਅੰਦਰ ਗਲੀਆਂ, ਲੇਨਜ਼, ਖੇਡ ਮੈਦਾਨਾਂ, ਸਕੂਲਾਂ, ਪੀਣਯੋਗ ਪਾਣੀ ਦੇ ਖੂਹਾਂ, ਜਾਂ ਟੋਭਿਆਂ ਸਮੇਤ ਪੇਂਡੂ ਸਮੁਦਾਇ ਦੇ ਲਾਭ ਲਈ ਵਰਤੀਆਂ ਜਾਣ ਵਾਲੀਆਂ ਜਾਂ ਰਾਖਵੀਆਂ ਰੱਖੀਆਂ ਗਈਆਂ ਜ਼ਮੀਨਾਂ;
- ਕਿਸੇ ਪਿੰਡ ਵਿੱਚ *ਬੰਜਰ ਕਦੀਮ* ਵਜੋਂ ਨਿਰਧਾਰਤ ਕੀਤੀਆ ਗਈਆਂ ਅਤੇ ਰੈਵੀਨਿਊ ਰਿਕਾਰਡ ਅਨੁਸਾਰ ਪਿੰਡ ਦੇ ਸਾਝੇ ਮੰਤਵਾਂ ਲਈ ਵਰਤੀਆਂ ਜਾਂਦੀਆਂ ਜ਼ਮੀਨਾਂ।

ਪੰਜਾਬ ਪਿੰਡ ਸਾਂਝੀਆਂ ਜ਼ਮੀਨਾਂ (ਰੈਗੂਲੇਸ਼ਨ) ਨਿਯਮ, 1964 *ਸ਼ਾਮਲਾਟ* ਦੇਹ ਨੂੰ ਕਿਸ ਤਰੀਕੇ ਨਾਲ ਅਤੇ ਕਿਹੜੇ ਮੰਤਵਾਂ ਲਈ ਵਰਤਿਆ ਜਾਣਾ ਹੈ, ਨੂੰ ਨਿਰਧਾਰਤ ਕਰਦੇ ਹਨ। ਪੰਚਾਇਤ ਲਈ ਇਹ ਲੋੜੀਂਦਾ ਹੈ ਕਿ ਉਹ ਇਸ ਐਕਟ ਅਧੀਨ ਇਸਦੀ ਮਾਲਕੀ ਵਾਲੀ *ਸ਼ਾਮਲਾਟ* ਦੇਹ ਦੀ ਜ਼ਮੀਨ ਦੀ ਜ਼ਮੀਨ ਵਰਤੋਂ ਯੋਜਨਾ ਤਿਆਰ ਕਰੇ। ਅਜਿਹੀ ਯੋਜਨਾ ਹੇਠ ਲਿਖਤ ਦੀ ਪ੍ਰਵਾਨਗੀ ਦੇ ਅਧੀਨ ਹੋਵੇਗੀ:

| | |
|---|---|
| (ੳ) ਪੰਚਾਇਤੀ ਸੰਮਤੀ: | ਜਿੱਥੇ ਰਕਬਾ 100 ਏਕੜ ਤੋਂ ਵੱਧ ਹੋਵੇ ਪ੍ਰੰਤੂ 500 ਏਕੜ ਤੋਂ ਵੱਧ ਨਾ ਹੋਵੇ। |
| (ਅ) ਜ਼ਿਲ੍ਹਾ ਪ੍ਰੀਸ਼ਦ: | ਜਿੱਥੇ ਰਕਬਾ 500 ਏਕੜ ਤੋਂ ਵੱਧ ਹੋਵੇ ਪ੍ਰੰਤੂ 1,000 ਏਕੜ ਤੋਂ ਵੱਧ ਨਾ ਹੋਵੇ; ਅਤੇ |
| (ੲ) ਸਰਕਾਰ: | ਜਿੱਥੇ ਰਕਬਾ 1,000 ਏਕੜ ਤੋਂ ਵੱਧ ਹੋਵੇ। |

ਪੰਚਾਇਤ ਇਸ ਐਕਟ ਅਧੀਨ ਇਸ ਦੀ ਮਾਲਕੀ ਹੇਠਲੀ *ਸ਼ਾਮਲਾਟ ਦੇਹ* ਵਿਚਲੀ ਜ਼ਮੀਨ ਨੂੰ ਜਾਂ ਤਾਂ ਖੁਦ ਜਾਂ ਕਿਸੇ ਹੋਰ ਰਾਹੀਂ ਕਿਸੇ ਇੱਕ ਜਾਂ ਵੱਧ ਮੰਤਵਾਂ[2] ਲਈ ਵਰਤ ਸਕਦੀ ਹੈ।

*ਸ਼ਾਮਲਾਟ* ਜ਼ਮੀਨ ਦੀ ਪ੍ਰਭਾਵਿਕ ਨਿਗਰਾਨੀ, ਵਰਤੋਂ ਅਤੇ ਸੁਰੱਖਿਆ ਨੂੰ ਨਿਰਧਾਰਤ ਕਰਨ ਦੇ ਮੰਤਵ ਨਾਲ ਚੁਣੀਆਂ ਹੋਈਆਂ ਈ ਓ ਪੀ ਐਸਜ਼ *(ਅੰਤਿਕਾ 2.1)* ਅਧੀਨ 11 (150 ਵਿੱਚੋਂ) ਕਾਰਜਸਾਧਕ ਅਧਿਕਾਰੀਆਂ ਪੰਚਾਇਤ ਸੰਮਤੀਆਂ (ਈ ਓ ਪੀ ਐਸ) 110 (13,264 ਵਿੱਚੋਂ) ਗ੍ਰਾਮ ਪੰਚਾਇਤਾਂ (ਜੀ ਪੀ) ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ (ਵਿਭਾਗ), ਪੰਜਾਬ ਸਰਕਾਰ (ਜੀ ਓ ਪੀ) ਵਿੱਚ ਇੱਕ (22 ਵਿੱਚੋਂ) ਜ਼ਿਲ੍ਹਾ ਪ੍ਰੀਸ਼ਦ (ਜ਼ੈਡ ਪੀ), ਰੂਪਨਗਰ ਦੇ ਰਿਕਾਰਡ

---

2 (i) ਮਾਡਲ ਫਾਰਮ; (ii) ਬੀਜ ਫਾਰਮ; (iii) ਨਰਸਰੀ ਬਾਗ ਜਾਂ ਕੋਈ ਹੋਰ ਬਾਗਵਾਨੀ ਮੰਤਵ; (iv) ਫੂਡ ਉਤਪਾਦਨ, ਫਾਈਬਰ ਜਾਂ ਚਾਰਾ ਫਸਲਾਂ; (v) ਡੇਅਰੀ ਫਾਰਮ; (vi) ਪਸ਼ੂਆਂ ਦੀ ਚਰਾਂਦ ਲਈ; (vii) ਪੌਦੇ ਲਗਾਉਣ ਜਾਂ ਜੰਗਲਾਤ ਨਾਲ ਸਬੰਧਤ ਕੋਈ ਹੋਰ ਮੰਤਵ; (viii) [ਉਦਯੋਗਿਕ, ਵਪਾਰਕ, ਸਿੱਖਿਅਕ ਜਾਂ ਪ੍ਰੋਫੈਸ਼ਨਲ]; (ix) ਬਾਲਣ, ਚਾਰੇ ਅਤੇ/ਜਾਂ ਅਨਾਜ ਦੀ ਸਟੋਰੇਜ਼; (x) ਇੱਟਾਂ ਦੇ ਭੱਠੇ, ਸ਼ੋਰਾ, ਰੇਤਾ, ਪੱਥਰ, ਕੰਕਰ, ਬਜਰੀ ਕਢਣਾ ਜਾਂ ਪੰਜਾਬ ਮਾਈਨਰ ਮਿਨਰਲ ਕੰਸ਼ੈਸ਼ਨ ਨਿਯਮ 1964 ਦੇ ਅਧੀਨ ਪ੍ਰਭਾਸ਼ਿਤ ਕੀਤੇ ਗਏ ਹੋਰ ਖਣਿਜ; (xi) ਅੰਤਿਮ ਸੰਸਕਾਰ ਜਾਂ ਸ਼ਮਸਾਨ ਭੂਮੀ; (xii) ਖਾਦ ਟੋਏ; (xiii) ਜਨਤਕ ਪਖਾਨੇ ਅਤੇ/ਜਾਂ ਪਿਸ਼ਾਬਘਰ; (xiv) ਰਸਤੇ, ਸੜਕਾਂ, ਖਾਲੇ ਜਾਂ ਪਾਣੀ ਦੇ ਸੂਏ; (xv) ਖੇਡ ਮੈਦਾਨ, ਮਨੋਰੰਜਨ ਪਾਰਕ ਜਾਂ ਬੱਚਿਆਂ ਦੇ ਪਾਰਕ ਜਾਂ [*ਬਾਲਬਾੜੀਆਂ*]; (xvi) ਨਾਕਾਫੀ ਘਰ ਰਿਹਾਇਸ਼ ਵਾਲੇ ਪਰਿਵਾਰ ਨੂੰ ਆਬਾਦੀ ਦੇ ਮੰਤਵ ਲਈ ਲੀਜ ਆਊਟ ਕਰਨ ਜਾਂ ਸਰਕਾਰ ਦੁਆਰਾ ਪ੍ਰਵਾਨਿਤ ਉਦਯੋਗਿਕ ਪ੍ਰੋਜੈਕਟ ਦੇ ਮੰਤਵ ਲਈ; (xvii) ਸਕੂਲ ਬਿਲਡਿੰਗ, ਸਕੂਲ ਲਾਇਬਰੇਰੀ ਜਾਂ ਸਿੱਖਿਅਕ ਮੰਤਵ ਲਈ ਕੋਈ ਹੋਰ ਢਾਂਚਾ; (xviii) ਜਣੇਪਾ ਜਾਂ ਫਸਟ-ਏਡ ਕੇਂਦਰ; (xix) ਹਸਪਤਾਲ ਜਾਂ ਡਿਸਪੈਂਸਰੀ; (xx) ਪਸ਼ੂ ਹਸਪਤਾਲ ਜਾਂ ਡਿਸਪੈਂਸਰੀ; (xxi) ਵਾਹਨ ਪਾਰਕ; (xxii) ਪੰਚਾਇਤ ਘਰ ਜਾਂ ਜੰਝਘਰ [ਜਾਂ ਸਮੁਦਾਇਕ ਕੇਂਦਰ]; (xxiii) ਟੋਭੇ ਅਤੇ ਮੱਛੀ ਪਾਲਣ; (xxiv) ਖੂਹਾਂ, ਨਲਕਾ, ਜਲਘਰ, ਜਾਂ ਕੋਈ ਪਾਣੀ ਉਠਾਉਣ ਵਾਲਾ ਉਪਕਰਣ; (xxv) ਵਾਹੀ ਲਈ ਠੇਕੇ ਉੱਤੇ ਦੇਣ; [(xxv-ੲ) ਥਰੈਸ਼ਿੰਗ ਫਲੋਰਜ; ਜਾਂ] (xxvi) ਪੰਚਾਇਤ ਸੰਮਤੀਆਂ ਦੀ ਪ੍ਰਵਾਨਗੀ ਨਾਲ ਕਿਸੇ ਹੋਰ ਕਿੰਡਰਡ ਸਾਂਝੇ ਮੰਤਵ ਲਈ।

ਦੀ ਨਮੂਨਾ ਜਾਂਚ ਕਰਦੇ ਹੋਏ ਅਪ੍ਰੈਲ 2016 ਤੋਂ ਮਾਰਚ 2019 ਦਾ ਸਮਾਂ ਕਵਰ ਕਰਦੇ ਹੋਏ ਇੱਕ ਲੇਖਾ ਪ੍ਰੀਖਿਆ ਕੀਤੀ ਗਈ ਸੀ (ਅਕਤੂਬਰ 2019 ਤੋਂ ਮਾਰਚ 2020)।

ਰਾਜ ਅੰਦਰ *ਸ਼ਾਮਲਾਟ* ਜ਼ਮੀਨ ਦੇ ਕੁੱਲ ਉਪਲਬਧ ਰਕਬੇ, ਬੋਲੀ ਕੀਤਾ ਅਤੇ ਜੀ ਪੀਜ਼ ਦੁਆਰਾ ਕਮਾਇਆ ਰੈਵੀਨਿਊ ਅਤੇ 2016-17 ਤੋਂ 2018-19 ਦੌਰਾਨ ਚੁਣੀਆਂ ਹੋਈਆਂ ਈ ਓ ਪੀ ਐਸਜ਼ ਅਧੀਨ ਜੀ ਪੀਜ਼ ਦਾ ਵੇਰਵਾ ਕ੍ਰਮਵਾਰ **ਸਾਰਣੀ** 2.1 ਅਤੇ **ਸਾਰਣੀ** 2.2 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.1:** 2016-17 ਤੋਂ 2018-19 ਦੌਰਾਨ ਰਾਜ ਵਿੱਚ *ਸ਼ਾਮਲਾਟ* ਜ਼ਮੀਨ ਦਾ ਕੁੱਲ ਉਪਲਬਧ ਖੇਤਰ, ਬੋਲੀ ਕੀਤੀ ਅਤੇ ਵੇਚੀ/ਟਰਾਂਸਫਰ ਕੀਤੀ ਗਈ ਅਤੇ ਉਸਦੇ ਵਿਰੁੱਧ ਕਮਾਏ ਗਏ ਰੈਵੀਨਿਊ ਦੇ ਵਰੇ-ਵਾਰ ਵੇਰਵੇ

| ਸਾਲ | ਪੰਜਾਬ ਰਾਜ ਵਿੱਚ ਕੁੱਲ *ਸ਼ਾਮਲਾਟ* ਜ਼ਮੀਨ (ਬੋਲੀ ਕੀਤੀ ਗਈ ਜ਼ਮੀਨ ਸਮੇਤ) (ਏਕੜ ਵਿੱਚ) | | | ਬੋਲੀ ਕੀਤੀ ਜ਼ਮੀਨ (ਏਕੜ ਵਿੱਚ) | ਕਮਾਈ ਗਈ ਆਮਦਨ (₹ ਕਰੋੜ ਵਿੱਚ) | ਵੇਚੀ/ ਟਰਾਂਸਫਰ ਕੀਤੀ ਜ਼ਮੀਨ (ਏਕੜ ਵਿੱਚ) | ਕਮਾਈ ਗਈ ਆਮਦਨ (₹ ਕਰੋੜ ਵਿੱਚ) | ਵੇਚੀ ਗਈ ਕੁੱਲ *ਸ਼ਾਮਲਾਟ* ਜ਼ਮੀਨ (ਏਕੜ ਵਿੱਚ) | *ਸ਼ਾਮਲਾਟ* ਜ਼ਮੀਨ ਤੋਂ ਕੁੱਲ ਆਮਦਨ (₹ ਕਰੋੜ ਵਿੱਚ) |
|---|---|---|---|---|---|---|---|---|---|
| | ਖੇਤੀ-ਬਾੜੀ ਵਾਲੀ ਜ਼ਮੀਨ | ਗੈਰ ਖੇਤੀਬਾੜੀ ਵਾਲੀ ਜ਼ਮੀਨ | ਕੁੱਲ ਜ਼ਮੀਨ[3] | | | | | | |
| **1** | **2** | **3** | **4** | **5** | **6** | **7** | **8** | **9 (5+7)** | **10 (6+8)** |
| 2016-17 | 1,64,185 | 5,46,263 | 7,10,448 | 1,42,095 | 274.98 | 427 | 142.09 | 1,42,522 | 417.07 |
| 2017-18 | 1,63,019 | 5,43,018 | 7,06,037 | 1,40,727 | 305.12 | 134 | 33.97 | 1,40,861 | 339.09 |
| 2018-19 | 1,62,128 | 5,41,998 | 7,04,126 | 1,39,628 | 330.29 | 14 | 0.00 | 1,39,642 | 330.29 |
| **ਜੋੜ** | | | | | **910.39** | **575** | **176.06** | | **1,086.45** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ 2.2:** 2016-17 ਤੋਂ 2018-19 ਦੌਰਾਨ ਚੁਣੇ ਗਏ 11 ਈ ਓ ਪੀ ਐਸਜ਼ ਅਧੀਨ ਕੁੱਲ, ਬੋਲੀ ਕੀਤੀ ਅਤੇ ਵੇਚੀ/ਟਰਾਂਸਫਰ ਕੀਤੀ ਗਈ *ਸ਼ਾਮਲਾਟ* ਜ਼ਮੀਨ ਅਤੇ ਉਸਦੇ ਵਿਰੁੱਧ ਕਮਾਈ ਗਈ ਆਮਦਨ ਦੇ ਵਰ੍ਹੇ-ਵਾਰ ਵੇਰਵੇ

| ਸਾਲ | ਚੁਣੇ ਹੋਏ 11 ਈ ਓ ਪੀ ਐਸਜ਼ ਅਧੀਨ (ਨਿਲਾਮੀ ਕੀਤੀ ਗਈ ਜ਼ਮੀਨ ਸਮੇਤ) ਕੁੱਲ *ਸ਼ਾਮਲਾਟ* ਜ਼ਮੀਨ (ਏਕੜ ਵਿੱਚ) | | | ਨਿਲਾਮੀ ਕੀਤੀ ਜ਼ਮੀਨ (ਏਕੜ ਵਿੱਚ) | ਕਮਾਈ ਆਮਦਨ (₹ ਕਰੋੜ ਵਿੱਚ) | ਵੇਚੀ/ ਟਰਾਂਸਫਰ ਕੀਤੀ ਜ਼ਮੀਨ (ਏਕੜ ਵਿੱਚ) | ਕਮਾਈ ਗਈ ਆਮਦਨ (₹ ਕਰੋੜ ਵਿੱਚ) | ਵੇਚੀ ਗਈ ਕੁੱਲ *ਸ਼ਾਮਲਾਟ* ਜ਼ਮੀਨ (ਏਕੜ ਵਿੱਚ) | *ਸ਼ਾਮਲਾਟ* ਜ਼ਮੀਨ ਤੋਂ ਕੁੱਲ ਆਮਦਨ (₹ ਕਰੋੜ ਵਿੱਚ) |
|---|---|---|---|---|---|---|---|---|---|
| | ਖੇਤੀ-ਬਾੜੀ ਵਾਲੀ ਜ਼ਮੀਨ | ਗੈਰ ਖੇਤੀ-ਬਾੜੀ ਵਾਲੀ ਜ਼ਮੀਨ | ਕੁੱਲ ਜ਼ਮੀਨ | | | | | | |
| **1** | **2** | **3** | **4** | **5** | **6** | **7** | **8** | **9 (5+7)** | **10 (6+8)** |
| 2016-17 | 12,534 | 72,925 | 85,459 | 10,319 | 17.85 | 192* | 54.50 | 10,356 | 72.35 |
| 2017-18 | 12,365 | 72,902 | 85,267 | 10,139 | 19.22 | 280# | 0 | 10,139 | 19.22 |
| 2018-19 | 12,087 | 72,900 | 84,987 | 10,595 | 19.75 | 0 | 0 | 10,595 | 19.75 |
| **ਜੋੜ** | | | | | **56.82** | **472** | **54.50** | **31,090** | **111.32** |

*ਸ੍ਰੋਤ: ਵਿਭਾਗੀ ਡਾਟਾ*

* ਵੇਚੀ: 37 ਏਕੜ ਅਤੇ ਟਰਾਂਸਫਰ ਕੀਤੀ : 155 ਏਕੜ ।

# ਟਰਾਂਸਫਰ ਕੀਤੀ ।

[3] 2016-19 ਦੌਰਾਨ ਵੇਚੀ ਗਈ/ਟਰਾਂਸਫਰ ਕੀਤੀ ਜਮੀਨ ਦੀ ਕਟੌਤੀ ਤੋਂ ਬਾਅਦ ਕੁੱਲ ਉਪਲਬੱਧ ਜ਼ਮੀਨ ਦਾ ਮਿਲਾਨ ਨਹੀਂ ਹੋਇਆ ਹੈ। ਇਸ ਸਬੰਧੀ ਵਿਭਾਗ ਤੋਂ ਕਾਰਣ ਪੁੱਛੇ ਗਏ ਸਨ (ਮਾਰਚ 2021); ਉੱਤਰ ਦੀ ਉਡੀਕ ਸੀ।

## ਲੇਖਾ ਪ੍ਰੀਖਿਆ ਲੱਭਤਾਂ

### 2.1.2 *ਸ਼ਾਮਲਾਟ* ਜ਼ਮੀਨ ਦੀ ਲੀਜ਼ ਮਨੀ ਵਿੱਚ ਵਾਧਾ ਨਾ ਕਰਨਾ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮ, 2012 ਇਹ ਨਿਰਧਾਰਤ ਕਰਦੇ ਹਨ ਕਿ ਸਰਪੰਚ ਗ੍ਰਾਮ ਪੰਚਾਇਤ ਨਾਲ ਸਲਾਹ-ਮਸ਼ਵਰਾ ਕਰਕੇ ਕਰ ਰੈਵੀਨਿਊ ਲਗਾਉਣ ਤੋਂ ਇਲਾਵਾ, ਹਰ ਸਾਲ ਹੋਰ ਆਮਦਨ ਵਧਾਉਣ ਦੇ ਉਪਰਾਲੇ ਕਰੇਗਾ। ਪੰਜਾਬ ਗ੍ਰਾਮ ਪੰਚਾਇਤ ਲੈਂਡਜ਼ ਲੀਜ਼ ਪਾਲਿਸੀ, 2014 ਦੇ ਅਨੁਸਾਰ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਜ਼ਿਲ੍ਹਾ ਕੀਮਤ ਨਿਰਧਾਰਤ ਕਮੇਟੀ (ਡੀ ਪੀ ਐਫ ਸੀ) ਦੁਆਰਾ ਨਿਰਧਾਰਤ ਕੀਤੀ ਲੀਜ਼ ਦੀ ਰਾਖਵੀਂ ਕੀਮਤ ਪ੍ਰਾਪਤ ਕਰੇਗਾ। ਲੀਜ਼ ਦਰ ਨਿਸ਼ਚਤ ਕਰਨ ਸਮੇਂ ਡੀ ਪੀ ਐਫ ਸੀ ਜ਼ਮੀਨ ਦੀ ਕਿਸਮ ਅਤੇ ਬਾਜ਼ਾਰੀ ਕੀਮਤ, ਮੁੱਖ-ਮਾਰਗਾਂ ਅਤੇ ਸ਼ਹਿਰੀ ਖੇਤਰਾਂ ਨੂੰ ਇਸਦੀ ਨੇੜਤਾ ਅਤੇ ਹੋਰ ਜ਼ਰੂਰੀ ਤੱਥਾਂ ਨੂੰ, ਜਿਵੇਂ ਦਾ ਵੀ ਕੇਸ ਹੋਵੇ, ਵਿਚਾਰੇਗੀ, ਬਸ਼ਰਤੇ ਕਿ ਇਹ ਲੀਜ਼ ਰਾਸ਼ੀ ਪਿਛਲੇ ਸਾਲ ਦੀ ਅਦਾਇਗੀਯੋਗ ਲੀਜ਼ ਰਾਸ਼ੀ ਤੋਂ 10 *ਪ੍ਰਤੀਸ਼ਤ* ਵੱਧ ਚਾਰਜ਼ ਕੀਤਾ ਜਾਵੇਂ।

ਅੱਗੇ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ (ਵਿਭਾਗ) ਨੇ ਰਾਜ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ (ਡੀ ਡੀ ਪੀ ਓ), ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ (ਬੀ ਡੀ ਪੀ ਓ), ਵਧੀਕ ਡਿਪਟੀ ਕਮਿਸ਼ਨਰਾਂ ਵਿਕਾਸ (ਏ ਡੀ ਸੀ), ਮੁੱਖ ਕਾਰਜਕਾਰੀ ਅਧਿਕਾਰੀਆਂ (ਜ਼ਿਲ੍ਹਾ ਪ੍ਰੀਸ਼ਦਾਂ) ਅਤੇ ਡਿਪਟੀ ਡਾਇਰੈਕਟਰ (ਪੰਚਾਇਤਾਂ) ਨੂੰ *ਸ਼ਾਮਲਾਟ* ਜ਼ਮੀਨ ਤੋਂ ਆਮਦਨ ਵਧਾਉਣ ਦੇ ਨਿਰਦੇਸ਼ ਦਿੱਤੇ (ਮਾਰਚ 2016)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2016-2019 ਦੇ ਸਮੇਂ ਦੌਰਾਨ, ਚੁਣੀਆਂ ਹੋਈਆਂ 110 ਜੀ ਪੀਜ਼ ਵਿੱਚੋਂ:

**(i)** ਨੌਂ[4] ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ 30 ਜੀ ਪੀਜ਼ ਵਿੱਚ:

- 15[5] ਜੀ ਪੀਜ਼ ਵਿੱਚ ਪਿਛਲੇ ਸਾਲ ਦੀ ਤੁਲਨਾ ਵਿੱਚ *ਸ਼ਾਮਲਾਟ* ਜ਼ਮੀਨ ਤੋਂ ਆਮਦਨ ਵਿੱਚ 03 ਤੋਂ 68 *ਪ੍ਰਤੀਸ਼ਤ* ਦੀ ਗਿਰਾਵਟ ਸੀ *(ਅੰਤਿਕਾ 2.2)।*
- 26 ਜੀ ਪੀਜ਼[6] ਵਿੱਚ *ਸ਼ਾਮਲਾਟ* ਜ਼ਮੀਨ ਤੋਂ ਜਾਂ ਤਾਂ ਆਮਦਨ ਵਿੱਚ ਕੋਈ ਵਾਧਾ ਨਹੀਂ ਸੀ ਜਾਂ ਇਹ ਵਾਧਾ 10 *ਪ੍ਰਤੀਸ਼ਤ* ਤੋਂ ਘੱਟ ਸੀ *(ਅੰਤਿਕਾ 2.2)।*

ਖਰੜ, ਸਮਾਣਾ, ਖੰਨਾ, ਰੂਪਨਗਰ, ਅਤੇ ਭੀਖੀ ਨੇ *ਸ਼ਾਮਲਾਟ* ਜ਼ਮੀਨ ਤੋਂ ਘੱਟ ਆਮਦਨ ਦਾ ਕਾਰਣ, ਬੋਲੀ ਵਿੱਚ ਬੋਲੀਕਾਰਾਂ ਦੀ ਘੱਟ ਸ਼ਮੂਲੀਅਤ ਨੂੰ ਦੱਸਿਆ (ਨਵੰਬਰ-ਦਸੰਬਰ 2020),

---

4 (i) ਭਿੱਖੀ; (ii) ਡੇਰਾ ਬੱਸੀ; (iii) ਖੰਨਾ; (iv) ਖਰੜ; (v) ਮਾਜਰੀ; (vi) ਰੂਪਨਗਰ; (vii) ਸਮਾਣਾ; (viii) ਤਰਨ ਤਾਰਨ; ਅਤੇ (ix) ਵਲਟੋਹਾ।

5 (i) ਅਰੈਣ ਮਾਜਰਾ; (ii) ਅਟਲਾ ਖੁਰਦ; (iii) ਚੰਦੋ ਗੋਬਿੰਦਗੜ੍ਹ; (iv) ਦੌਣ; (v) ਗਿਲ ਵੜੈਚ; (vi) ਕਕਰਾਲੀ; (vii) ਮੰਢਿਆਲਾ ਕਲਾਂ; (viii) ਮਰੋੜੀ; (ix) ਮੌਂਜੋ ਕਲਾਂ; (x) ਮੋਹਨ ਪੁਰ; (xi) ਪੰਜਵੜ ਖੁਰਦ; (xii) ਪਰਾਗਪੁਰ; (xiii) ਸਫੀਪੁਰ; (xiv) ਸਿਤਾਰਪੁਰ; ਅਤੇ (xv) ਥਾਥੀ।

6 (i) ਅਕਾਲ ਗੜ੍ਹ; (ii) ਅਲੀਪੁਰ; (iii) ਅਰੈਣ ਮਾਜਰਾ; (iv) ਭੋਪੁਰ; (v) ਚੰਦੋ ਗੋਬਿੰਦਗੜ੍ਹ; (vi) ਦੇਹੜੂ; (vii) ਦੌਣ; (viii) ਦੁਲਵਾਂ; (ix) ਗਿਲ ਵੜੈਚ; (x) ਝਿੰਗੜਾ ਕਲਾਂ; (xi) ਕਕਰਾਲਾ ਕਰਾਲੀ; (xii) ਮਕਰਾਂ; (xiii) ਮੰਢਿਆਲਾ ਕਲਾਂ; (xiv) ਮਰੋੜੀ; (xv) ਮੋਹਨ ਪੁਰ; (xvi) ਮੂਸੇ ਕਲਾਂ; (xvii) ਪੰਜਵੜ ਖੁਰਦ; (xviii) ਪੰਨੂਆਂ; (xix) ਰਾਜੇ ਮਾਜਰਾ; (xx) ਰੱਲਾ; (xxi) ਸਾਧ ਮਾਜਰਾ; (xxii) ਸਫੀਪੁਰ; (xxiii) ਸੈਣੀ ਮਾਜਰਾ; (xxiv) ਸਰਾਏ; (xxv) ਵਲਟੋਹਾ; ਅਤੇ (xvi) ਥਾਥੀ।

ਜਿਸ ਕਰਕੇ ਪਿਛਲੇ ਸਾਲ ਦੀ ਤੁਲਨਾ ਵਿੱਚ ਘੱਟ ਕੀਮਤ ਤੇ ਨਿਲਾਮੀ ਕੀਤੀ ਗਈ ਸੀ। ਈ ਓ ਪੀ ਐਸਜ਼ ਡੇਰਾਬਸੀ, ਮਾਜਰੀ ਅਤੇ ਵਲਟੋਹਾ ਨੇ ਇਸ ਦਾ ਕਾਰਣ ਪਾਣੀ ਦੇ ਸ੍ਰੋਤ/ਟਿਊਬਵੈਲ ਕੈਨੇਕਸ਼ਨਾਂ ਦੇ ਨਾ ਹੋਣ ਅਤੇ ਉੱਚੀ-ਨੀਵੀਂ ਜ਼ਮੀਨ ਹੋਣ ਨੂੰ ਦੱਸਿਆ (ਦਸੰਬਰ 2020-ਜਨਵਰੀ 2021)।

**(ii)** ਤਿੰਨ ਈ ਓ ਪੀ ਐਸਜ਼ ਅਧੀਨ ਆਉਣ ਵਾਲੀਆ ਪੰਜ ਜੀ ਪੀਜ਼ ਦੇ ਮਾਮਲੇ ਵਿੱਚ 2016-17 ਤੋਂ 2018-19 ਦੇ ਸਮੇਂ ਦੌਰਾਨ 20 ਏਕੜ ਜ਼ਮੀਨ ਦੀ ਘੱਟ ਨਿਲਾਮੀ ਕੀਤੀ ਗਈ ਸੀ *(ਅੰਤਿਕਾ 2.3)*।

ਸਬੰਧਤ ਈ ਓ ਪੀ ਐਸਜ਼ ਨੇ ਘੱਟ ਜਮੀਨ ਦੀ ਨਿਲਾਮੀ ਦਾ ਕਾਰਣ ਪਾਣੀ ਦੇ ਸ੍ਰੋਤ ਦੀ ਗੈਰ-ਉਪਲਬੱਧਤਾ ਅਤੇ ਉੱਚੀ-ਨੀਵੀਂ/ਘੱਟ ਗੁਣਵੱਤਾ ਵਾਲੀ ਜਮੀਨ ਅਤੇ ਬੋਲੀਕਾਰਾ ਦੀ ਘੱਟ ਸ਼ਮੂਲੀਅਤ ਨੂੰ ਦੱਸਿਆ (ਦਸੰਬਰ 2020)।

### 2.1.3 *ਸ਼ਾਮਲਾਟ* ਜ਼ਮੀਨ ਉੱਤੇ ਅਣਅਧਿਕਾਰਤ ਕਬਜ਼ਾ

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 85 ਜੀ ਪੀ ਨੂੰ ਜਾਇਦਾਦ ਗ੍ਰਹਿਣ ਕਰਨ, ਰੱਖਣ ਅਤੇ ਵੇਚਣ ਅਤੇ ਕੰਟਰੈਕਟ ਕਰਨ ਦੀ ਸ਼ਕਤੀ ਦਿੰਦਾ ਹੈ। ਜੀ ਪੀ ਨੂੰ ਆਪਣੇ ਅਧਿਕਾਰ ਖੇਤਰ ਦੀ ਸਥਾਨਕ ਸੀਮਾਂ ਅਧੀਨ ਜਾਇਦਾਦ ਦੇ ਡਾਇਰੈਕਸ਼ਨ, ਪ੍ਰਬੰਧਨ ਅਤੇ ਕੰਟਰੋਲ ਲਈ ਵੀ ਸ਼ਕਤੀ ਦਿੱਤੀ ਗਈ ਹੈ।

ਚੁਣੀਆਂ ਹੋਈਆਂ 110 ਜੀ ਪੀਜ਼ ਦੇ ਰਿਕਾਰਡ ਦੀ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ 31 ਮਾਰਚ 2019 ਨੂੰ ਤਿੰਨ ਈ ਓ ਪੀ ਐਸਜ਼ ਅਧੀਨ ਆਉਣ ਵਾਲੀਆ ਚਾਰ ਜੀ ਪੀਜ਼ ਵਿੱਚ 3,694 ਏਕੜ ਰਕਬੇ ਦੀ ਜ਼ਮੀਨ ਅਣਅਧਿਕਾਰਤ ਕਬਜ਼ੇ ਹੇਠ ਸੀ, ਜਿਵੇਂ ਕਿ **ਸਾਰਣੀ** 2.3 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.3:** 31.03.2019 ਨੂੰ ਚੁਣੀਆਂ ਹੋਈਆਂ ਜੀ ਪੀਜ਼ ਵਿੱਚ ਅਣਅਧਿਕਾਰਤ ਕਬਜ਼ੇ ਦੇ ਵੇਰਵੇ

| ਲੜੀ ਨੰ. | ਗ੍ਰਾਮ ਪੰਚਾਇਤ | ਪੰਚਾਇਤ ਸੰਮਤੀ (ਈ ਓ ਪੀ ਐਸ) | ਜ਼ਿਲ੍ਹਾ | ਰਕਬਾ (ਏਕੜ-ਕਨਾਲ-ਮਰਲਾ) | ਜਦੋਂ ਤੋਂ ਅਣਅਧਿਕਾਰਤ ਕਬਜ਼ਾ ਹੈ |
|---|---|---|---|---|---|
| 1. | ਸਲੇਮਪੁਰ ਖੁਰਦ | ਮਾਜ਼ਰੀ | ਐਸ ਏ ਐਸ ਨਗਰ | 150 - 00 - 00 | 2001 |
| 2. | ਮਿਰਜ਼ਾਪੁਰ | | | 3,340 - 00 - 00 | 1998 |
| 3. | ਬਲੌਂਗੀ | ਖਰੜ | | 11 - 07 - 14 | 2010 |
| 4. | ਸੁੰਦਰਾਂ | ਡੇਰਾਬਸੀ | | 192 - 00 - 00 | 2009 |
| **ਜੋੜ** | | | | **3,693 - 07 - 14** | |

*ਸ੍ਰੋਤ: ਵਿਭਾਗੀ ਡਾਟਾ*

ਈ ਓ ਪੀ ਐਸਜ਼ ਮਾਜਰੀ ਅਤੇ ਡੇਰਾਬਸੀ ਨੇ ਕਿਹਾ (ਸਤੰਬਰ 2020-ਜਨਵਰੀ 2021) ਕਿ ਦਸੰਬਰ 2009 ਤੋਂ ਵੱਖ-ਵੱਖ ਵਿਭਾਗੀ ਅਦਾਲਤਾਂ ਵਿੱਚ ਮਾਮਲੇ ਬਕਾਇਆ ਪਏ ਸਨ। ਈ ਓ ਪੀ ਐਸ ਖਰੜ ਨੇ ਕਿਹਾ (ਦਸੰਬਰ 2020) ਕਿ ਅਣਅਧਿਕਾਰਤ ਜ਼ਮੀਨ ਨੂੰ ਖਾਲੀ ਕਰਵਾਉਣ ਲਈ ਐਸ ਏ ਐਸ ਨਗਰ ਦੇ ਤਹਿਸੀਲਦਾਰ ਕੋਲ ਮਾਮਲਾ ਉਠਾਇਆ ਗਿਆ ਸੀ, ਪ੍ਰੰਤੂ ਇਸ ਸਬੰਧੀ ਤਹਿਸੀਲਦਾਰ ਵੱਲੋਂ ਕਾਰਵਾਈ ਕਰਨਾ ਅਜੇ ਬਾਕੀ ਸੀ।

17 ਈ ਓ ਪੀ ਐਸਜ਼ (ਉਪਰ ਚੁਣੀਆਂ ਹੋਈਆਂ ਪੀ ਆਰ ਆਈਜ਼ ਭਾਵ 110 ਜੀ ਪੀਜ਼, 11 ਈ ਓ ਪੀ ਐਸਜ਼ ਅਤੇ ਇੱਕ ਜ਼ੈਡ ਪੀ ਤੋਂ ਇਲਾਵਾ) ਅਧੀਨ ਆਉਣਵਾਲੀਆਂ 79 ਜੀ ਪੀਜ਼ ਦੇ

ਰਿਕਾਰਡ ਦੀ ਨਿਯਮਤ ਲੇਖਾ ਪ੍ਰੀਖਿਆ (ਜੁਲਾਈ 2016-ਮਾਰਚ 2019) ਦੌਰਾਨ ਨਮੂਨਾ ਜਾਂਚ ਨੇ ਦਰਸਾਇਆ ਕਿ 1,454 ਏਕੜ 5 ਕਨਾਲ ਅਤੇ 12 ਮਰਲਾ ***(ਅੰਤਿਕਾ 2.4)*** ਜ਼ਮੀਨ ਅਣਅਧਿਕਾਰਤ ਕਬਜ਼ੇ ਅਧੀਨ ਸੀ। ਸਬੰਧਤ ਈ ਓ ਪੀ ਐਸਜ਼ ਨੇ ਕਿਹਾ (ਅਗਸਤ 2017) ਕਿ ਇਸ ਜ਼ਮੀਨ ਨੂੰ ਵਾਪਸ ਲੈਣ ਲਈ ਵਿਭਾਗੀ ਅਦਾਲਤਾਂ ਦੇ ਨਾਲ ਨਾਲ ਸਿਵਲ ਅਦਾਲਤਾਂ ਵਿੱਚ ਕਾਰਵਾਈ ਸ਼ੁਰੂ ਕੀਤੀ ਗਈ ਸੀ। ਅਣਅਧਿਕਾਰਤ ਕਬਜ਼ੇ ਤੋਂ ਖਾਲੀ ਕਾਰਵਾਈ ਗਈ ਜ਼ਮੀਨ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### 2.1.4 ਕਿਰਾਏ ਦੀ ਵਸੂਲੀ ਨਾ ਕਰਨਾ

ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦਾਂ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ 2014 ਦਾ ਨਿਯਮ 46 ਨਿਰਧਾਰਤ ਕਰਦਾ ਹੈ ਕਿ ਕਾਰਜਸਾਧਕ ਅਫਸਰ ਜਾਂ ਮੁੱਖ ਕਾਰਜਸਾਧਕ ਅਫਸਰ ਦੀ ਇਹ ਵੇਖਣਾ ਮੁਢਲੀ ਜ਼ਿੰਮੇਵਾਰੀ ਹੈ ਕਿ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ, ਜੋ ਵੀ ਹੋਵੇ, ਦੀ ਸਾਰੀ ਰੈਵੀਨਿਊ ਜਾਂ ਹੋਰ ਕਰਜ਼ੇ ਜਿਨ੍ਹਾਂ ਦਾ ਲੇਖਾਕਰਣ ਕਰਨਾ ਬਣਦਾ ਹੈ, ਨੂੰ ਸਹੀ, ਤੁਰੰਤ ਅਤੇ ਨਿਯਮਤਤਾ ਨਾਲ ਨਿਰਧਾਰਤ, ਉਗਰਾਹਿਆ ਅਤੇ ਇਸ ਲੇਖੇ ਦੇ ਫੰਡ ਵਿੱਚ ਜਮ੍ਹਾਂ ਕਰਵਾਇਆ ਜਾਵੇ। ਇਸ ਤੋਂ ਇਲਾਵਾ, ਪੰਜਾਬ ਪੰਚਾਇਤੀ ਰਾਜ ਐਕਟ 1994 ਦੇ ਅਨੁਭਾਗ 195(1) ਅਤੇ 198 (2) ਅਨੁਸਾਰ ਏ ਡੀ ਸੀ (ਵਿਕਾਸ) ਜੋ ਕਿ ਹਰ ਜ਼ਿਲ੍ਹੇ ਵਿੱਚ ਜ਼ਿਲਾ ਪ੍ਰੀਸ਼ਦ ਦਾ ਐਕਸ-ਆਫੀਸੀਓ ਮੁੱਖ ਕਾਰਜਸਾਧਕ ਅਫਸਰ (ਸੀ ਈ ਓ) ਹੈ, ਕਿਸੇ ਵਿਅਕਤੀ ਕੋਲੋਂ ਲੈਣੇ ਬਣਦੇ ਪੈਸੇ ਦੀ ਵਸੂਲੀ ਲਈ ਕਦਮ ਚੁੱਕ ਸਕਦਾ ਹੈ ਅਤੇ ਇਸ ਸਬੰਧੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਜਿਹੜੀਆਂ ਕਿ ਅਪਰਾਧਿਕ ਕੋਡ ਪ੍ਰਕ੍ਰਿਆ, 1973 (1974 ਦਾ ਕੇਂਦਰੀ ਐਕਟ 2) ਦੇ ਅਧਿਆਇ-VII ਦੇ ਉਪਬੰਧਾਂ ਅਧੀਨ ਮੈਜਿਸਟ੍ਰੇਟ ਦੁਆਰਾ ਕਨੂੰਨ ਅਨੁਸਾਰ ਵਰਤੀਆਂ ਜਾ ਸਕਦੀਆਂ ਹਨ।

ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 12 ਚੁਣੀਆਂ ਹੋਈਆਂ ਇਕਾਈਆਂ (11 ਈ ਓ ਪੀ ਐਸਜ਼ ਅਤੇ ਇੱਕ ਜ਼ੈਡ ਪੀ) ਵਿੱਚੋਂ ਪੰਜ ਇਕਾਈਆਂ (ਚਾਰ ਈ ਓ ਪੀ ਐਸਜ਼ ਅਤੇ ਇੱਕ ਜ਼ੈਡ ਪੀ) ਵਿੱਚ ਅਪ੍ਰੈਲ 1987 ਤੋਂ ਮਾਰਚ 2020 ਦੇ ਸਮੇਂ ਨਾਲ ਸਬੰਧਤ ₹ 152.70 ਲੱਖ ਦੀ ਰਾਸ਼ੀ ਦਾ ਦੁਕਾਨਾਂ ਦਾ ਕਿਰਾਇਆ 31 ਮਾਰਚ 2020 ਨੂੰ ਬਕਾਇਆ ਸੀ, ਜਿਵੇਂ ਕਿ **ਸਾਰਣੀ** 2.4 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.4: 31 ਮਾਰਚ 2020 ਨੂੰ ਬਕਾਇਆ ਕਿਰਾਏ ਦੀ ਸਥਿਤੀ**

*(₹ ਲੱਖ ਵਿੱਚ)*

| ਲੜੀ ਨੰ. | ਪੀ ਆਰ ਆਈ ਦਾ ਨਾਂਅ | ਜ਼ਿਲ੍ਹਾ | ਤੋਂ | ਤੱਕ | ਰਾਸ਼ੀ |
|---|---|---|---|---|---|
| 1. | ਜ਼ਿਲ੍ਹਾ ਪ੍ਰੀਸ਼ਦ, ਰੂਪਨਗਰ | ਰੂਪਨਗਰ | 06/1990 | 03/2020 | 31.95 |
| 2. | ਈ ਓ ਪੀ ਐਸ ਰੂਪਨਗਰ | ਰੂਪਨਗਰ | 04/2014 | 03/2020 | 2.18 |
| 3. | ਈ ਓ ਪੀ ਐਸ ਮਾਜ਼ਰੀ | ਐਸ ਏ ਐਸ ਨਗਰ | 04/2014 | 03/2020 | 17.33 |
| 4. | ਈ ਓ ਪੀ ਐਸ ਖਰੜ | ਐਸ ਏ ਐਸ ਨਗਰ | 04/1987 | 03/2020 | 100.32* |
| 5. | ਈ ਓ ਪੀ ਐਸ ਤਰਨ ਤਾਰਨ | ਤਰਨ ਤਾਰਨ | 04/2019 | 03/2020 | 0.92 |
| **ਜੋੜ** | | | | | **152.70** |

*ਸ੍ਰੋਤ: ਵਿਭਾਗੀ ਡਾਟਾ*

* *ਵਿਭਾਗੀ ਅਦਾਲਤਾਂ ਵਿੱਚ ਬਕਾਇਆ ਪਏ ₹92.24 ਲੱਖ ਦੇ ਬਕਾਇਆ ਕਿਰਾਏ ਦੇ ਮਾਮਲਿਆਂ ਸਮੇਤ।*

ਕਿਰਾਇਆ ਇਕਰਾਰਨਾਮੇਂ ਦੀਆਂ ਕਾਪੀਆਂ ਭਾਵੇਂ ਸਬੰਧਤ ਅਥਾਰਟੀਆਂ ਤੋਂ ਮੰਗੀਆਂ ਗਈਆਂ ਸਨ (ਅਗਸਤ-ਨਵੰਬਰ 2020), ਲੇਖਾ ਪ੍ਰੀਖਿਆ ਨੂੰ ਨਹੀ ਦਿੱਤੀਆਂ ਗਈਆਂ ਸਨ (ਜਨਵਰੀ 2021)।

ਤਿੰਨ ਈ ਓ ਪੀ ਐਸਜ਼ ਦੁਆਰਾ ਲੇਖਾ ਪ੍ਰੀਖਿਆ ਵਲੋਂ ਧਿਆਨ ਵਿੱਚ ਲਿਆਂਦੇ (ਦਸੰਬਰ 2020) ਗਏ ਅਨੁਸਾਰ ₹ 4.88 ਲੱਖ[7] (₹ 11.18 ਲੱਖ ਵਿੱਚੋਂ) ਦੀ ਵਸੂਲੀ ਕੀਤੇ ਜਾਣ ਦੀ ਸੂਚਨਾ ਸੀ, ਪ੍ਰੰਤੂ ਇਸ ਦੇ ਪੱਖ ਵਿੱਚ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤਾ ਸੀ। (ਅਗਸਤ 2021)।

### 2.1.5 ਰੁਖ ਲਗਾਉਣ ਦੀ ਨੀਤੀ ਲਾਗੂ ਨਾ ਕਰਨਾ

ਪੰਜਾਬ ਰਾਜ ਵਿੱਚ ਥੱਲੇ ਜਾ ਰਹੇ ਧਰਤੀ ਹੇਠਲੇ ਪਾਣੀ ਦੇ ਪੱਧਰ, ਭੂਮੀ ਦੇ ਖੁਰਨ ਨੂੰ ਰੋਕਣ ਲਈ, ਪ੍ਰਦੂਸ਼ਣ ਦਾ ਸਾਹਮਣਾ ਕਰਨ ਲਈ, ਸਾਫ ਵਾਤਾਵਰਣ ਅਤੇ ਹਰੀ ਪੱਟੀ ਬਣਾਉਣ ਲਈ ਪੰਜਾਬ ਸਰਕਾਰ (ਜੀ ਓ ਪੀ) ਨੇ ਗ੍ਰਾਮ ਪੰਚਾਇਤ ਪਲਾਂਟੇਸ਼ਨ ਆਫ ਟਰੀਜ਼ ਪਾਲਿਸੀ ਨੋਟੀਫਾਈ ਕੀਤੀ (ਫਰਵਰੀ 2017), ਜਿਸ ਵਿੱਚ ਨਿਰਧਾਰਤ ਕੀਤਾ ਗਿਆ ਕਿ ਜੀ ਪੀ ਜਿਸ ਕੋਲ ਪੰਜ ਏਕੜ ਤੋਂ ਵੱਧ ਭੂਮੀ ਹੈ, ਉਸ ਦੀ ਵਾਹੀਯੋਗ ਭੂਮੀ ਉੱਤੇ ਰੁੱਖ ਲਗਾਏ ਜਾਣਗੇ। ਪੰਜਾਬ ਵਿਲੇਜ਼ ਕੌਮਨ ਲੈਂਡਜ਼ (ਰੈਗੂਲੇਸ਼ਨ) ਨਿਯਮਾਵਲੀ 1964 ਦੇ ਨਿਯਮ 6(1) (ਏ) ਅਧੀਨ ਜੀ ਪੀ ਆਪਣੀ ਵਾਹੀਯੋਗ ਭੂਮੀ ਦਾ ਇੱਕ ਤਿਹਾਈ ਹਿੱਸਾ ਅਨੁਸੂਚਿਤ ਜਾਤੀ ਦੇ ਮੈਬਰਾਂ ਨੂੰ ਪੱਟੇ ਤੇ ਦੇਣ ਲਈ ਰਾਖਵਾ ਛੱਡ ਕੇ, ਇੱਕ ਤਿਹਾਈ ਹਿੱਸੇ ਨੂੰ ਰੁੱਖ ਲਾਉਣ ਲਈ ਵਰਤੇਗੀ।

ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਦੋ ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ ਚਾਰ ਜੀ ਪੀਜ਼ ਦੇ ਕਬਜ਼ੇ ਵਿੱਚ ਕੁੱਲ 54 ਏਕੜ ਦੀ ਵਾਹੀਯੋਗ ਜ਼ਮੀਨ ਸੀ। ਪ੍ਰੰਤੂ, ਉਕਤ ਨੋਟੀਫਿਕੇਸ਼ਨ ਦੀ ਉਲੰਘਣਾ ਵਿੱਚ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਪੱਟੇ ਤੇ ਦੇਣ ਲਈ ਇੱਕ-ਤਿਹਾਈ ਹਿੱਸਾ ਰਾਖਵਾ ਛੱਡਦੇ ਹੋਏ 12 ਏਕੜ ਦੀ ਜ਼ਮੀਨ ਰੁੱਖ ਲਾਉਣ ਲਈ ਨਹੀਂ ਵਰਤੀ ਗਈ ਸੀ ਜਿਵੇਂ ਕਿ **ਸਾਰਣੀ** 2.5 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.5: ਚੁਣੀਆਂ ਹੋਈਆਂ ਗ੍ਰਾਮ ਪੰਚਾਇਤਾ ਵਿੱਚ ਰੁੱਖ ਨਾ ਲਗਾਉਣ ਦੇ ਵੇਰਵੇ**

*(ਰਕਬਾ ਏਕੜ ਵਿੱਚ)*

| ਲੜੀ ਨੰ. | ਬਲਾਕ ਦਾ ਨਾਂਅ (ਈ ਓ ਪੀ ਐਸ) | ਗ੍ਰਾਮ ਪੰਚਾਇਤ ਦਾ ਨਾਂਅ | 2017-18 | | | 2018-19 | | |
|---|---|---|---|---|---|---|---|---|
| | | | ਕੁੱਲ ਵਾਹੀਯੋਗ ਜ਼ਮੀਨ | ਬਕਾਇਆ ਜ਼ਮੀਨ (ਐਸ ਸੀਜ਼ ਲਈ 1/3 ਜ਼ਮੀਨ ਰਾਖਵੀਂ ਰੱਖਣ ਉਪਰੰਤ) | ਜ਼ਮੀਨ ਦਾ 1/3 ਰੁੱਖ ਲਗਾਉਣ ਲਈ | ਕੁੱਲ ਵਾਹੀਯੋਗ ਜ਼ਮੀਨ | ਬਕਾਇਆ ਜ਼ਮੀਨ (ਐਸ ਸੀਜ਼ ਲਈ 1/3 ਜ਼ਮੀਨ ਰਾਖਵੀਂ ਰੱਖਣ ਉਪਰੰਤ) | ਜ਼ਮੀਨ ਦਾ 1/3 ਰੁੱਖ ਲਗਾਉਣ ਲਈ |
| 1. | ਖੰਨਾ | ਭੋਪੁਰ | 28 | 19 | 6 | 28 | 19 | 6 |
| 2. | ਡੇਰਾਬਸੀ | ਕਕਰਾਲੀ | 12 | 8 | 3 | 12 | 8 | 3 |
| 3. | | ਪਰਾਗਪੁਰ | 6 | 4 | 1 | 6 | 4 | 1 |
| 4. | | ਸਿਤਾਰਪੁਰ | 8 | 5 | 2 | 8 | 5 | 2 |
| **ਜੋੜ** | | | **54** | **36** | **12** | **54** | **36** | **12** |

*ਸ੍ਰੋਤ: ਵਿਭਾਗੀ ਡਾਟਾ*

[7] ਈ ਓ ਪੀ ਐਸਜ਼ (i) ਖਰੜ: ₹ 3.00 ਲੱਖ; (ii) ਰੂਪਨਗਰ: ₹ 1.39 ਲੱਖ; ਅਤੇ (iii) ਤਰਨ ਤਾਰਨ: ₹ 0.49 ਲੱਖ।

ਈ ਓ ਪੀ ਐਸਜ਼ ਡੇਰਾਬੱਸੀ ਅਤੇ ਖੰਨਾ ਨੇ ਕਿਹਾ (ਨਵੰਬਰ 2020) ਕਿ ਜੀ ਪੀਜ਼ ਨੇ ਰੁੱਖ ਲਾਉਣ ਲਈ ਜ਼ਮੀਨ ਖਾਲੀ ਨਾ ਰੱਖਣ ਲਈ ਫੈਸਲਾ ਲਿਆ ਸੀ ਕਿਉਂਜੋ ਇਸ ਦੇ ਨਤੀਜੇ ਵਜੋਂ ਉਨਾਂ ਨੂੰ ਆਮਦਨ ਦੀ ਹਾਨੀ ਹੋ ਸਕਦੀ ਸੀ। ਸਬੰਧਤ ਈ ਓ ਪੀ ਐਸਜ਼ ਦੇ ਉੱਤਰ, ਜੀ ਓ ਪੀ ਦੇ ਉਕਤ ਨੋਟੀਫਿਕੇਸ਼ਨ ਅਧੀਨ ਉਪਬੰਧਾਂ ਦੀ ਅਨੁਰੂਪਤਾ ਵਿੱਚ ਨਹੀਂ ਸਨ।

### 2.1.6 ਰਿਕਾਰਡ ਨਾ ਰੱਖਣਾ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦਾ ਨਿਯਮ 8 ਨਿਰਧਾਰਤ ਕਰਦਾ ਹੈ ਕਿ ਜੀ ਪੀ ਹੋਰਨਾਂ ਗੱਲਾਂ ਤੋਂ ਇਲਾਵਾ ਫਾਰਮ-XXIV ਵਿੱਚ *ਸ਼ਾਮਲਾਟ* ਜ਼ਮੀਨ ਦਾ ਰਜਿਸਟਰ ਰੱਖੇਗੀ। ਇਸ ਦੇ ਰੱਖ-ਰਖਾਅ ਦੀ ਜ਼ਿੰਮੇਵਾਰੀ ਪੰਚਾਇਤ ਸਕੱਤਰ ਦੀ ਹੋਵੇਗੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਦੋ ਈ ਓ ਪੀ ਐਸਜ਼, ਰੂਪਨਗਰ ਅਤੇ ਔੜ ਅਧੀਨ ਆਉਣ ਵਾਲੀਆ 20 (110 ਵਿਚੋਂ) ਜੀ ਪੀਜ਼[8], ਮਾਰਚ 2019 ਦੀ ਸਥਿਤੀ ਅਨੁਸਾਰ ਫਾਰਮ XXIV ਵਿੱਚ *ਸ਼ਾਮਲਾਟ* ਜ਼ਮੀਨ ਦੇ ਰਜਿਸਟਰ ਨਹੀਂ ਰੱਖ ਰਹੀਆਂ ਸਨ। ਇਸ ਦੇ ਨਾ ਹੋਣ ਕਰਕੇ ਲੇਖਾ ਪ੍ਰੀਖਿਆ ਵਿੱਚ ਜਾਇਦਾਦ ਦੇ ਰਕਬੇ, ਵਰਣਨ, ਵਰਤੋਂ ਅਤੇ ਸਲਾਨਾ ਤਸਦੀਕਰਣ ਦੇ ਵੇਰਵੇ ਦੀ ਪੜਤਾਲ ਨਹੀਂ ਹੋ ਸਕਦੀ ਸੀ।

ਈ ਓ ਪੀ ਐਸ ਔੜ ਨੇ ਲੋੜੀਂਦੀ ਪਾਲਣਾ ਕਰਨ ਦਾ ਭਰੋਸਾ ਦਿਵਾਇਆ (ਮਾਰਚ 2020), ਜਦੋਂਕਿ ਈ ਓ ਪੀ ਐਸ ਰੂਪਨਗਰ ਨੇ ਕਿਹਾ (ਦਸੰਬਰ 2020) ਕਿ 2019-20 ਤੋਂ ਜੀ ਪੀਜ਼ ਫਾਰਮ XXIV ਵਿੱਚ ਰਜਿਸਟਰ ਰੱਖ ਰਹੀਆਂ ਸਨ।

### 2.1.7 ਸਿੱਟਾ

ਪੰਚਾਇਤੀ ਰਾਜ ਸੰਸਥਾਵਾਂ ਦੇ *ਸ਼ਾਮਲਾਟ* ਜ਼ਮੀਨ ਦੇ ਪ੍ਰਬੰਧਨ ਵਿੱਚ ਸੁਧਾਰ ਦੀ ਕਾਫੀ ਗੁਜ਼ਾਇੰਸ਼ ਰਹਿੰਦੀ ਹੈ, ਜਿਵੇਂ ਕਿ ਲੇਖਾ ਪ੍ਰੀਖਿਆ ਦੌਰਾਨ ਧਿਆਨ ਵਿੱਚ ਆਈਆਂ ਅਜਿਹੀਆਂ ਅਸੰਗਤੀਆਂ ਤੋਂ ਜ਼ਾਹਿਰ ਹੁੰਦਾ ਹੈ ਜਿਸ ਤਰ੍ਹਾਂ ਪਿਛਲੇ ਸਾਲ ਦੀ ਤੁਲਨਾ ਵਿੱਚ *ਸ਼ਾਮਲਾਟ* ਜ਼ਮੀਨ ਤੋਂ ਆਮਦਨ ਵਿੱਚ ਜਾਂ ਤਾ ਗਿਰਾਵਟ ਸੀ ਜਾਂ ਚਿਤਵਿਆ ਵਾਧਾ ਨਹੀਂ ਹੋਇਆ ਸੀ; ਜ਼ਮੀਨ ਦੀ ਘੱਟ ਨਿਲਾਮੀ ਹੋਣਾ; ਜ਼ਮੀਨ ਦਾ ਵੱਡਾ ਹਿੱਸਾ ਅਣਅਧਿਕਾਰਤ ਕਬਜ਼ੇ ਹੇਠ ਹੋਣਾ; ਦੁਕਾਨਾਂ ਦੇ ਕਿਰਾਏ ਦੀ ਘੱਟ ਉਗਰਾਹੀ ਹੋਣਾ; ਰੁੱਖ ਲਾਉਣ ਦੀ ਨੀਤੀ ਨੂੰ ਲਾਗੂ ਨਾ ਕਰਨਾ, ਆਦਿ।

ਮਾਮਲਾ ਜੁਲਾਈ 2020 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉੱਤਰ ਦੀ ਉਡੀਕ ਸੀ (ਅਗਸਤ 2021)।

## 2.2 ਸਾਬਕਾ ਸਰਪੰਚਾਂ ਵੱਲੋਂ ਨਕਦੀ/ਬਕਾਏ ਹਵਾਲੇ ਨਾ ਕਰਨਾ

ਪੰਜਾਬ ਪੰਚਾਇਤੀ ਰਾਜ ਐਕਟ, 1994 ਦਾ ਅਨੁਭਾਗ 87 ਵਿਵਸਥਾ ਕਰਦਾ ਹੈ ਕਿ ਸਰਪੰਚ, ਗ੍ਰਾਮ ਪੰਚਾਇਤ (ਜੀ ਪੀ) ਦੀ ਚੱਲ ਜਾਇਦਾਦ ਅਤੇ ਇਸਦੇ ਨਿਰਧਾਰਤ ਰਿਕਾਰਡ ਦੀ, ਸਹੀ ਸਲਾਮਤ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ ਅਤੇ ਗ੍ਰਾਮ ਪੰਚਾਇਤ ਦੀ ਜਾਂ ਉਸਨੂੰ ਸੌਂਪੀ ਅਚੱਲ

8 **ਈ ਓ ਪੀ ਐਸ ਰੂਪਨਗਰ:** (i) ਬੜੀ; (ii) ਬਲ ਝੋਟੀ ਝੱਖੀਆਂ; (iii) ਭਗਵੰਤ ਪੁਰ; (iv) ਚੱਕ ਡੇਰਾ; (v) ਡਾਢੀ; (vi) ਝੱਖੀਆਂ ਬੜੀ; (vii) ਫੂਲ ਬੜਾ; (viii) ਰਾਜੇ ਮਾਜਰਾ; (ix) ਸਨਾਨਾ; ਅਤੇ (x) ਸੈਣੀ ਮਾਜਰਾ।
**ਈ ਓ ਪੀ ਐਸ ਔੜ:** (xi) ਬੇਗੋਵਾਲ; (xii) ਗਰਚਾ; (xiii) ਹਕੀਮਪੁਰ; (xiv) ਕੰਗ; (xv) ਮੇਹਰਾਮਪੁਰ; (xvi) ਮਾਲਾ ਬੇਦੀਆਂ; (xvii) ਸਰਹਾਲ ਕਾਜ਼ੀਆਂ; (xviii) ਤਾਜਪੁਰ; (xix) ਤਾਹਰਪੁਰ; (xx) ਉਰਾਪੁਰ।

ਜਾਇਦਾਦ ਦਾ ਵੀ ਚਾਰਜ਼ ਉਸ ਕੋਲ ਰਹੇਗਾ। ਉਸਨੂੰ ਚਾਹੀਦਾ ਕਿ ਚੋਣ ਲਈ ਆਪਣੀ ਨਾਮਜ਼ਦਗੀ ਪੱਤਰ ਦਾਇਰ ਕਰਨ ਜਾਂ ਆਪਣਾ ਦਫ਼ਤਰ ਛੱਡਣ ਤੋਂ ਪਹਿਲਾਂ ਅਜਿਹੇ ਰਿਕਾਰਡ ਅਤੇ ਜਾਇਦਾਦ ਦਾ ਪੂਰਾ ਚਾਰਜ਼ ਕਾਰਜਸਾਧਕ ਅਫਸਰ, ਪੰਚਾਇਤ ਸੰਮਤੀ (ਈ ਓ ਪੀ ਐਸ) ਦੇ ਹਵਾਲੇ ਕਰੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਕਾਰਜਸਾਧਕ ਅਫਸਰ, ਪੰਚਾਇਤ ਸੰਮਤੀ, ਉਸ ਸਰਪੰਚ ਤੋਂ ਅਜਿਹੇ ਰਿਕਾਰਡ ਜਾਂ ਜਾਇਦਾਦ, ਜੋ ਵੀ ਹੋਵੇ, ਨੂੰ ਸੁਰਖਿਅਤ ਕਰਨ ਲਈ ਐਗਜ਼ੈਕਟਿਵ ਮੈਜਿਸਟਰੇਟ ਪਾਸ ਬਿਨੈ ਪੱਤਰ ਦੇ ਸਕਦਾ ਹੈ । ਸਰਪੰਚਾਂ ਵੱਲੋਂ ਨਕਦੀ ਹਵਾਲੇ ਨਾ ਕਰਨ ਸਬੰਧੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ (ਪੈਰ੍ਹਾ 2.1) ਵਿੱਚ ਜ਼ਿਕਰ ਕੀਤਾ ਗਿਆ ਸੀ।

2016-17 ਤੋਂ 2018-19 ਦੌਰਾਨ ਚੁਣੀਆਂ ਹੋਈਆਂ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 71 ਜੀ ਪੀਜ਼[9] ਦੇ ਉਸ ਸਮੇ ਦੇ ਸਰਪੰਚਾਂ ਵੱਲੋ ₹ 1.50 ਕਰੋੜ ਦੀ ਰਾਸ਼ੀ ਦੀ ਨਕਦੀ ਸਬੰਧਤ ਈ ਓ ਪੀ ਐਸਜ਼ ਦੇ ਹਵਾਲੇ ਨਹੀ ਕੀਤੀ ਗਈ ਸੀ *(ਅੰਤਿਕਾ -2.5)*। ਸਬੰਧਤ ਈ ਓ ਪੀ ਐਸਜ਼ ਨੇ ਕਿਹਾ(ਅਕਤੂਬਰ 2017- ਦਸਬੰਰ 2020) ਕਿ ਰਾਸ਼ੀ ਨੂੰ ਵਸੂਲ ਕਰਨ ਜਾਂ ਵੱਟੇ ਖਾਤੇ ਪਾਉਣ ਲਈ ਉਪਰਾਲੇ ਕੀਤੇ ਜਾ ਰਹੇ ਸਨ।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀ ਉੱਤੇ ਏ ਟੀ ਆਈ ਆਰ ਦੇ ਪੈਰ੍ਹੇ 2.1 ਤੇ ਚਰਚਾ ਕਰਦੇ ਸਮੇਂ ਐਲ ਬੀਜ਼ ਅਤੇ ਪੀ ਆਰ ਆਈਜ਼ ਉੱਤੇ ਕਮੇਟੀ ਨੇ ਸਿਫਾਰਸ਼ ਕੀਤੀ ਸੀ (ਅਗਸਤ 2019) ਕਿ ਕਮੇਟੀ ਨੂੰ ਸੂਚਿਤ ਕਰਦੇ ਹੋਏ ਦੋਸ਼ੀ ਅਧਿਕਾਰੀਆਂ/ਕਰਮਚਾਰੀਆ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇ ਹੈ। ਈ ਓ ਪੀ ਐਸਜ਼ ਵੱਲੋਂ ਕੀਤੀ ਗਈ ਵਸੂਲੀ ਜਾਂ ਵਸੂਲੀ ਨਾ ਕੀਤੇ ਜਾਣ ਦੇ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦੀ ਮੌਜੂਦਾ ਸਥਿਤੀ ਵਿਭਾਗ ਕੋਲੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.3 ਬੈਂਕ ਤੋਂ ਅਨਿਯਮਿਤ ਕੈਸ਼ ਕਢਵਾਉਣਾ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ 2012 ਦਾ ਨਿਯਮ 24(8) ਨਿਰਧਾਰਤ ਕਰਦਾ ਹੈ ਕਿ ਤੀਜੀ ਧਿਰ ਨੂੰ ₹ 5,000/-ਤੋਂ ਵੱਧ ਦੀ ਰਕਮ ਦੀ ਅਦਾਇਗੀ ਅਕਾਊਂਟ ਪੇਈ ਚੈਕਾਂ ਰਾਹੀ ਕੀਤੀ ਜਾਵੇਗੀ।

2016-17 ਤੋਂ 2018-19 ਦੌਰਾਨ 27 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ 17 ਈ ਓ ਪੀ ਐਸਜ਼ ਅਤੇ 178 ਜੀ ਪੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਉਪਰੋਕਤ ਨਿਯਮਾਂ ਦੀ ਉਲੰਘਣਾ ਵਿੱਚ ਸੈਲਫ/ਬੀਅਰਰ ਚੈਕਾਂ ਰਾਹੀ ਤੀਜੀਆਂ ਧਿਰਾਂ ਨੂੰ ਅਦਾਇਗੀਆਂ ਕਰਨ ਲਈ ਬੈਂਕਾਂ ਵਿਚੋਂ ₹ 3.86 ਕਰੋੜ ਦੀ ਰਾਸ਼ੀ ਕਢਵਾਈ ਗਈ ਸੀ *(ਅੰਤਿਕਾ 2.6)*। ਵਧੇਰੇ ਪੀ ਆਰ ਆਈਜ਼ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਵਿੱਖ ਵਿੱਚ ਪਾਲਣ ਹਿਤ ਨੋਟ ਕੀਤਾ ਹੈ (ਅਪ੍ਰੈਲ 2016-ਦਸੰਬਰ 2020)।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਬੈਂਕਾ ਵਿੱਚੋਂ ਅਨਿਯਮਤ ਕੈਸ਼ ਕਢਵਾਉਣ ਸਬੰਧੀ ਜ਼ਿਕਰ ਕੀਤਾ ਗਿਆ ਸੀ

[9] 2016-17 ਵਿੱਚ 300 ਜੀ ਪੀਜ਼ ਵਿੱਚੋਂ 12; 2017-18 ਵਿੱਚ 400 ਜੀ ਪੀਜ਼ ਵਿੱਚੋ 51; ਅਤੇ 2018-19 ਵਿੱਚ 390 ਜੀ ਪੀਜ਼ ਵਿੱਚੋਂ 08 ।

(ਪੈਰ੍ਹਾ 2.2)। ਉਪਰੋਕਤ ਪੈਰ੍ਹਾ 2.2 ਦੀ ਚਰਚਾ ਕਰਦੇ ਸਮੇਂ ਐਲ ਬੀਜ਼ ਅਤੇ ਪੀ ਆਰ ਆਈਜ਼ ਉੱਤੇ ਕਮੇਟੀ ਨੇ ਸਿਫਾਰਸ਼ ਕੀਤੀ (ਦਸੰਬਰ 2019) ਸੀ ਕਿ ਭਵਿੱਖ ਵਿੱਚ ਪ੍ਰਚੱਲਿਤ ਨਿਯਮਾਂ ਦੀ ਪਾਲਣਾ ਕਰਨ ਤੋਂ ਇਲਾਵਾ ਕਮੇਟੀ ਨੂੰ ਸੂਚਿਤ ਕਰਦੇ ਹੋਏ ਦੋਸ਼ੀ ਅਧਿਕਾਰੀਆਂ/ਕਰਮਚਾਰੀਆ ਵਿਰੁੱਧ ਵਿਭਾਗੀ ਕਰਵਾਈ ਕੀਤੀ ਜਾਵੇ। ਪ੍ਰੰਤੂ, ਉਪਰੋਕਤ ਤੋਂ ਸਪਸ਼ੱਟ ਹੈ ਕਿ ਕਮੇਟੀ ਦੀ ਸਿਫਾਰਸ਼ ਦੀ ਪਾਲਣਾ ਨਹੀਂ ਕੀਤੀ ਗਈ ਸੀ।

ਪੀ ਆਰ ਆਈਜ਼ ਵੱਲੋਂ ਉਪਰੋਕਤ ਨਿਯਮਾਂ ਦੀ ਪਾਲਣਾ ਸਬੰਧੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉੱਡੀਕ ਸੀ (ਅਗਸਤ 2021)।

## 2.4 ਪੰਚਾਇਤ ਸਕੱਤਰ ਦੀਆਂ ਉਜਰਤਾਂ ਘੱਟ ਜਮ੍ਹਾਂ ਕਰਾਉਣਾ

ਪੰਜਾਬ ਪੰਚਾਇਤ ਸੱਕਤਰਾਂ (ਭਰਤੀ ਅਤੇ ਸੇਵਾ ਦੀਆਂ ਸ਼ਰਤਾਂ) ਨਿਯਮਾਵਲੀ 2013 ਦਾ ਨਿਯਮ 8 (2) ਵਿਵਸਥਾ ਕਰਦਾ ਹੈ ਕਿ ਪੰਚਾਇਤ ਸੱਕਤਰਾਂ ਦੀਆਂ ਤਨਖਾਹਾ ਆਦਿ ਦੇ ਖਰਚੇ ਦੀ ਪੂਰਤੀ ਲਈ ਡਾਇਰੈਕਟਰ ਦੇ ਨਿਰਦੇਸ਼ਾ ਅਨੁਸਾਰ ਪੰਚਾਇਤ ਸੰਮਤੀਆਂ ਵੱਲੋਂ ਯੋਗਦਾਨਾਂ (ਨਿਯਮ 8(1) ਅਨੁਸਾਰ ਤਨਖਾਹ ਅਤੇ ਭੱਤਿਆਂ ਨਾਲ ਸਬੰਧਤ) ਦੀ ਅਨੁਪਾਤਕ ਰਾਸ਼ੀ ਦਿੱਤੀ ਜਾਵੇਗੀ। ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਸਰਕਾਰ ਨੇ ਹਦਾਇਤਾਂ ਜਾਰੀ ਕੀਤੀਆਂ (ਦਸੰਬਰ 2012) ਕਿ ਗ੍ਰਾਂਮ ਪੰਚਾਇਤਾਂ ਨੇ ਕਿਸੇ ਅਥਾਰਟੀ ਵੱਲੋਂ ਜ਼ਮੀਨ ਗ੍ਰਹਿਣ ਕਰਨ ਦੇ ਬਦਲੇ ਵਿੱਚ ਮੁਆਵਜਾ ਪ੍ਰਾਪਤ ਕੀਤਾ ਸੀ, ਪਿਛਲੇ ਤਿੰਨ ਸਾਲਾਂ ਦੌਰਾਨ ਪ੍ਰਾਪਤ ਕੀਤੇ ਮੁਆਵਜ਼ੇ ਦਾ 20 *ਪ੍ਰਤੀਸ਼ਤ* ਸਕੱਤਰ ਉਜਰਤਾਂ ਦਾ ਪੰਚਾਇਤ ਸੰਮਤੀ ਦੇ ਦਫਤਰ ਕੋਲ ਜਮ੍ਹਾਂ ਕਰਨਗੇ ਹੈ। ਪੰਚਾਇਤ ਸੱਕਤਰਾਂ ਦੀਆਂ ਉਜਰਤਾਂ ਲਈ ਬਕਾਇਆ ਡਿਊਜ਼ ਜਮ੍ਹਾਂ ਕਰਵਾਉਣ ਦੀ ਅਸਫਲਤਾ ਦੇ ਕਾਰਣ ਵਿਭਾਗ ਨੇ ਦਰਾਂ ਵਿੱਚ 20 *ਪ੍ਰਤੀਸ਼ਤ* ਤੋਂ 30 *ਪ੍ਰਤੀਸ਼ਤ* ਤੱਕ ਵਾਧਾ ਕੀਤਾ (ਅਕਤੂਬਰ 2016)। ਇਹ ਵਾਧਾ ਹਰ ਸਾਲ ਲਾਗੂ ਹੋਣਾ ਸੀ।

2016-17 ਤੋਂ 2018-19 ਦੌਰਾਨ 33 ਈ ਓ ਪੀ ਐਸਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕੇ ਪੰਚਾਇਤ ਸੱਕਤਰ ਦੀਆਂ ਉਜਰਤਾਂ ਨਾਲ 2012-2019 ਦੇ ਸਮੇਂ ਨਾਲ ਸਬੰਧਤ ₹ 15.46 ਕਰੋੜ ਦੀ ਰਾਸ਼ੀ ਦੀ ਸਬੰਧਤ ਜੀ ਪੀਜ਼ ਤੋਂ ਵਸੂਲੀ ਕਰਨੀ ਅਜੇ ਬਕਾਇਆ ਸੀ *(ਅੰਤਿਕਾ 2.7)* । ਸਬੰਧਤ ਈ ਓ ਪੀ ਐਸਜ਼[10] ਨੇ ਕਿਹਾ (ਜੁਲਾਈ 2018-ਦਸੰਬਰ 2020) ਕਿ ਵਸੂਲੀ ਲਈ ਮਾਮਲਾ ਸਬੰਧਤ ਜੀ ਪੀਜ਼ ਨਾਲ ਉਠਾਇਆ ਜਾ ਰਿਹਾ ਸੀ।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ (ਪੈਰ੍ਹਾ 2.3) ਵਿੱਚ ਪੰਚਾਇਤ ਸੱਕਤਰਾਂ ਦੀਆਂ ਉਜਰਤਾਂ ਦੀ ਘੱਟ ਕੁਲੈਕਸ਼ਨ ਸਬੰਧੀ ਜ਼ਿਕਰ ਕੀਤਾ ਗਿਆ ਸੀ। ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੇ ਪੈਰ੍ਹਾ 2.3 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਦਸੰਬਰ 2019) ਕਿ ਕਮੇਟੀ ਨੂੰ ਸੂਚਿਤ ਕਰਦੇ ਹੋਏ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇ ਅਤੇ ਇੱਕ ਅਜਿਹੀ ਪ੍ਰਣਾਲੀ ਵਿਕਸਤ ਕਰਨ ਲਈ ਕਿਹਾ ਗਿਆ ਸੀ ਜਿਹੜੀ ਪੀ ਐਸ ਲੇਖੇ ਵਿੱਚ ਦੇਯ ਮਿਤੀ ਤੇ ਅਦਾਇਗੀਯੋਗ ਰਾਸ਼ੀ ਦੇ ਜਮ੍ਹਾ ਹੋਣ ਨੂੰ ਯਕੀਨੀ ਬਣਾਏ। ਸਬੰਧਤ ਜੀ ਪੀਜ਼ ਵੱਲ ਪੰਚਾਇਤ ਸੱਕਤਰ ਉਜਰਤਾਂ ਲਈ ਬਕਾਇਆ ਰਾਸ਼ੀ ਦੀ ਵਸੂਲੀ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

---

[10] ਈ ਓ ਪੀ ਐਸਜ਼ ਸਰਦੂਲਗੜ੍ਹ, ਮਜੀਠਾ ਅਤੇ ਸ਼੍ਰੀ ਮੁਕਤਸਰ ਸਾਹਿਬ ਨੂੰ ਛੱਡ ਕੇ ਜਿਨ੍ਹਾਂ ਨੇ ਕੋਈ ਉੱਤਰ ਨਹੀ ਦਿੱਤਾ।

## 2.5 ਮਨਜ਼ੂਰਸ਼ੁਦਾ ਅਨੁਮਾਨਾਂ ਤੋਂ ਬਿਨਾਂ ਕੰਮਾਂ ਨੂੰ ਕਰਨਾ

ਪੰਚਾਇਤੀ ਰਾਜ ਪਬਲਿਕ ਵਰਕਸ ਅਕਾਊਂਟਸ ਨਿਯਮਾਵਲੀ, 1963 ਦਾ ਨਿਯਮ 3(ਏ) ਵਿਵਸਥਾ ਕਰਦਾ ਹੈ ਕਿ ਉਦੋਂ ਤੱਕ ਕੋਈ ਕੰਮ ਸ਼ੁਰੂ ਨਹੀ ਕੀਤਾ ਜਾਵੇਗਾ ਜਦੋਂ ਤਕ ਸਹੀ ਵਿਸਥਾਰਤ ਡਿਜ਼ਾਇਨ ਅਤੇ ਫਾਰਮ ਪੀ ਆਰ ਪੀ ਡਬਲਿਯੂ-I ਵਿੱਚ ਲਾਗਤ ਦੇ ਅਨੁਮਾਨ ਮਨਜ਼ੂਰ ਨਾ ਕੀਤੇ ਗਏ ਹੋਣ, ਇਸ ਨੂੰ ਅਮਲ ਵਿੱਚ ਲਿਆਉਣ ਲਈ ਫੰਡਾਂ ਦਾ ਪ੍ਰਬੰਧ/ਜਮ੍ਹਾਂ ਨਾ ਕੀਤੇ ਗਏ ਹੋਣ ਅਤੇ ਸਮਰੱਥ ਅਥਾਰਟੀ ਵੱਲੋਂ ਇਸਦੇ ਆਰੰਭ ਕਰਨ ਦੇ ਆਦੇਸ਼ ਜਾਰੀ ਨਾ ਹੋਣ, ਬਸ਼ਰਤੇ ਕਿ ਚੇਅਰਮੈਨ ਪੰਚਾਇਤ ਸੰਮਤੀ ਜਾ ਜਿਲ੍ਹਾ ਪ੍ਰੀਸ਼ਦ ਐਮਰਜੈਂਸੀ ਦੇ ਮਾਮਲੇ ਵਿੱਚ (ਜਿਸਦੀ ਸਹਾਇਤਾ ਲਈ ਕਾਰਣ ਲਿਖਤ ਵਿੱਚ ਦਰਜ ਕੀਤੇ ਜਾਣਗੇ) ਸਮਰੱਥ ਅਥਾਰਟੀਆਂ ਵੱਲੋਂ ਵਿਸਥਾਰਤ ਅਨੁਮਾਨ ਨੂੰ ਪ੍ਰਸ਼ਾਸਨਿਕ ਪ੍ਰਵਾਨਗੀ ਅਤੇ ਤਕਨੀਕੀ ਮੰਨਜੂਰੀ ਦੇ ਪੂਰਵ ਅਨੁਮਾਨ ਵਿੱਚ ਕ੍ਰਮਵਾਰ ਮਾਮੂਲੀ ਜਾਂ/ਛੋਟੇ ਕੰਮਾ ਨੂੰ ਪੂਰੇ ਕਰਨ ਲਈ ਅਧਿਕਾਰਤ ਕਰਦਾ ਹੈ। 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ (ਪੈਰ੍ਹਾ 2.4) ਵਿੱਚ ਅਨੁਮਾਨਾਂ ਤੋਂ ਬਿਨਾਂ ਕੰਮਾ ਦੀ ਪੂਰਤੀ ਨੂੰ ਉਜਾਗਰ ਕਰਨ ਦਾ ਜ਼ਿਕਰ ਕੀਤਾ ਗਿਆ ਸੀ।

2016-17 ਤੋਂ 2018-19 ਦੌਰਾਨ ਰਿਕਾਰਡ ਦੇ ਨਮੂਨਾ ਜਾਂਚ ਨੇ ਦਰਸਾਇਆ ਕਿ 17 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ 107 ਜੀ ਪੀਜ਼ ਵਿੱਚ ਸਮਰੱਥ ਅਥਾਰਟੀ ਤੋਂ ਮਨਜ਼ੂਰ ਕੀਤੇ ਅਨੁਮਾਨਾਂ ਤੋਂ ਬਿਨਾਂ ਵੱਖ-ਵੱਖ ਕੰਮਾ ਤੇ ₹ 19.65 ਕਰੋੜ ***(ਅੰਤਿਕਾ 2.8)*** ਦਾ ਖਰਚਾ ਕੀਤਾ ਗਿਆ ਸੀ। ਜਿਸ ਦੀ ਅਣਹੋਂਦ ਵਿੱਚ, ਪੂਰੇ ਕੀਤੇ ਗਏ ਕੰਮਾ ਦੀ ਮਿਕਦਾਰ ਦੀ ਤਰਕਸੰਗਤਤਾ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀਂ ਲਗ ਸਕਿਆ। ਸਬੰਧਤ ਈ ਓ ਪੀ ਐਸਜ਼[11] ਨੇ ਭਵਿੱਖ ਵਿੱਚ ਪਾਲਣਾ ਦਾ ਭਰੋਸਾ ਦਿੱਤਾ (ਸਤੰਬਰ 2017-ਜਨਵਰੀ 2021)।

ਪੀ ਆਰ ਆਈਜ਼ ਵੱਲੋਂ ਸਮਰੱਥ ਅਥਾਰਟੀ ਤੋਂ ਅਨੁਮਾਨਾਂ ਦੀ ਪ੍ਰਵਾਨਗੀ ਤੋਂ ਬਾਅਦ ਕੰਮਾਂ ਦੀ ਪੂਰਤੀ ਸਬੰਧੀ ਵਿਭਾਗ ਤੋਂ ਮੌਜੂਦਾ ਸਥਿਤੀ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.6 ਕਿਰਾਏ/ਪੱਟੇ ਦੀ ਵਸੂਲੀ ਨਾ ਕਰਨਾ

ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ, 2014 ਦਾ ਨਿਯਮ 46 ਦਸਦਾ ਹੈ ਕਿ ਇਹ ਵੇਖਣਾ ਕਾਰਜਸਾਧਕ ਅਧਿਕਾਰੀ ਜਾ ਮੁੱਖ ਕਾਰਜਸਾਧਕ ਅਧਿਕਾਰੀ ਦੀ ਮੁੱਖ ਜ਼ਿੰਮੇਵਾਰੀ ਹੈ ਕਿ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ, ਜੋ ਵੀ ਹੋਵੇ, ਦੀ ਸਾਰੀ ਰੈਵੀਨਿਊ ਜਾਂ ਹੋਰ ਕਰਜ਼ੇ ਸਹੀ, ਤਰੰਤ ਅਤੇ ਨਿਯਮਤਤਾ ਨਾਲ ਨਿਰਧਾਰਤ ਕੀਤੇ ਗਏ, ਪ੍ਰਾਪਤ ਕੀਤੇ ਅਤੇ ਫੰਡ ਦੇ ਲੇਖੇ ਨੂੰ ਜਮ੍ਹਾਂ ਹੋਏ ਹਨ। ਹਰ ਜ਼ਿਲ੍ਹੇ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜ਼ਿਲ੍ਹਾ ਪ੍ਰੀਸ਼ਦ (ਐਕਟ ਦੀ ਧਾਰਾ 195) ਦਾ ਐਕਸ-ਐਫੀਸੀਓ ਮੁੱਖ ਕਾਰਜਸਾਧਕ ਅਧਿਕਾਰੀ (ਸੀ ਈ ਓ) ਹੋਵੇਗਾ। ਐਕਟ ਦੀ ਧਾਰਾ 198 (2) ਅੱਗੇ ਵਿਵਸਥਾ ਕਰਦੀ ਹੈ ਕਿ ਸੀ ਈ ਓ ਕਿਸੇ ਵਿਅਕਤੀ ਵੱਲ ਦੇਯ ਪੈਸੇ ਦੀ ਵਸੂਲੀ ਕਰਨ ਲਈ ਵੀ ਕਦਮ ਵੀ ਉਠਾ ਸਕਦਾ ਹੈ।

---

[11] ਈ ਓ ਪੀ ਐਸਜ਼ ਆਦਮਪੁਰ, ਹਰਗੋਬਿੰਦਪੁਰ, ਨਾਭਾ ਅਤੇ ਰੁੜਕਾ ਕਲਾਂ ਨੂੰ ਛੱਡ ਕੇ, ਜਿਨ੍ਹਾਂ ਨੇ ਕੋਈ ਉੱਤਰ ਨਹੀ ਦਿੱਤਾ।

### 2.6.1 ਦੁਕਾਨਾਂ ਦੇ ਬਕਾਇਆ ਕਿਰਾਏ ਦੀ ਵਸੂਲੀ ਨਾ ਕਰਨਾ

2016-17 ਤੋਂ 2018-19 ਦੌਰਾਨ ਚਾਰ ਜ਼ੈਡ ਪੀਜ਼ ਅਤੇ 36 ਈ ਓ ਪੀ ਐਸਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਦੁਕਾਨਾਂ ਦੇ ਕਿਰਾਏ ਦੀ ₹ 4.82 ਕਰੋੜ *(ਅੰਤਿਕਾ 2.9)* ਦੀ ਰਾਸ਼ੀ ਵਸੂਲੀ ਲਈ ਬਕਾਇਆ ਸੀ।

ਸਬੰਧਤ ਪੀ ਆਰ ਆਈਜ਼ ਨੇ ਕਿਹਾ (ਜੂਨ 2016-ਅਗਸਤ 2020) ਕਿ ਬਕਾਇਆ ਕਿਰਾਏ ਦੀ ਵਸੂਲੀ ਲਈ ਵਿਭਾਗੀ ਪੱਧਰ ਤੋਂ ਦੋਸ਼ੀਆਂ ਵਿਰੁੱਧ ਲੋੜੀਂਦੀ ਕਾਰਵਾਈ ਪਹਿਲਾ ਹੀ ਕੀਤੀ ਗਈ ਸੀ।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਵਿੱਚ ਕਿਰਾਏ ਦੀ ਨਾ ਵਸੂਲੀ (ਪੈਰ੍ਹਾ 2.5) ਸਬੰਧੀ ਜ਼ਿਕਰ ਕੀਤਾ ਗਿਆ ਸੀ। ਉਪਰੋਕਤ ਪੈਰ੍ਹਾ 2 ਦੀ ਚਰਚਾ ਕਰਦੇ ਹੋਏ ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੇ ਸਿਫਾਰਸ਼ ਕੀਤੀ ਸੀ (ਦਸੰਬਰ 2019) ਕਿ ਕਮੇਟੀ ਨੂੰ ਸੂਚਿਤ ਕਰਦੇ ਹੋਏ ਜੂਨ 2020 ਤੱਕ ਦੁਕਾਨਾਂ ਦੇ ਬਕਾਇਆ ਕਿਰਾਏ ਦੀ ਵਸੂਲੀ ਕੀਤੀ ਜਾਵੇ।

### 2.6.2 ਬਟਾਲਾ ਕਲੱਬ ਤੋਂ ਪੱਟੇ ਦੀ ਵਸੂਲੀ ਨਾ ਕਰਨਾ

ਪੰਚਾਇਤ ਸੰਮਤੀ ਬਟਾਲਾ ਨੇ ਪਿੰਡ ਫੈਜ਼ਪੁਰਾ ਵਿੱਚ 6 ਕਨਾਲ ਜ਼ਮੀਨ ਦੇ ਰਕਬੇ ਨਾਲ ਸਬੰਧਤ ਬਟਾਲਾ ਕਲੱਬ, ਬਟਾਲਾ ਨਾਲ 01 ਅਪ੍ਰੈਲ 2011 ਤੋਂ ਪ੍ਰਭਾਵੀ ਪੰਜ ਸਾਲਾਂ ਦੇ ਸਮੇਂ ਭਾਵ ਮਾਰਚ 2016 ਤੱਕ ਪੱਟਾ ਇਕਰਾਰਨਾਮਾ ਲਾਗੂ ਕੀਤਾ/ਨਿਵਿਆਇਆ। ਪੱਟਾ ਇਕਰਾਰਨਾਮੇ ਦੀਆਂ ਨਿਯਮ ਅਤੇ ਸ਼ਰਤਾ ਅਨੁਸਾਰ ਬਟਾਲਾ ਕਲੱਬ ਨੂੰ ਪੰਜ *ਪ੍ਰਤੀਸ਼ਤ* ਸਲਾਨਾ ਵਾਧੇ ਨਾਲ ₹ 2,055/- ਪ੍ਰਤੀ ਮਹੀਨਾ ਕਿਰਾਏ ਵਜੋਂ ਅਦਾਇਗੀ ਕਰਨੀ ਹੋਵੇਗੀ। ਜੇਕਰ ਕਲੱਬ ਹਰ ਮਹੀਨੇ ਦੀ 7 ਤਰੀਖ ਤੱਕ ਕਿਰਾਏ ਦੀ ਅਦਾਇਗੀ ਕਰਨ ਵਿੱਚ ਅਸਫਲ ਹੁੰਦਾ ਹੈ ਤਾਂ ਇਹ ₹ 3/- ਰੋਜ਼ਾਨਾ ਦੀ ਦਰ ਤੇ ਉਸ ਸਮੇਂ ਲਈ ਜਦੋਂ ਤੱਕ ਕਿਰਾਇਆ ਨਹੀਂ ਦਿੱਤਾ ਗਿਆ ਸੀ, ਲਈ ਜੁਰਮਾਨੇ ਦੀ ਅਦਾਇਗੀ ਕਰੇਗਾ। ਅੱਗੇ, ਜੇਕਰ ਕਿਰਾਇਆ ਲਗਾਤਾਰ ਦੋ ਮਹੀਨੀਆਂ ਲਈ ਨਹੀਂ ਦਿੱਤਾ ਗਿਆ ਤਾਂ ਇਕਰਾਰਨਾਮਾ ਰੱਦ ਹੋ ਜਾਵੇਗਾ ਅਤੇ ਪਰੀਸਰ ਖਾਲੀ ਕਰਵਾਇਆ ਜਾਵੇਗਾ।

2016-17 ਦੌਰਾਨ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਬਟਾਲਾ ਕਲੱਬ ਨੇ ਅਪ੍ਰੈਲ 2011 ਤੋਂ ਮਾਰਚ 2016 ਤੱਕ ਦੇ ਸਮੇਂ ਲਈ ₹ 3.59 ਲੱਖ ਦੀ ਰਾਸ਼ੀ ਦਾ ਪੱਟਾ/ਕਿਰਾਇਆ ਜਮ੍ਹਾਂ ਨਹੀਂ ਕਰਵਾਇਆ ਸੀ। ਅੱਗੇ, ਈ ਓ ਪੀ ਐਸਜ਼ ਬਟਾਲਾ ਵੱਲੋਂ 31 ਮਾਰਚ 2016 ਤੋਂ ਬਾਅਦ ਬਟਾਲਾ ਕੱਲਬ ਨਾਲ ਪੱਟੇ ਇਕਰਾਰਨਾਮੇ ਨੂੰ ਨਹੀਂ ਨਿਵਿਆਇਆ ਸੀ। ਈ ਓ ਪੀ ਐਸ ਨੇ ਇਕਰਾਰਨਾਮੇ ਦੇ ਨਿਯਮ ਅਤੇ ਸ਼ਰਤਾਂ ਅਨੁਸਾਰ ਨਾ ਹੀ ਬਕਾਇਆ ਕਿਰਾਏ ਦੀ ਵਸੂਲੀ ਕੀਤੀ ਨਾ ਹੀ ਬਟਾਲਾ ਕੱਲਬ ਤੋਂ ਜ਼ਮੀਨ ਖਾਲੀ ਕਰਵਾਉਣ ਲਈ ਕੋਈ ਕਾਰਵਾਈ ਆਰੰਭ ਕੀਤੀ।

ਈ ਓ ਪੀ ਐਸ ਬਟਾਲਾ ਨੇ ਕਿਹਾ (ਦਸੰਬਰ 2017) ਕਿ ਬਕਾਇਆ ਰਾਸ਼ੀ ਦੀ ਵਸੂਲੀ ਲਈ ਬਟਾਲਾ ਕੱਲਬ ਨੂੰ ਨੋਟਿਸ ਜਾਰੀ ਕੀਤੇ ਗਏ ਸਨ। ਪ੍ਰੰਤੂ, ਜ਼ਮੀਨ ਖਾਲੀ ਕਰਵਾਉਣ ਲਈ ਕੀਤੀ ਕਾਰਵਾਈ ਸਬੰਧੀ ਕੋਈ ਉੱਤਰ ਨਹੀਂ ਦਿੱਤਾ ਗਿਆ ਸੀ।

ਪੀ ਆਰ ਆਈਜ਼ ਵੱਲੋਂ ਦੁਕਾਨਾਂ ਦੇ ਕਿਰਾਏ ਦੀ ਵਸੂਲੀ ਅਤੇ ਪੱਟੇ ਦੀ ਰਕਮ ਦੇ ਨਾਲ ਨਾਲ ਬਟਾਲਾ ਕੱਲਬ ਤੋਂ ਜ਼ਮੀਨ ਖਾਲੀ ਕਰਵਾਉਣ ਲਈ ਕੀਤੀ ਕਾਰਵਾਈ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.7 ਸਮਾਨ ਦੀ ਅਨਿਯਮਿਤ ਖਰੀਦ

ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ 2014 ਦਾ ਨਿਯਮ 86 ਵਿਵਸਥਾ ਕਰਦਾ ਹੈ ਕਿ ਸਪਲਾਇਰਾਂ ਤੋਂ ਸਟੋਰਾਂ ਦੀ ਖਰੀਦ ਕੰਟਰੈਕਟ ਦਰਾਂ ਤੇ ਪੁਖਤਾ ਜਰੂਰਤਾਂ ਅਨੁਸਾਰ ਕੀਤੀ ਜਾਵੇਗੀ। ਜਦੋਂ ਸਪਲਾਇਰ ਸਪਲਾਈ ਕਰਨ ਤੋਂ ਅਸਮਰੱਥ ਹੋਵੇ ਅਤੇ ਇਹ ਖੁੱਲੀ ਮਾਰਕੀਟ ਤੋਂ ਖਰੀਦਣਾ ਵਧੇਰੇ ਸੁਵਿਧਾਜਨਕ ਹੁੰਦਾ ਹੈ ਜਾਂ ਇਹ ਸਪਲਾਇਰ ਅਤੇ ਕੰਟਰੈਕਟ ਦਰਾਂ ਤੋਂ ਘੱਟ ਦਰਾਂ 'ਤੇ ਹੁੰਦਾ ਹੈ ਤਾਂ ਕੁਟੇਸ਼ਨਾਂ ਦੀ ਮੰਗ ਰਾਹੀ ਆਮ ਤੌਰ ਤੇ ਸਭ ਤੋਂ ਘੱਟ ਟੈਂਡਰ ਤੋਂ ਖਰੀਦਣਾ ਚਾਹੀਦਾ ਹੈ। ਜਿਥੇ ਸਭ ਤੋਂ ਘੱਟ ਟੈਂਡਰ/ਕੁਟੈਸ਼ਨ ਸਵੀਕਾਰ ਨਹੀਂ ਕੀਤੇ ਜਾਂਦੇ ਤਾਂ ਲਿਖਤ ਰੂਪ ਵਿੱਚ ਪੂਰੀ ਵਿਆਖਿਆ ਦਿੱਤੀ ਜਾਣੀ ਚਾਹੀਦੀ ਹੈ ਜੋ ਲੇਖਿਆਂ ਦੀ ਲੇਖਾ ਪ੍ਰੀਖਿਆ ਕਰਦੇ ਸਮੇਂ ਲੇਖਾ ਪ੍ਰੀਖਿਆ ਨੂੰ ਉਪਲਬੱਧ ਹੋਣੀ ਚਾਹੀਦੀ ਹੈ। ਜਦੋਂ ਖਰੀਦ ਦਸ ਹਜ਼ਾਰ ਰੁਪਏ ਤੋਂ ਘੱਟ ਹੋਵੇ ਅਤੇ ਆਮ ਮਾਰਕੀਟ ਦਰ ਤੇ ਖਰੀਦ ਕੀਤੀ ਗਈ ਹੋਵੇ ਤਾਂ ਅਜਿਹੀ ਵਿਆਖਿਆ ਲੋੜੀਂਦੀ ਨਹੀਂ ਹੈ।

2016-17 ਤੋਂ 2018-19 ਦੌਰਾਨ 19 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ ਪੰਜ ਈ ਓ ਪੀ ਐਸਜ਼ ਅਤੇ 117 ਜੀ ਪੀਜ਼ ਦੇ ਰਿਕਾਰਡ ਦੀ ਨਮੂਨਾਂ ਜਾਂਚ ਨੇ ਦਰਸਾਇਆ ਕਿ ₹ 3.65 ਕਰੋੜ *(ਅੰਤਿਕਾ 2.10)* ਦਾ ਸਮਾਨ ਜਿਵੇਂ ਕਿ ਰੇਤਾ, ਸਟੀਲ, ਟਾਈਲਾਂ, ਸੈਨੀਟਰੀ ਵਸਤਾਂ ਅਤੇ ਬਿਜਲੀ ਵਸਤਾਂ ਆਦਿ ਵਰਗਾ ਸਮਾਨ ਉਪਰੋਕਤ ਨਿਯਮਾਂ ਦੀ ਉਲੰਘਣਾ ਵਿੱਚ ਬਿਨਾਂ ਕੁਟੇਸ਼ਨ ਪ੍ਰਾਪਤ ਕੀਤੇ ਜਾਂ ਟੈਂਡਰ ਫਲੋਟ ਕੀਤੇ ਸਥਾਨਕ ਮਾਰਕੀਟ ਤੋਂ ਖਰੀਦਿਆ ਗਿਆ ਸੀ (ਜਨਵਰੀ 2013 ਤੋਂ ਦਸੰਬਰ 2019) ਜਿਸ ਕਰਕੇ ਪਾਰਦਰਸ਼ਤਾ ਨਾਲ ਸਮਝੌਤਾ ਹੋਇਆ ਅਤੇ ਖਰਚੇ ਵਿੱਚ ਕਿਫਾਇਤ ਲਿਆਉਂਣ ਲਈ ਮੁਕਾਬਲੇ ਦੀਆਂ ਦਰਾਂ ਦਾ ਲਾਭ ਨਹੀਂ ਲਿਆ ਗਿਆ। ਜਿਸ ਦੇ ਸਿੱਟੇ ਵਜੋਂ ₹ 3.65 ਕਰੋੜ ਦਾ ਅਨਿਯਮਿਤ ਖਰਚਾ ਹੋਇਆ।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ 'ਤੇ ਏ ਟੀ ਆਈ ਆਰ ਵਿੱਚ ਸਮਾਨ ਦੀ ਅਨਿਯਮਿਤ ਖਰੀਦ (ਪੈਰ੍ਹਾ 2.6) ਨੂੰ ਉਜਾਗਰ ਕਰਨ ਦਾ ਜ਼ਿਕਰ ਕੀਤਾ ਗਿਆ ਸੀ। ਜਿਆਦਾਤਰ ਪੀ ਆਰ ਆਈਜ਼ ਨੇ ਭਵਿੱਖ ਵਿੱਚ ਪਾਲਣਾ ਕਰਨ ਦਾ ਭਰੋਸਾ ਦਿਵਾਇਆ ਸੀ (ਜੂਨ 2016- ਜਨਵਰੀ 2021)। ਜਦੋਂਕਿ ਈ ਓ ਪੀ ਐਸ ਮਾਜ਼ਰੀ ਨੇ ਕਿਹਾ (ਅਗਸਤ 2020) ਕਿ ਆਈਟਮਾਂ ਮਾਰਕੀਟ ਰੇਟਾਂ ਤੋਂ ਘੱਟ ਰੇਟਾਂ ਤੋਂ ਖਰੀਦੀਆਂ ਗਈਆਂ ਸਨ। ਈ ਓ ਪੀ ਐਸ ਮਾਜ਼ਰੀ ਦਾ ਜਵਾਬ ਤਰਕਸੰਗਤ ਨਹੀਂ ਸੀ ਕਿਉਂਕਿ ਕੁਟੇਸ਼ਨ ਦੀ ਅਣਹੋਂਦ ਵਿੱਚ ਮਾਰਕੀਟ ਰੇਟਾਂ ਦਾ ਨਿਰਧਾਰਣ ਨਹੀਂ ਹੋ ਸਕਦਾ ਸੀ, ਇਸ ਤਰ੍ਹਾਂ, ਉੱਤਰ ਉਪਰੋਕਤ ਉਪਬੰਧਾਂ ਦੇ ਅਨੁਰੂਪ ਨਹੀਂ ਸੀ। ਅੱਗੇ, ਸਬੰਧਤ ਪੀ ਆਰ ਆਈਜ਼ ਵੱਲੋਂ ਇਸ ਸਬੰਧ ਵਿੱਚ ਕੀਤੀ ਗਈ ਪਾਲਣਾ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.8 ਸਾਲਾਨਾ ਲੇਖੇ ਤਿਆਰ ਨਾ ਕਰਨਾ

ਪੰਜਾਬ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ (ਜਨਰਲ) ਵਿੱਤੀ ਬਜਟ ਲੇਖੇ ਅਤੇ ਲੇਖਾ ਪ੍ਰੀਖਿਆ ਨਿਯਮਾਵਲੀ, 1964 ਦੇ ਨਿਯਮ 27 ਅਤੇ 28 ਅਤੇ ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2014 ਦਾ ਨਿਯਮ 27(10) ਵਿਵਸਥਾ ਕਰਦੇ ਹਨ ਕਿ ਜੀ ਪੀ, ਪੀ ਐਸ ਅਤੇ ਜ਼ੈਡ ਪੀ ਆਪਣੀ ਆਮਦਨ ਅਤੇ ਖਰਚੇ ਨੂੰ ਦਰਸਾਉਂਦੇ ਸਾਲਾਨਾ ਲੇਖੇ ਬਣਾਉਣਗੇ। ਇਸ ਤਰਾਂ ਬਣਾਏ ਲੇਖੇ ਜੀ ਪੀ ਦੇ ਮਾਮਲੇ ਵਿੱਚ ਅਗਲੀ 31 ਮਈ ਤੱਕ ਜੀ ਪੀ ਵੱਲੋਂ ਪੀ ਐਸ ਨੂੰ,

ਪੀ ਐਸ ਤੋਂ ਜ਼ੈਡ ਪੀ ਅਤੇ ਜ਼ੈਡ ਪੀ ਸਰਕਾਰ ਨੂੰ ਅਤੇ ਪੀ ਐਸ ਅਤੇ ਜ਼ੈਡ ਪੀ ਦੇ ਮਾਮਲੇ ਵਿੱਚ 15 ਮਈ ਤੱਕ ਪੇਸ਼ ਕੀਤੇ ਜਾਣੇ ਸਨ।

2016-17 ਤੋਂ 2018-19 ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 34 ਈ ਓ ਪੀ ਐਸਜ਼ ਅਧੀਨ ਆਉਣ ਵਾਲੀਆਂ ਦੋ ਜ਼ੈਡ ਪੀਜ਼, 19 ਈ ਓ ਪੀ ਐਸਜ਼ ਅਤੇ 290 ਜੀ ਪੀਜ਼ ਨੇ 2011-12 ਤੋਂ 2018-19 ***(ਅੰਤਿਕਾ 2.11)*** ਦੇ ਸਮੇਂ ਦੇ ਸਲਾਨਾ ਲੇਖੇ ਤਿਆਰ ਨਹੀਂ ਕੀਤੇ ਸਨ। ਸਬੰਧਤ ਪੀ ਆਰ ਆਈਜ਼[12] ਨੇ ਭਵਿੱਖ ਵਿੱਚ ਸਲਾਨਾ ਲੇਖੇ ਤਿਆਰ ਕਰਨ ਲਈ ਭਰੋਸਾ ਦਿਵਾਇਆ (ਜੁਲਾਈ 2017-ਫਰਵਰੀ 2021)।

31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਸਲਾਨਾ ਲੇਖੇ ਤਿਆਰ ਨਾ ਕਰਨ (ਪੈਰ੍ਹਾ 2.7) ਨੂੰ ਉਜਾਗਰ ਕਰਨ ਦਾ ਜ਼ਿਕਰ ਕੀਤਾ ਗਿਆ ਸੀ। ਅੱਗੇ, ਸਬੰਧਤ ਪੀ ਆਰ ਆਈਜ਼ ਵੱਲੋਂ ਇਸ ਸਬੰਧੀ ਕੀਤੀ ਗਈ ਪਾਲਣਾ ਦੀ ਵਿਭਾਗ ਤੋਂ ਮੰਗ ਕੀਤੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.9 ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ

ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ, 2014 ਦਾ ਨਿਯਮ 21 (1) ਅਤੇ (2) ਵਿਵਸਥਾ ਕਰਦਾ ਹੈ ਕਿ ਜਦੋਂ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਕਿਸੇ ਕਰਮਚਾਰੀ ਨੂੰ ਕੋਈ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ, ਜੋ ਵੀ ਕੇਸ ਹੋਵੇ, ਦੇ ਮੰਤਵਾਂ ਲਈ ਪੇਸ਼ਗੀ ਦੇਣੀ ਲੋੜੀਂਦੀ ਹੋਵੇ ਤਾਂ ਆਰਜੀ ਪੇਸ਼ਗੀਆਂ ਦੇ ਰਜਿਸਟਰ ਵਿੱਚ ਰਿਕਾਰਡ ਰੱਖਿਆ ਜਾਵੇਗਾ। ਇਹਨਾ ਆਰਜੀ ਪੇਸ਼ਗੀਆਂ ਨੂੰ ਵੱਧ ਤੋਂ ਵੱਧ ਤਿੰਨ ਮਹੀਨਿਆਂ ਦੇ ਅੰਦਰ ਸਮਾਯੋਜਨ ਕਰਵਾਇਆ ਜਾਵੇਗਾ, ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਆਰਜ਼ੀ ਘਪਲੇ ਦੇ ਬਰਾਬਰ ਹੋਵੇਗਾ।

2016-17 ਤੋਂ 2018-19 ਦੌਰਾਨ ਜ਼ੈਡ ਪੀ ਮਾਨਸਾ ਅਤੇ 17 ਈ ਓ ਪੀ ਐਸਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਫਰਵਰੀ 2011 ਤੋਂ ਅਕਤੂਬਰ 2018 ਦੇ ਸਮੇਂ ਦੌਰਾਨ ਵੱਖ-ਵੱਖ ਕਰਮਚਾਰੀਆਂ ਨੂੰ ₹ 0.83 ਕਰੋੜ ਦੀਆਂ ਆਰਜ਼ੀ ਪੇਸ਼ਗੀਆਂ ਪ੍ਰਦਾਨ ਕੀਤੀਆਂ ਗਈਆਂ ਸਨ ਜਿਸਦਾ ਸਮਾਯੋਜਨ ਨਹੀ ਕੀਤਾ ਗਿਆ ਸੀ ***(ਅੰਤਿਕਾ 2.12)***।

ਸਬੰਧਤ ਪੀ ਆਰ ਆਈਜ਼ ਨੇ ਕਿਹਾ (ਸਤੰਬਰ 2017-ਫਰਵਰੀ 2021) ਕਿ ਬਕਾਇਆ ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਕਰਨ ਲਈ ਕੋਸ਼ਿਸਾਂ ਕੀਤੀਆ ਜਾ ਰਹੀਆਂ ਸਨ। ਸਬੰਧਤ ਪੀ ਆਰ ਆਈਜ਼ ਵਲੋਂ ਆਰਜ਼ੀ ਪੇਸ਼ਗੀਆਂ ਦੇ ਸਮਾਯੋਜਨ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

---

12 ਈ ਓ ਪੀ ਐਸਜ਼ ਭਵਾਨੀਗੜ੍ਹ, ਬੁਢਲਾਡਾ, ਸ਼੍ਰੀ ਮੁਕਤਸਰ ਸਾਹਿਬ, ਨਾਭਾ, ਜਗਰਾਓ, ਮਾਹਿਲਪੁਰ, ਸ੍ਰੀ ਹਰਗੋਬਿੰਦਪੁਰ, ਬਟਾਲਾ, ਗੁਰੂ ਹਰਸਹਾਏ, ਜ਼ੀਰਾ, ਲੰਬੀ, ਲੋਹੀਆਂ ਖਾਸ, ਸਿੱਧਵਾਂ ਅਤੇ ਮਾਜਰੀ ਨੇ ਕੋਈ ਉੱਤਰ ਨਹੀ ਦਿੱਤਾ।

## 2.10 ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਲਈ ਯੋਗਦਾਨ ਜਮ੍ਹਾ ਨਾ ਕਰਾਉਣਾ

ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਐਕਟ 2013 (ਐਕਟ), ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਲਈ ਬੁਨਿਆਦੀ ਢਾਂਚੇ ਦੇ ਨਿਰਮਾਣ ਅਤੇ ਇਸ ਨਾਲ ਜੁੜੇ ਅਤੇ ਇਸ ਨਾਲ ਸਬੰਧਤ ਮਾਮਲਿਆਂ ਦੀ ਸਹਾਇਤਾ ਲਈ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ (ਫੰਡ) ਦੇ ਗਠਨ ਲਈ, ਲਾਗੂ ਕੀਤਾ ਗਿਆ ਸੀ। ਐਕਟ ਦੀ ਧਾਰਾ 6(ਈ) ਹੋਰ ਗੱਲਾਂ ਦੇ ਨਾਲ ਨਾਲ ਵਿਵਸਥਾ ਕਰਦੀ ਹੈ ਕਿ ਕਿਸੇ ਕਰ ਜਾਂ ਸੈੱਸ 'ਤੇ ਸਰਚਾਰਜ਼, ਜੋ ਵੀ ਨਿਰਧਾਰਤ ਹੋਵੇ, ਵੀ ਇਸ ਫੰਡ ਲਈ ਯੋਗਦਾਨ ਕਰੇਗਾ। ਪੰਜਾਬ ਸਰਕਾਰ (ਜੀ ਓ ਪੀ), ਨੇ ਨੋਟੀਫਾਈ ਕੀਤਾ (ਅਪ੍ਰੈਲ 2013) ਕਿ ਪੀ ਆਰ ਆਈਜ਼ ਦੁਆਰਾ ਉਨ੍ਹਾਂ ਨਾਲ ਸਬੰਧਤ ਅਧਿਕਾਰ ਖੇਤਰਾਂ ਵਿੱਚ ਪੰਚਾਇਤੀ ਜ਼ਮੀਨ ਦੀ ਬੋਲੀ ਤੋਂ ਇਕੱਠੇ ਹੋਏ ਨਿਲਾਮੀ ਦੇ ਪੈਸੇ ਦਾ ਦੋ *ਪ੍ਰਤੀਸ਼ਤ* ਫੰਡ ਵਿੱਚ ਜਮ੍ਹਾ ਕਰਵਾਉਣਾ ਚਾਹੀਦਾ ਹੈ।

2016-17 ਤੋਂ 2018-19 ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 24 ਈ ਓ ਪੀ ਐਸਜ਼ ਨੇ 2014-19 ਦੇ ਸਮੇਂ ਦੌਰਾਨ ਪੰਚਾਇਤੀ ਜਮੀਨ ਦੀ ਬੋਲੀ ਤੋਂ ਭਾਵੇਂ ₹ 130.92 ਕਰੋੜ ਇੱਕਠੇ ਕੀਤੇ ਇਸਦੇ ਵਿਰੁੱਧ ₹ 2.62 ਕਰੋੜ ਦੀ ਰਾਸ਼ੀ ਦਾ ਦੋ *ਪ੍ਰਤੀਸ਼ਤ* ਯੋਗਦਾਨ ਉਕਤ ਫੰਡ ਵਿੱਚ ਜਮ੍ਹਾਂ ਨਹੀ ਕਰਵਾਇਆ ਗਿਆ ਸੀ *(ਅੰਤਿਕਾ 2.13)* ਜਿਸ ਨਾਲ ਮੌਜੂਦਾ ਹਦਾਇਤਾਂ ਦੀ ਉਲਘੰਣਾ ਹੋਈ।

ਸਬੰਧਤ ਈ ਓ ਪੀ ਐਸਜ਼ ਨੇ ਉੱਚ ਅਧਿਕਾਰੀਆਂ ਨਾਲ ਸਲਾਹ ਮਸ਼ਵਰੇ ਅਨੁਸਾਰ ਜਰੂਰੀ ਕਾਰਵਾਈ ਕਰਨ ਲਈ ਕਿਹਾ (ਜੁਲਾਈ 2017-ਨਵੰਬਰ 2020)। ਸਬੰਧਤ ਪੀ ਆਰ ਆਈਜ਼ ਤੋਂ ਫੰਡ ਨੂੰ ਲੋੜੀਂਦੇ ਯੋਗਦਾਨ ਸਬੰਧੀ ਮੌਜੂਦਾ ਸਥਿਤੀ ਵਿਭਾਗ ਤੋ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.11 ਅਨਿਯਮਿਤ ਖਰਚਾ

ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਪੰਜਾਬ ਸਰਕਾਰ ਦੇ ਅਧਿਆਇ 3 ਅਧੀਨ ਨਿਯਮ 54(1) ਦੀ ਨੋਟੀਫੀਕੇਸ਼ਨ (20 ਦਸੰਬਰ 2013) ਨਿਰਧਾਰਤ ਕਰਦੀ ਹੈ ਕਿ ਡਰਾਇੰਗ ਅਤੇ ਡਿਸਬਰਸਿੰਗ ਅਫਸਰ, ਫੰਡਾਂ ਵਿੱਚੋਂ ਖਰਚ ਕਰਨ ਜਾਂ ਅਧਿਕਾਰਤ ਕਰਦੇ ਸਮੇਂ ਵਿੱਤੀ ਉਚਿਤੱਤਾ ਦੇ ਨਿਯਮਾਂ ਦੀ ਪਾਲਣਾ ਕਰੇਗਾ ਅਤੇ ਫੰਡਾਂ ਵਿੱਚੋਂ ਕੀਤੇ ਖਰਚੇ ਦੇ ਸਬੰਧ ਵਿੱਚ ਉਹੀ ਚੌਕਸੀ ਵਰਤੇਗਾ ਜਿਸ ਤਰ੍ਹਾ ਇੱਕ ਆਮ ਸਮਝਦਾਰ ਵਿਅਕਤੀ ਆਪਣੇ ਪੈਸੇ ਲਈ ਵਰਤਦਾ ਹੈ। ਅੱਗੇ, ਫੰਡ ਵਿੱਚੋਂ ਧਨ ਦੀ ਵਰਤੋਂ ਕਿਸੇ ਵਿਸ਼ੇਸ ਵਿਅਕਤੀ ਜਾਂ ਸਮੁਦਾਇ ਦੇ ਕਿਸੇ ਸੈਕਸ਼ਨ ਦੇ ਲਾਭ ਲਈ ਨਹੀਂ ਹੋਣੀ ਚਾਹੀਦੀ।

2016-17 ਦੌਰਾਨ ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਨਵੰਬਰ 2016) ਕਿ ਈ ਓ ਪੀ ਐਸ ਸ਼੍ਰੀ ਮੁਕਤਸਰ ਸਾਹਿਬ ਨੇ ਵੱਖ-ਵੱਖ ਜੀ ਪੀਜ਼ ਨੂੰ ਵੰਡਣ ਲਈ 6'x4' ਮਿਣਤੀ ਦੇ ਆਇਰਨ ਡਿਸਪਲੇਅ ਬੋਰਡਾਂ ਦੀ ਸਪਲਾਈ ਲਈ ਤਿੰਨ ਡੀਲਰਾਂ ਤੋਂ ਕੁਟੇਸ਼ਨਾਂ ਮੰਗੀਆ (10-11 ਫਰਵਰੀ 2014)। ਤਿੰਨ ਕੁਟੇਸ਼ਨਾਂ ਵਿੱਚੋ ਇਕ ਕੁਟੇਸ਼ਨ ਬਿਨਾਂ ਕਿਸੇ ਰੇਟ ਤੋਂ ਸੀ। ਕੁਟੇਸ਼ਨਾਂ ਦੇ ਅਧਾਰ ਤੇ, ₹ 2.84 ਲੱਖ ਦਾ ਕੰਮ ਮੈ/ਸ਼ ਧਰਮ ਵੈਲਡਿੰਗ ਵਰਕਸ ਨੂੰ ਅਲਾਟ ਕੀਤਾ ਗਿਆ ਸੀ। ਅੱਗੇ, ਇਹ ਵੀ ਧਿਆਨ ਵਿੱਚ ਆਇਆ ਸੀ ਕਿ ਭਾਵੇਂ ਫਰਵਰੀ 2014 ਵਿੱਚ ਕੁਟੇਸ਼ਨਾਂ ਪ੍ਰਾਪਤ

ਕਰਨ ਤੋਂ ਬਾਅਦ ਰੇਟ ਫਾਈਨਲ ਕੀਤੇ ਗਏ ਸਨ, ₹ 1.20 ਲੱਖ ਦੀ ਪੇਸ਼ਗੀ ਅਦਾਇਗੀ ਚੈਕ ਨੰਬਰ 407026 ਮਿਤੀ 13.12.2013 ਰਾਹੀ ਭਾਵ ਕੁਟੇਸ਼ਨਾਂ ਪ੍ਰਾਪਤ ਕਰਨ ਅਤੇ ਡਿਸਪਲੇਅ ਬੋਰਡ ਸਪਲਾਈ ਲਈ ਫਰਮ ਤੋਂ ਫਾਈਨਲ ਕਰਨ ਤੋਂ ਲਗਭੱਗ ਦੋ ਮਹੀਨੇ ਪਹਿਲਾ ਮੈ/ਸ਼ ਧਰਮ ਵੈਲਡਿੰਗ ਵਰਕਸ ਨੂੰ ਅਦਾਇਗੀ ਕੀਤੀ ਗਈ ਸੀ। ₹ 1.64 ਲੱਖ ਦੀ ਬਕਾਇਆ ਰਾਸ਼ੀ ਸਪਲਾਇਰ ਨੂੰ ਚੈਕ ਨੰ. 046191 ਮਿਤੀ 19.02.2014 ਰਾਹੀ ਦਿੱਤੀ ਗਈ ਸੀ। ਇਸ ਤਰ੍ਹਾਂ, ਈ ਓ ਪੀ ਐਸ ਵੱਲੋਂ ਕੁਟੇਸ਼ਨਾਂ ਦੀ ਮੰਗ ਲਈ ਪ੍ਰਕਿਰਿਆ ਆਰੰਭੀ ਨਹੀਂ ਗਈ ਸੀ ਕਿਉਂਕਿ ਖਰੀਦ ਲਈ ਮੈ/ਸ਼ ਧਰਮ ਵੈਲਡਿੰਗ ਵਰਕਸ ਨੂੰ ਪਾਰਟ ਪੈਮੇਂਟ ਪਹਿਲਾ ਹੀ ਦਿੱਤੀ ਗਈ ਸੀ।

ਈ ਓ ਪੀ ਐਮ ਸ਼੍ਰੀ ਮੁਕਤਸਰ ਸਾਹਿਬ ਨੇ ਕੋਈ ਉੱਤਰ ਨਹੀਂ ਦਿਤਾ (ਜਨਵਰੀ 2018)। ਮਾਮਲਾ ਸਰਕਾਰ/ਵਿਭਾਗ ਨੂੰ ਦਸੰਬਰ 2017 ਵਿੱਚ ਰਿਪੋਰਟ ਕੀਤਾ ਗਿਆ ਸੀ ਅਤੇ ਵਿਭਾਗ ਵੱਲੋਂ ਮੌਜੂਦਾ ਸਥਿਤੀ/ਉੱਤਰ ਦੀ ਮੰਗ ਕੀਤੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 2.12 ਬਕਾਇਆ ਵਰਤੋਂ ਸਰਟੀਫੀਕੇਟ

ਪੰਜਾਬ ਵਿੱਤੀ ਨਿਯਮਾਵਲੀ ਭਾਗ I ਦਾ ਨਿਯਮ 8.14 ਨਿਰਧਾਰਤ ਕਰਦਾ ਹੈ ਕਿ ਗ੍ਰਾਂਟ ਮਨਜ਼ੂਰ ਕਰ ਰਹੇ ਹਰ ਆਦੇਸ਼ ਨੂੰ ਸਪਸ਼ੱਟ ਤੌਰ ਤੇ ਇਸਦਾ ਮੰਤਵ ਅਤੇ ਸਮਾਂ ਸੀਮਾ ਨਿਰਧਾਰਤ ਕਰਨੀ ਚਾਹੀਦੀ ਹੈ ਜਿਸ ਵਿੱਚ ਗ੍ਰਾਂਟ ਖਰਚ ਕੀਤੀ ਜਾਣੀ ਹੈ। ਸਹਾਇਤਾ ਗ੍ਰਾਂਟਾਂ ਕਢਵਾ ਰਹੇ ਵਿਭਾਗੀ ਅਧਿਕਾਰੀ, ਜਿਥੇ ਜਰੂਰੀ ਹੋਵੇ, ਗ੍ਰਾਂਟ ਨਾਲ ਜੁੜੀਆਂ ਸ਼ਰਤਾਂ ਦੀ ਪੂਰਤੀ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ, ਮਹਾਲੇਖਾਕਾਰ ਨੂੰ ਪ੍ਰਮਾਣਿਤ ਕਰਨ, ਅਤੇ ਅਜਿਹੇ ਰੂਪ ਵਿੱਚ ਅਤੇ ਅਜਿਹੇ ਅੰਤਰਆਲ ਤੇ ਸਰਟੀਫੀਕੇਟ (ਵਰਤੋਂ ਸਰਟੀਫੀਕੇਟ) ਪੇਸ਼ ਕਰਨ ਜਿਸ ਤਰ੍ਹਾ ਮਹਾਂਲੇਖਾਕਾਰ (ਏ ਐਂਡ ਈ) ਅਤੇ ਸਬੰਧਤ ਵਿਭਾਗ ਦੇ ਮੁਖੀ ਵਿਚਕਾਰ ਸਹਿਮਤੀ ਬਣੀ ਹੋਵੇ।

2017-18 ਦੌਰਾਨ ਈ ਓ ਪੀ ਐਸ ਘਨੌਰ ਅਧੀਨ ਜੀ ਪੀਜ਼ ਭੱਟ ਮਾਜਰਾ ਅਤੇ ਲੋਹਾਖੇੜੀ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਪੇਂਡੂ ਵਿਕਾਸ ਫੰਡ (ਆਰ ਡੀ ਐਫ) ਅਧੀਨ ਕਾਰਜਕਾਰੀ ਇੰਜਨੀਅਰ (ਈ ਈ) ਪੰਚਾਇਤੀ ਰਾਜ ਮੰਡਲ, ਪਟਿਆਲਾ ਨੂੰ ਛੱਪੜ ਲਈ ਰਸਤੇ ਦੀ ਉਸਾਰੀ ਲਈ ₹ 0.33 ਕਰੋੜ[13] ਟਰਾਂਸਫਰ ਕੀਤੇ ਸਨ (ਦਸੰਬਰ 2016-ਅਪ੍ਰੈਲ 2017)। ਇਸੇ ਤਰ੍ਹਾਂ, ਈ ਓ ਪੀ ਐਸ ਸਨੌਰ ਵਿੱਚ 2014-17 ਦੌਰਾਨ ਵੱਖ-ਵੱਖ ਸੰਗਠਨਾਂ ਨੂੰ ₹ 3.20 ਲੱਖ[14] ਵੰਡੇ ਗਏ ਸਨ। ਪ੍ਰੰਤੂ, ਦੋਵਾਂ ਮਾਮਲਿਆਂ ਵਿੱਚ ਵਰਤੋਂ ਸਰਟੀਫੀਕੇਟ (ਯੂ ਸੀ) ਪ੍ਰਾਪਤ ਨਹੀਂ ਹੋਏ ਸਨ, ਜਿਸ ਦੀ ਅਣਹੋਂਦ ਵਿੱਚ ਫੰਡਾਂ/ਗ੍ਰਾਟਾਂ ਦੀ ਅਸਲ ਵਰਤੋਂ ਦਾ ਲੇਖਾ ਪ੍ਰੀਖਿਆ ਵਿੱਚ ਤਸਦੀਕ ਨਹੀਂ ਹੋ ਸਕਦਾ ਸੀ।

ਈ ਓ ਪੀ ਐਸ ਨੇ ਕਿਹਾ (ਜੂਨ 2017-ਮਾਰਚ 2018) ਕਿ ਸਬੰਧਤਾ ਕੋਲੋ ਸਬੰਧਤ ਦਸਤਾਵੇਜ਼ ਅਤੇ ਯੂ ਸੀਜ਼ ਪ੍ਰਾਪਤ ਕਰ ਲਏ ਜਾਣਗੇ। ਯੂ ਸੀਜ਼ ਦੀ ਪ੍ਰਾਪਤੀ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

---

13 (i) ਜੀ ਪੀ ਭੱਟਮਾਜਰਾ: ₹ 0.10 ਕਰੋੜ (17 ਦਸੰਬਰ 2016); (ii) ਜੀ ਪੀ ਲੋਹਾ ਖੇੜੀ: ₹ 0.10 ਕਰੋੜ (30 ਦਸੰਬਰ 2016); ਅਤੇ ₹ 0.13 ਕਰੋੜ (27 ਅਪ੍ਰੈਲ 2017)।

14 (i) ਦੇਸ਼ ਸੇਵਕ ਟਰਸਟ: ₹ 0.65 ਲੱਖ; (ii) ਨਗਰ ਟਰਸਟ: ₹ 0.51 ਲੱਖ; (iii) ਗੁਰੂ ਰਵਿਦਾਸ ਕਮੇਟੀ: ਹਰੀ ਨਗਰ ਖਰਕੀ: ₹ 0.51 ਲੱਖ; (iv) ਗੁਰੂ ਰਵਿਦਾਸ ਕਮੇਟੀ, ਕਰਹਾਲੀ: ₹ 0.51 ਲੱਖ; (v) ਗੁਰੂ ਰਵਿਦਾਸ ਕਮੇਟੀ, ਡਕਾਲਾ: ₹ 0.51 ਲੱਖ ਅਤੇ (vi) ਗ੍ਰਾਮ ਪੰਚਾਇਤ, ਦੁਧਾਰ: ₹ 0.51 ਲੱਖ।

## 2.13 ਫੰਡ ਟਰਾਂਸਫਰ ਨਾ ਕਰਨਾ

ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਵੱਲੋਂ ਜਾਰੀ ਹਦਾਇਤਾਂ (ਨਵੰਬਰ 2016) ਅਨੁਸਾਰ ਕਾਰਜਸਾਧਕ ਅਫਸਰ 14ਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੇ ਫੰਡਾਂ ਤੋਂ ਫੰਡਾਂ ਦੇ ਚਾਰ *ਪ੍ਰਤੀਸ਼ਤ* ਦੀ ਦਰ ਤੇ ਕੰਪਿਊਟਰ ਅਪਰੇਟਰ ਦੀ ਤਨਖਾਹ ਅਤੇ ਕੰਪਿਊਟਰ ਮਟੀਰਿਅਲ ਦਾ ਪ੍ਰਬੰਧ ਕਰੇਗਾ। ਇਸ ਮੰਤਵ ਲਈ, ਗ੍ਰਾਮ ਪੰਚਾਇਤ ਮਤਾ ਪਾਸ ਕਰੇਗੀ ਅਤੇ ਪੰਚਾਇਤ ਸੰਮਤੀ ਨੂੰ ਹਿੱਸਾ ਭੇਜੇਗੀ। ਗ੍ਰਾਮ ਪੰਚਾਇਤਾਂ ਤੋਂ ਇੱਕਠੀ ਕੀਤੀ ਰਾਸ਼ੀ ਲਈ ਇੱਕ ਵੱਖਰਾ ਬੈਂਕ ਖਾਤਾ ਖੋਲ੍ਹਿਆ ਜਾਵੇਗਾ ਅਤੇ ਤਨਖਾਹ ਅਤੇ ਕੰਪਿਊਟਰ ਮਟੀਰਿਅਲ ਉਤੇ ਖਰਚਾ ਇਸ ਖਾਤੇ ਵਿੱਚੋਂ ਕੀਤਾ ਜਾਵੇਗਾ।

2017-18 ਦੌਰਾਨ ਈ ਓ ਪੀ ਐਸ ਲੰਬੀ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਐਫ ਐਫ ਸੀ ਤੋਂ ਪ੍ਰਾਪਤ ਕੀਤੀ ₹ 3.40 ਕਰੋੜ ਦੀ ਰਾਸ਼ੀ 57 ਗ੍ਰਾਮ ਪੰਚਾਇਤਾਂ[15] ਨੂੰ ਜਾਰੀ ਕੀਤੀ ਗਈ ਸੀ। ਕੁੱਲ ₹ 13.60 ਲੱਖ (₹ 3.40 ਕਰੋੜ ਦਾ ਚਾਰ *ਪ੍ਰਤੀਸ਼ਤ)* ਦੀ ਰਾਸ਼ੀ ਵਿੱਚੋਂ, ਸਿਰਫ ਇੱਕ ਗ੍ਰਾਮ ਪੰਚਾਇਤ ਨੇ ਕੰਪਿਊਟਰ ਅਪਰੇਟਰ ਦੀ ਤਨਖਾਹ ਅਤੇ ਕੰਪਿਉਟਰ ਮਟੀਰਿਅਲ ਲਈ ਪੰਚਾਇਤ ਦੇ ਹਿੱਸੇ ਵੱਜੋ ਈ ਓ ਪੀ ਐਸ ਨੂੰ ₹ 0.18 ਲੱਖ ਟਰਾਂਸਫਰ ਕੀਤੇ। ਬਾਕੀ ਰਹਿੰਦੀਆਂ 56 ਗ੍ਰਾਮ ਪੰਚਾਇਤਾਂ ਨੇ ਈ ਓ ਪੀ ਐਸਜ਼ ਨੂੰ ₹ 13.42 ਲੱਖ ਟਰਾਂਸਫਰ ਨਹੀ ਕੀਤੇ।

ਸਬੰਧਤ ਪੀ ਆਰ ਆਈਜ਼ ਨੇ ਭੱਵਿਖ ਵਿੱਚ ਪਾਲਣਾ ਲਈ ਇਹ ਪੁਆਇੰਟ ਨੋਟ ਕਰ ਲਿਆ ਸੀ (ਨਵੰਬਰ 2017)। ਜੀ ਪੀਜ਼ ਵੱਲੋਂ ਮੰਤਵ ਲਈ ਲੋੜੀਂਦਾ ਹਿੱਸਾ ਟਰਾਂਸਫਰ ਕਰਨ ਦੀ ਮੌਜੂਦਾ ਸਥਿਤੀ ਵਿਭਾਗ ਤੋਂ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਫਰਵਰੀ 2021)।

---

15 (1) ਅਬੁਲ ਖੁਰਾਨਾ: ₹ 6.41 ਲੱਖ, (2) ਨਵਾਂ ਅਬੁਲ ਖੁਰਾਣਾ: ₹ 7.43 ਲੱਖ, (3) ਅਧਨੀਆਂ: ₹ 5.95 ਲੱਖ, (4) ਅਰਨੀਵਾਲਾ ਵਜ਼ੀਰਾ: ₹ 3.04 ਲੱਖ, (5) ਬਾਦਲ: ₹ 10.03 ਲੱਖ, (6) ਬਨਵਾਲਾ ਅਨੁ ਕਾ: ₹ 2.39 ਲੱਖ, (7) ਬੀਦੋ ਵਾਲੀ: ₹ 2.82 ਲੱਖ, (8) ਭਾਗੂ: ₹ 0.99 ਲੱਖ, (9) ਭੀਤੀ ਵਾਲਾ: ₹ 6.26 ਲੱਖ, (10) ਭੁਲਰ ਵਾਲਾ: ₹ 2.68 ਲੱਖ, (11) ਚਾਨੂ: ₹ 11.15 ਲੱਖ, (12) ਛਾਨੂ ਪੁਰਬੀ: ₹ 9.48 ਲੱਖ (13) ਡਬਵਾਲੀ ਰੂਹੜੀਆਂਵਾਲੀ: ₹ 5.18 ਲੱਖ, (14) ਦਿਓਨ ਖੇੜਾ: ₹ 5.34 ਲੱਖ, (15) ਧੌਲਾ: ₹ 2.77 ਲੱਖ, (16) ਫਰੀਦ ਖੇੜਾ/ਗਸੂਲਪੁਰ ਖੇੜਾ: ₹ 4.13 ਲੱਖ, (17) ਫਤਿਹਪੁਰ ਮਨੀ: ₹ 5.95 ਲੱਖ, (18) ਫੱਤਾ ਖੇੜਾ: ₹ 4.72 ਲੱਖ, (19) ਫਤੂਹੀ ਖੇੜਾ: ₹ 5.94 ਲੱਖ, (20) ਫਤੂਹੀ ਵਾਲਾ: ₹ 0.39 ਲੱਖ, (21) ਗਾਗਰ: ₹ 5.98 ਲੱਖ, (22) ਘੁਮਿਆਰਾ: ₹ 9.46 ਲੱਖ, (23) ਹਾਕੂ ਵਾਲਾ: ₹ 4.08 ਲੱਖ, (24) ਕਾਹਨ ਵਾਲੀ: ₹ 8.43 ਲੱਖ, (25) ਕੰਦੂ ਖੇੜਾ: ₹ 4.53 ਲੱਖ, (26) ਢਾਣੀ ਤੇਲੀਆਂ ਵਾਲੀ: ₹ 1.83 ਲੱਖ, (27) ਕੰਗਨ ਖੇੜਾ: ₹ 2.79 ਲੱਖ, (28) ਖੇਮਾ ਖੇੜਾ: ₹ 2.01 ਲੱਖ, (29) ਖਿਓ ਵਾਲੀ: ₹ 4.89 ਲੱਖ, (30) ਖੁੱਡੀਆਂ ਗੁਲਾਬ ਸਿੰਘ: ₹ 4.61 ਲੱਖ, (31) ਖੁੱਡੀਆਂ ਮਹਾਂ ਸਿੰਘ: ₹ 2.56 ਲੱਖ, (32) ਕਿਲੀਆਂ ਵਾਲੀ: ₹ 16.74 ਲੱਖ, (33) ਮੰਡੀ ਕਿੱਲੀਆਂ ਵਾਲੀ: ₹ 24.57 ਲੱਖ, (34) ਲਾਲਬਾਈ: ₹ 2.63 ਲੱਖ, (35) ਲਾਲ ਬਾਈ ਉੱਤਰੀ: ₹ 3.57 ਲੱਖ, (36) ਲੰਬੀ: ₹ 12.76 ਲੱਖ, (37) ਲੋਹਾਰਾ: ₹ 2.57 ਲੱਖ, (38) ਮਾਨ: ₹ 9.24 ਲੱਖ, (39) ਮਾਹਨੀ ਖੇੜਾ: ₹ 4.36 ਲੱਖ, (40) ਮਾਹੌਂਣਾ: ₹ 6.82 ਲੱਖ, (41) ਮਹਿਮੂਦ ਖੇੜਾ: ₹ 2.25 ਲੱਖ, (42) ਮੈਹਣਾ: ₹ 14.21 ਲੱਖ, (43) ਚੱਕ ਮਿੱਡੂ ਸਿੰਘ ਵਾਲਾ: ₹ 1.73 ਲੱਖ, (44) ਮਿੱਡੂ ਖੇੜਾ: ₹ 6.78 ਲੱਖ, (45) ਮਥਰੀ ਬੁਧਗੀਰ: ₹ 4.33 ਲੱਖ (46) ਪੰਜਾਵਾ: ₹ 8.91 ਲੱਖ, (47) ਫੁਲੂਖੇੜਾ: ₹ 6.35 ਲੱਖ, (48) ਰੋੜਾਂਵਾਲੀ: ₹ 6.02 ਲੱਖ, (49) ਸੈਹਣਾ ਖੇੜਾ: ₹ 2.97 ਲੱਖ, (50) ਸੈਹਰਾਂ ਵਾਲਾ: ₹ 5.30 ਲੱਖ, (51) ਨੰਬਰਦਾਰ ਪੱਤੀ: ₹ 1.90 ਲੱਖ, (52) ਸਿੱਖ ਵਾਲਾ: ₹ 6.55 ਲੱਖ (53) ਸਿੰਘੇ ਵਾਲਾ: ₹ 4.72 ਲੱਖ, (54) ਢਾਣੀ ਸਿੰਘੇ ਵਾਲੀ: ₹ 0.46 ਲੱਖ, (55) ਤਪਾ ਖੇੜਾ: ₹ 7.27 ਲੱਖ, (56) ਤਰਮਾਲਾ: ₹ 9.00 ਲੱਖ, (57) ਵੜਿੰਗ ਖੇੜਾ: ₹ 7.51 ਲੱਖ।

# ਭਾਗ-ਅ

# ਸ਼ਹਿਰੀ ਸਥਾਨਕ ਸੰਸਥਾਵਾਂ

# ਅਧਿਆਇ-III

## ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

# ਅਧਿਆਇ-III

# ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

## 3.1 ਸ਼ਹਿਰੀ ਸਥਾਨਕ ਸੰਸਥਾਵਾਂ ਦਾ ਪਿਛੋਕੜ

ਸੰਵਿਧਾਨ (ਚੋਹੱਤਰਵੀਂ ਸੋਧ) ਐਕਟ, 1992 ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀ) ਨੂੰ ਸੰਵਿਧਾਨਕ ਮਾਨਤਾ ਦੇਣ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਸੀ, ਨੇ ਸ਼ਕਤੀ ਦੇ ਵਿਕੇਂਦਰੀਕਰਣ, ਯੂ ਐਲ ਬੀਜ਼ ਨੂੰ ਹੋਰ ਕਾਰਜਾਂ ਅਤੇ ਫੰਡਾ ਦੇ ਤਬਾਦਲੇ ਅਤੇ ਸੌਂਪਣ ਦਾ ਰਾਹ ਪੱਧਰਾ ਕੀਤਾ। ਇਸ ਦਾ ਉਦੇਸ਼ ਯੂ ਐਲ ਬੀਜ਼ ਨੂੰ ਆਤਮ ਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਲੋਕਾਂ ਨੂੰ ਵਧੀਆ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣਾ ਸੀ। ਨਤੀਜੇ ਵਜੋਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਨਾਮਕ ਤਿੰਨ ਪੱਧਰਾਂ ਰਾਹੀਂ ਹੋਰ ਵਿਭਿੰਨ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ। 74ਵੀਂ ਸੋਧ ਦੇ ਉਪਬੰਧਾਂ ਨੂੰ ਸ਼ਾਮਲ ਕਰਨ ਲਈ, ਰਾਜ ਵਿਧਾਨਪਾਲਿਕਾ ਨੇ ਨਗਰ ਕੌਂਸਲਾਂ ਅਤੇ ਨਗਰ ਪੰਚਾਇਤ ਲਈ ਪੰਜਾਬ ਨਗਰ ਨਿਗਮ ਐਕਟ, 1976 ਅਤੇ ਪੰਜਾਬ ਨਗਰਪਾਲਿਕਾ ਐਕਟ, 1911 (1994 ਵਿਚ ਸੋਧਿਤ) ਬਣਾਇਆ/ਸੋਧਿਆ। ਯੂ ਐਲ ਬੀਜ਼ ਦਾ ਸ਼ਾਸਨ ਪ੍ਰਬੰਧ ਚੁਣੇ ਹੋਏ ਨੁਮਾਇੰਦਿਆਂ ਜਿਨ੍ਹਾਂ ਦੀ ਮਿਆਦ ਪੰਜ ਸਾਲ ਹੁੰਦੀ ਹੈ, ਦੁਆਰਾ ਚਲਾਇਆ ਜਾਂਦਾ ਹੈ। 167 ਯੂ ਐਲ ਬੀਜ਼[1] ਦੀਆਂ ਚੋਣਾਂ ਫਰਵਰੀ 2015 ਅਤੇ ਜੂਨ 2019 ਵਿਚਕਾਰ ਹੋਈਆਂ ਸਨ।

### 3.1.1 ਲੇਖਾ ਪ੍ਰੀਖਿਆ ਦਾ ਅਧਿਕਾਰ

ਤੇਰਵ੍ਹੇਂ ਵਿੱਤ ਕਮਿਸ਼ਨ (ਟੀ ਐਫ ਸੀ) ਨੇ ਸਿਫਾਰਸ਼ ਕੀਤੀ ਸੀ ਕਿ ਰਾਜ ਸਰਕਾਰ ਦੁਆਰਾ ਸਭ ਤਰ੍ਹਾਂ ਦੀਆਂ ਯੂ ਐਲ ਬੀਜ਼ ਲਈ ਇੱਕ ਲੇਖਾ ਪ੍ਰੀਖਿਆ ਪੱਧਤੀ ਬਣਾਉਣੀ ਜਰੂਰੀ ਹੈ। ਟੀ ਐਫ ਸੀ ਦੀਆਂ ਸਿਫਾਰਸ਼ਾਂ ਤੇ ਅਧਾਰਤ, ਰਾਜ ਸਰਕਾਰ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੇ (ਕਰਤੱਵ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੇ ਅਨੁਭਾਗ 20 (1) ਅਧੀਨ ਯੂ ਐਲ ਬੀਜ਼ ਦੀ ਨਮੂਨਾ ਲੇਖਾ ਪ੍ਰੀਖਿਆ ਅਤੇ ਇਨ੍ਹਾਂ ਸੰਸਥਾਵਾਂ ਸਬੰਧੀ ਨਿਰੀਖਕ, ਸਥਾਨਕ ਫੰਡ ਅਤੇ ਲੇਖੇ, ਪੰਜਾਬ (ਈ ਐਲ ਐਫ ਏ) ਦੀ ਲੇਖਾ ਪ੍ਰੀਖਿਆ ਨਾਲ ਸਬੰਧਤ ਕੰਮਕਾਜ ਬਾਰੇ ਤਕਨੀਕੀ ਅਗਵਾਈ ਅਤੇ ਸਹਾਇਤਾ (ਟੀ ਜੀ ਐਸ) ਪ੍ਰਦਾਨ ਕਰਨ ਦਾ ਕੰਮ (ਅਗਸਤ 2011 ਅਤੇ ਅਗਸਤ 2016) ਵਿੱਚ ਸੌਂਪਿਆ। ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਵੀ ਸਿਫਾਰਸ਼ ਕੀਤੀ ਸੀ ਕਿ ਸੀ ਏ ਜੀ ਦੁਆਰਾ ਟੀ ਜੀ ਐਸ ਪ੍ਰਬੰਧ ਜਾਰੀ ਰਹਿਣਾ ਚਾਹੀਦਾ ਹੈ। ਮਾਰਚ 2019 ਤੱਕ 10 ਨਗਰ ਨਿਗਮ 101 ਨਗਰ ਕੌਂਸਲਾਂ ਅਤੇ 56 ਨਗਰ ਪੰਚਾਇਤਾਂ ਸਨ। ਸਾਲ 2016-17, 2017-18 ਅਤੇ 2018-19 ਦੇ ਦੌਰਾਨ, 194 ਯੂ ਐਲ ਬੀਜ਼[2] ਦੀ ਨਮੂਨਾ ਲੇਖਾ ਪ੍ਰੀਖਿਆ ਕੀਤੀ ਗਈ ਸੀ *(ਅੰਤਿਕਾ 3.1)*। ਮਾਰਚ 2019 ਜਾਂ ਬਾਅਦ ਤੱਕ ਦੀਆਂ ਲੇਖਾ ਪ੍ਰੀਖਿਆ ਲੱਭਤਾਂ ਦੀ ਤਾਜ਼ਾ ਸਥਿਤੀ ਜਦੋਂ ਵੀ ਪ੍ਰਾਪਤ ਹੋਈ ਸਬੰਧਤ ਪੈਰ੍ਹਿਆਂ ਵਿੱਚ ਸ਼ਾਮਲ ਕਰ ਲਈ ਗਈ।

---

[1] 129 ਇਕਾਈਆਂ ਦੀਆਂ ਚੋਣਾ (06 ਨਗਰ ਨਿਗਮਾਂ ਅਤੇ 123 ਨਗਰ ਕੌਂਸਲਾਂ/ਨਗਰ ਪੰਚਾਇਤਾਂ) ਫਰਵਰੀ 2015 ਵਿੱਚ ਹੋਈਆਂ; 35 ਇਕਾਈਆਂ (03 ਨਿਗਮਾਂ ਅਤੇ 32 ਨਗਰ ਕੌਂਸਲਾਂ/ਨਗਰ ਪੰਚਾਇਤਾਂ) ਦਸੰਬਰ 2017 ਵਿੱਚ; 01 ਨਗਰ ਨਿਗਮ ਫਰਵਰੀ 2018 ਵਿੱਚ; ਅਤੇ 02 ਨਗਰ ਕੌਂਸਲਾਂ/ਨਗਰ ਪੰਚਾਇਤਾਂ ਜੂਨ 2019 ਵਿੱਚ।

[2] 2016-17: 10 ਨਗਰ ਨਿਗਮਾਂ, 27 ਨਗਰ ਕੌਂਸਲਾਂ ਅਤੇ 10 ਨਗਰ ਪੰਚਾਇਤਾਂ; 2017-18: 10 ਨਗਰ ਨਿਗਮਾਂ, 49 ਨਗਰ ਕੌਂਸਲਾਂ ਅਤੇ 19 ਨਗਰ ਪੰਚਾਇਤਾਂ; ਅਤੇ 2018-19: 10 ਨਗਰ ਨਿਗਮਾਂ, 43 ਨਗਰ ਕੌਂਸਲਾਂ ਅਤੇ 16 ਨਗਰ ਪੰਚਾਇਤਾਂ।

### 3.1.2 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਲੇਖਾ ਪ੍ਰਣਾਲੀ

ਗਿਆਰਵੇਂ ਵਿੱਤ ਕਮਿਸ਼ਨ (ਈ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ (ਐਮ ਓ ਯੂ ਡੀ) ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਲਾਹ ਨਾਲ, ਨੈਸ਼ਨਲ ਮਿਉਂਸਪਲ ਅਕਾਊਂਟਸ ਮੈਨੂਅਲ ਇਸ ਮਨਸ਼ਾ ਨਾਲ ਤਿਆਰ ਕੀਤਾ (ਦਸੰਬਰ 2004) ਤਾਂ ਜੋ ਨਾ ਕੇਵਲ ਜਨਤਕ ਫੰਡਾਂ ਦੀ ਵਰਤੋਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵਧਾਈ ਜਾਵੇ ਬਲਕਿ ਯੂ ਐਲ ਬੀਜ਼ ਨੂੰ ਆਪਣੀ ਭੂਮਿਕਾ ਵਧੇਰੇ ਪ੍ਰਭਾਵੀ ਤਰੀਕੇ ਨਾਲ ਨਿਭਾਉਣ ਅਤੇ ਬਿਹਤਰ ਸੇਵਾ ਦੇਣ ਨੂੰ ਯਕੀਨੀ ਬਣਾਉਣ ਵਿਚ ਮਦਦ ਵੀ ਮਿਲ ਸਕੇ। ਇਸ ਮੈਨੂਅਲ ਨੂੰ ਆਪਣੇ ਆਪਣੇ ਰਾਜ ਵਿਸ਼ੇਸ਼ ਨਗਰਪਾਲਿਕਾ ਲੇਖੇ ਮੈਨੂਅਲ ਦਾ ਖਰੜਾ ਬਣਾਉਂਦੇ ਹੋਏ, ਵੱਖ ਵੱਖ ਰਾਜ ਸਰਕਾਰਾਂ ਵਲੋਂ ਅਪਣਾਇਆ ਅਤੇ ਲਾਗੂ ਕੀਤਾ ਜਾਣਾ ਸੀ। ਪੰਜਾਬ ਸਰਕਾਰ (ਜੀ ਓ ਪੀ) ਨੇ ਬਾਰਾਂ ਸਾਲਾਂ ਤੋਂ ਵੱਧ ਦਾ ਸਮਾ ਲੰਘਣ ਤੇ ਪੰਜਾਬ ਮਿਉਂਸਪਲ ਅਕਾਊਂਟਸ ਮੈਨੂਅਲ, 2017 ਲਈ ਨੋਟੀਫੀਕੇਸ਼ਨ ਜਾਰੀ ਕੀਤੀ (ਸਤੰਬਰ 2017)।

ਯੂ ਐਲ ਬੀਜ਼ ਦੇ ਲੇਖਿਆਂ ਦੀ ਮਾਨੀਟਰਿੰਗ ਦੇ ਕੇਸ ਵਿੱਚ ਕਮਿਸ਼ਨਰ ਦੁਆਰਾ ਅਤੇ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਕੇਸ ਵਿੱਚ ਕਾਰਜਸਾਧਕ ਅਫਸਰ ਦੁਆਰਾ ਕੀਤੀ ਜਾਂਦੀ ਹੈ।

## 3.2 ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੰਗਠਨਾਤਮਕ ਬਣਤਰ

ਪੰਜਾਬ ਰਾਜ ਵਿੱਚ ਯੂ ਐਲ ਬੀਜ਼ ਦੀ ਸੰਗਠਨਾਤਮਕ ਬਣਤਰ ਨੂੰ **ਚਾਰਟ 3.1** ਵਿੱਚ ਦਰਸਾਇਆ ਗਿਆ ਹੈ:




### 3.2.1 ਸਥਾਈ ਕਮੇਟੀਆਂ

ਯੂ ਐਲ ਬੀਜ਼ ਦੇ ਕੰਮ ਕਾਜ ਅਤੇ ਵਿੱਤੀ ਮਾਮਲਿਆਂ ਅਤੇ ਸਕੀਮਾਂ ਨੂੰ ਲਾਗੂ ਕਰਨ ਵਿੱਚ ਸ਼ਾਮਲ ਵੱਖ-ਵੱਖ ਸਥਾਈ ਕਮੇਟੀਆਂ ਦੀ ਸੰਖੇਪ ਜਾਣਕਾਰੀ ਹੇਠਾਂ **ਸਾਰਣੀ 3.1** ਵਿੱਚ ਦਿੱਤੀ ਗਈ ਹੈ:

**ਸਾਰਣੀ 3.1 : ਸਥਾਈ ਕਮੇਟੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ**

| ਯੂ ਐਲ ਬੀਜ਼ ਦਾ ਪੱਧਰ | ਸਥਾਈ ਕਮੇਟੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ |
|---|---|
| ਨਗਰ ਨਿਗਮ | ਹਰ ਨਗਰ ਨਿਗਮ, ਵਿੱਤ ਅਤੇ ਠੇਕਾ ਕਮੇਟੀ ਦਾ ਗਠਨ ਕਰੇਗੀ ਅਤੇ ਕੋਈ ਐਡਹਾਕ ਕਮੇਟੀ ਦਾ ਗਠਨ ਕਰ ਸਕਦੀ ਹੈ ਜਿਵੇਂ ਕਿ ਵਾਟਰ ਸਪਲਾਈ ਅਤੇ ਸੀਵੇਜ ਡਿਸਪੋਜ਼ਲ ਕਮੇਟੀ ਆਦਿ ਕਿਸੇ ਵੀ ਸ਼ਕਤੀ ਦੀ ਵਰਤੋਂ ਕਰਨ ਜਾਂ ਕੋਈ ਅਜਿਹਾ ਕੰਮ ਕਰਨ ਲਈ ਜਿਹੜਾ ਕਿ ਨਿਗਮ ਇੱਕ ਮਤੇ ਰਾਹੀਂ ਇਨ੍ਹਾਂ ਨੂੰ ਸੌਂਪ ਸਕਦਾ ਹੈ ਜਾਂ ਕਿਸੇ ਤਰ੍ਹਾਂ ਦੀ ਜਾਂਚ ਪੜਤਾਲ, ਰਿਪੋਰਟਿੰਗ ਜਾਂ ਕਿਸੇ ਤਰੀਕੇ ਨਾਲ ਸਲਾਹ ਲਈ ਜਿਹੜੀ ਕਿ ਪੰਜਾਬ ਨਗਰ ਨਿਗਮ ਐਕਟ, 1976 ਦੇ ਅਨੁਭਾਗ 42,42-ਏ, 42-ਬੀ ਅਤੇ 42-ਸੀ ਦੇ ਉਪਬੰਧਾਂ ਅਨੁਸਾਰ ਨਿਗਮ ਇਨ੍ਹਾਂ ਨੂੰ ਦੇ ਸਕਦੀ ਹੈ। |
| ਨਗਰ ਕੌਂਸਲ/ ਨਗਰ ਪੰਚਾਇਤ | ਪੰਜਾਬ ਨਗਰਪਾਲਿਕਾ ਐਕਟ, 1911 ਦੇ ਅਨੁਭਾਗ 34 ਅਨੁਸਾਰ, ਇੱਕ ਕਮੇਟੀ ਕਿਸੇ ਇਕ ਜਾਂ ਜਿਆਦਾ ਵਾਰਡਾਂ ਦੇ ਪ੍ਰਬੰਧਨ ਲਈ ਇਕ ਸਬ ਕਮੇਟੀ ਦੀ ਨਿਯੁਕਤੀ ਕਰ ਸਕਦੀ ਹੈ ਅਤੇ ਉਸ ਸਬ ਕਮੇਟੀ ਨੂੰ ਵਾਰਡ ਜਾਂ ਵਾਰਡਾਂ ਵਿਚ ਕਮੇਟੀ ਦੇ ਸਾਰੇ ਅਧਿਕਾਰ ਜਾਂ ਕੋਈ ਇਕ ਅਧਿਕਾਰ ਵਰਤਣ ਦਾ ਜਿੰਮਾ ਲਗਾ ਸਕਦੀ ਹੈ। ਇਸੇ ਤਰ੍ਹਾਂ ਕਾਰਜਸਾਧਕ ਅਫਸਰ, ਪੰਜਾਬ ਨਗਰਪਾਲਿਕਾ (ਕਾਰਜਸਾਧਕ ਅਫਸਰ) ਐਕਟ 1931 ਦੇ ਸੈਕਸ਼ਨ 4 ਅਧੀਨ, ਨਗਰ ਪਾਲਿਕਾ ਐਕਟ 1911 ਦੇ ਸੈਕਸ਼ਨ 65 ਦੁਆਰਾ ਪ੍ਰਦਾਨ ਕੀਤੇ ਅਚੱਲ ਜਾਇਦਾਦ ਦੀ ਕੀਮਤ ਅਤੇ ਅਸੈਸਮੈਂਟ ਦੀ ਸੋਧ ਲਈ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ ਅਤੇ ਕਾਰਜਸਾਧਕ ਅਫ਼ਸਰ ਅਤੇ ਇਨ੍ਹਾਂ ਮੰਤਵਾਂ ਲਈ ਨਿਯੁਕਤ ਕੀਤੀ ਕਮੇਟੀ ਦੇ ਦੋ ਮੈਂਬਰਾਂ ਵਾਲੀ ਉਪ-ਕਮੇਟੀ, ਸੈਕਸ਼ਨ 67 ਦੀ ਉਪਧਾਰਾ (I) ਅਧੀਨ ਮਿਲੇ ਅਸੈਸਮੈਂਟ ਸੂਚੀ ਵਿੱਚ ਸੋਧ ਦੇ ਅਧਿਕਾਰ ਦੀ ਵਰਤੋਂ ਕਰੇਗੀ। |

*ਸ੍ਰੋਤ : ਪੰਜਾਬ ਨਗਰ ਨਿਗਮ ਐਕਟ, 1976 ਅਤੇ ਪੰਜਾਬ ਨਗਰਪਾਲਿਕਾ ਐਕਟ, 1911 ।*

ਲੇਖਾ ਪ੍ਰੀਖਿਆ ਨੇ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਦੁਆਰਾ ਦਿੱਤੀ ਜਾਣਕਾਰੀ (ਅਗਸਤ 2019) ਤੋਂ ਦੇਖਿਆ ਕਿ 10 ਵਿੱਚੋਂ ਨੌਂ[3] ਨਗਰ ਨਿਗਮਾਂ ਵਿੱਚ ਵਿੱਤ ਅਤੇ ਠੇਕਾ ਕਮੇਟੀਆਂ ਬਣਾਈਆਂ ਗਈਆਂ ਸਨ ਇਹਨਾਂ ਵਿੱਚੋਂ ਸਿਰਫ ਦੋ ਨਗਰ ਨਿਗਮਾਂ ਜਿਵੇਂ ਕਿ ਪਟਿਆਲਾ ਅਤੇ ਫਗਵਾੜਾ ਵਿੱਚ ਐਡਹਾਕ ਕਮੇਟੀਆਂ[4] ਬਣਾਈਆਂ ਗਈਆਂ ਸਨ। ਵਿਭਾਗ ਦੁਆਰਾ ਇੱਕ ਨਗਰ ਨਿਗਮ ਅਮ੍ਰਿਤਸਰ ਵਿੱਚ ਕਮੇਟੀ ਦੇ ਗਠਨ ਦੀ ਸੂਚਨਾ ਨਹੀਂ ਦਿੱਤੀ ਗਈ (ਦਸੰਬਰ 2020)।

## 3.2.2 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸਟਾਫ ਦੀ ਸਥਿਤੀ

ਸਥਾਨਕ ਸਰਕਾਰ ਵਿਭਾਗ ਪੰਜਾਬ, ਰਾਜ ਦੀਆਂ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕੰਮਕਾਜ ਦਾ ਨਿਰਦੇਸ਼ਨ, ਨਿਗਰਾਨੀ ਅਤੇ ਕੰਟਰੋਲ ਕਰਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਯੂ ਐਲ ਬੀਜ਼ ਦੇ ਵੱਖ-ਵੱਖ ਕੇਡਰਾਂ ਵਿੱਚ ਸਟਾਫ ਦੀ ਘਾਟ 30 ਪ੍ਰਤੀਸ਼ਤ (ਮਾਰਚ 2017 ਤੱਕ), 30 ਪ੍ਰਤੀਸ਼ਤ (ਮਈ 2018 ਤੱਕ) ਅਤੇ 37 ਪ੍ਰਤੀਸ਼ਤ (ਨਵੰਬਰ 2018 ਤੱਕ) ਸੀ। ਸਟਾਫ ਦੀ ਸਥਿਤੀ ਮਾਰਚ 2018 ਅਤੇ ਮਾਰਚ 2019 ਤੱਕ ਭਾਵੇਂ ਮੰਗੀ ਗਈ ਸੀ, ਵਿਭਾਗ ਨੇ ਨਹੀਂ ਦਿੱਤੀ (ਦਸੰਬਰ 2020)। ਵੱਖ ਵੱਖ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ 30 ਨਵੰਬਰ 2018 ਤੱਕ ਗਰੁਪ ਅਨੁਸਾਰ ਸਟਾਫ ਦੀ ਸਥਿਤੀ **ਸਾਰਣੀ 3.2** ਵਿੱਚ ਦਰਸਾਈ ਗਈ ਹੈ।

---

[3] (i) ਪਟਿਆਲਾ; (ii) ਫਗਵਾੜਾ; (iii) ਐਸ ਏ ਐਸ ਨਗਰ; (iv) ਪਠਾਨਕੋਟ; (v) ਮੋਗਾ; (vi) ਲੁਧਿਆਣਾ; (vii) ਹੋਸ਼ਿਆਰਪੁਰ; (viii) ਜਲੰਧਰ; ਅਤੇ (ix) ਬਠਿੰਡਾ।

[4] ਨਗਰ ਨਿਗਮ, ਪਟਿਆਲਾ:- ਡੇਅਰੀ ਪ੍ਰੋਜੈਕਟ, ਪਬਲਿਕ ਪਾਰਕਿੰਗ, ਸਟਰੀਟ ਵੈਂਡਰ ਐਕਟ, ਆਮਦਨ ਅਤੇ ਖਰਚਾ ਲਈ ਐਡਹਾਕ ਕਮੇਟੀਆਂ ਅਤੇ ਨਗਰ ਨਿਗਮ, ਫਗਵਾੜਾ: ਵੱਖ-ਵੱਖ ਅਦਾਲਤੀ ਕੇਸਾਂ ਦੇ ਨਿਪਟਾਰੇ, ਸਿਟੀ ਕਲੱਬ ਦੇ ਕਿਰਾਏ ਦੀ ਸਮਿਖਿਆ, ਸਾਲਿਡ ਵੇਸਟ ਮੈਨੇਜਮੈਂਟ ਅਧੀਨ ਰਿਕਸ਼ਾ/ਰੇਹੜੀ ਦੀ ਖਰੀਦ ਆਦਿ ਲਈ ਐਡਹਾਕ ਕਮੇਟੀਆਂ।

**ਸਾਰਣੀ 3.2: 30 ਨਵੰਬਰ 2018 ਨੂੰ ਯੂ ਐਲ ਬੀਜ਼ ਦੇ ਸਟਾਫ ਦੀ ਸਥਿਤੀ**

| ਲੜੀ ਨੰ. | ਗਰੁਪ | ਮਨਜ਼ੂਰ ਅਸਾਮੀਆਂ | ਮੌਜੂਦਾ ਸਥਿਤੀ | ਖਾਲੀ | ਘੱਟ (*ਪ੍ਰਤੀਸ਼ਤ* ਵਿੱਚ) |
|---|---|---|---|---|---|
| 1. | ਏ | 360 | 172 | 188 | 52.22 |
| 2. | ਬੀ | 1,065 | 528 | 537 | 50.42 |
| 3. | ਸੀ | 7,159 | 3,450 | 3,709 | 51.81 |
| 4. | ਡੀ | 31,074 | 20,985 | 10,089 | 32.47 |
| | **ਜੋੜ** | **39,658** | **25,135** | **14,523** | **36.62** |

*ਸ੍ਰੋਤ: ਵਿਭਾਗੀ ਡਾਟਾ*

ਮਿਉਂਸਪੈਲਟੀਆਂ ਵਿੱਚ ਸਟਾਫ ਦੀ ਭਾਰੀ ਘਾਟ ਨਿਰਧਾਰਤ ਮਾਪਦੰਡਾਂ ਦੇ ਵਿਰੁੱਧ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਨੁਕਸਾਨਦੇਹ ਹੋ ਸਕਦੀ ਹੈ।

31 ਮਾਰਚ, 2016 ਨੂੰ ਖਤਮ ਹੋਏ ਸਾਲ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸਲਾਨਾ ਤਕਨੀਕੀ ਅਤੇ ਨਿਰੀਖਣ ਰਿਪੋਰਟ (ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ) ਨੇ ਵੀ ਯੂ ਐਲ ਬੀਜ਼ (ਪੈਰ੍ਹਾ 3.2.2) ਵਿੱਚ ਸਟਾਫ ਦੀ ਕਮੀ ਦੇ ਮੁੱਦੇ ਨੂੰ ਉਜਾਗਰ ਕੀਤਾ ਹੈ। ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਨੇ ਪੈਰ੍ਹਾ 3.2.2 ਬਾਰੇ ਵਿਚਾਰ ਵਟਾਂਦਰੇ ਦੌਰਾਨ ਸਿਫਾਰਸ਼ ਕੀਤੀ (ਸਤੰਬਰ 2019) ਸੀ ਕਿ ਲੋੜੀਂਦਾ ਸਟਾਫ ਉਨ੍ਹਾਂ ਇਕਾਈਆਂ ਵਿੱਚ ਜਿੱਥੇ ਘਾਟ ਸੀ ਹੋਰ ਇਕਾਈਆਂ ਤੋਂ ਵਧੇਰੇ ਸਟਾਫ ਦਾ ਤਬਾਦਲਾ ਕਰਕੇ ਤੈਨਾਤ ਕੀਤਾ ਜਾ ਸਕਦਾ ਹੈ। ਹਾਲਾਂਕਿ, ਕਮੇਟੀ ਦੇ ਸੁਝਾਅ/ਸਿਫਾਰਸ਼ਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ।

### 3.2.3 ਕਾਰਜਾਂ ਦੀ ਸਪੁਰਦਗੀ

74ਵੀਂ ਸੰਵਿਧਾਨਿਕ ਸੋਧ (1992) ਦੀ ਪਾਲਣਾ ਕਰਦਿਆਂ, ਪੰਜਾਬ ਸਰਕਾਰ ਨੇ ਪੰਜਾਬ ਨਗਰਪਾਲਿਕਾ ਐਕਟ, 1911 ਦੀ ਧਾਰਾ 50-ਬੀ ਦੇ ਅਧੀਨ ਸਾਰੇ 18 ਕਾਰਜਾਂ ਨੂੰ ਯੂ ਐਲ ਬੀਜ਼ ਨੂੰ ਸੌਂਪਿਆ ਹੈ, ਜਿਸ ਤਹਿਤ ਰਾਜ ਸਰਕਾਰ ਦੁਆਰਾ ਅਜਿਹੀਆਂ ਨਗਰਪਾਲਿਕਾਵਾਂ ਨੂੰ ਸ਼ਕਤੀ ਅਤੇ ਅਥਾਰਟੀਆਂ ਜਿੰਨਾ ਜਰੂਰੀ ਹੋ ਸਕੇ ਉਹਨਾਂ ਨੂੰ ਸਵੈ-ਸਰਕਾਰ ਦੀ ਸੰਸਥਾ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਖਤਮ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਰਾਜ ਸਰਕਾਰ (ਜੂਨ 2021) ਦੁਆਰਾ ਕਾਰਜਾਂ ਦੀ ਵੰਡ ਬਾਰੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਸੀ ਅਤੇ ਯੂ ਐਲ ਬੀਜ਼ ਉਹ ਕੰਮ ਕਰ ਰਹੇ ਸਨ ਜੋ ਉਹਨਾਂ ਨੂੰ 74ਵੇਂ ਸੀ ਏ ਏ ਤੋਂ ਮਹਿਲਾਂ ਸੌਂਪੇ ਗਏ ਸਨ। 18 ਕਾਰਜਾਂ ਵਿੱਚੋਂ, ਯੂ ਐਲ ਬੀਜ਼ ਨਿਯਮਾਂ ਅਤੇ ਬਜਟ ਬਣਾਉਣ (28 *ਪ੍ਰਤੀਸ਼ਤ*) ਨੂੰ ਛੱਡ ਕੇ ਸਿਰਫ ਪੰਜ[5] ਕਾਰਜ ਕਰ ਰਹੇ ਸਨ; ਘੱਟੋ-ਘੱਟ ਭੂਮਿਕਾ ਦੇ ਨਾਲ ਅਤੇ/ਜਾਂ ਰਾਜ ਦੇ ਵਿਭਾਗਾਂ ਅਤੇ/ਜਾਂ ਪੈਰਾਸਟੈਟਲ ਬਾਡੀਜ਼ ਦੇ ਨਾਲ 10[6] ਕਾਰਜਾਂ ਵਿੱਚ ਓਵਰਲੈਪਿੰਗ ਅਧਿਕਾਰ ਖੇਤਰ ਹੋਣ (56 *ਪ੍ਰਤੀਸ਼ਤ*); ਸਿਰਫ

[5] (i) ਦਫਨਾਉਣ ਅਤੇ ਦਫਨਾਉਣ ਦੀ ਜਗ੍ਹਾ; ਸ਼ਮਸ਼ਾਨਘਾਟ; ਅਤੇ ਇਲੈਕਟ੍ਰਿਕ ਸ਼ਮਸ਼ਾਨਘਾਟ; (ii) ਕੈਟਲ ਪੌਂਡ; ਜਾਨਵਰਾਂ ਪ੍ਰਤੀ ਬੇਰਹਿਮੀ ਦੀ ਰੋਕਥਾਮ; (iii) ਬੁੱਚੜਖਾਨੇ ਅਤੇ ਟੈਨਰੀਆਂ ਦਾ ਨਿਯਮ; (iv) ਫਾਇਰ ਸੇਵਾਵਾਂ; ਅਤੇ (v) ਸੜ੍ਹਕਾਂ ਅਤੇ ਪੁਲ।

[6] (i) ਸ਼ਹਿਰੀ ਯੋਜਨਾਬੰਦੀ ਸਮੇਤ ਨਗਰ ਯੋਜਨਾ; (ii) ਜ਼ਮੀਨ ਦੀ ਵਰਤੋਂ ਅਤੇ ਇਮਾਰਤਾਂ ਦੀ ਉਸਾਰੀ ਦਾ ਨਿਯਮ; (iii) ਸ਼ਹਿਰੀ ਗਰੀਬੀ ਦੂਰ ਕਰਨਾ; (iv) ਘਰੇਲੂ, ਉਦਯੋਗਿਕ ਅਤੇ ਵਪਾਰਕ ਉਦੇਸ਼ਾਂ ਲਈ ਪਾਣੀ ਦੀ ਸਪਲਾਈ; (v) ਜਨਤਕ ਸਿਹਤ, ਸੱਵਛਤਾ ਸੰਭਾਲ ਅਤੇ ਸੌਲਿਡ ਵੇਸਟ ਪ੍ਰਬੰਧਨ; (vi) ਸ਼ਹਿਰੀ ਜੰਗਤਾਲ, ਵਾਤਾਵਰਣ ਦੀ ਸੁਰੱਖਿਆ ਅਤੇ ਵਾਤਾਵਰਣ ਪਹਿਲੂਆਂ ਨੂੰ ਉਤਸ਼ਾਹਿਤ ਕਰਨਾ; (vii) ਸ਼ਹਿਰੀ ਸਹੂਲਤਾਂ ਅਤੇ ਪਾਰਕਾਂ, ਬਗੀਚਿਆਂ, ਖੇਡ ਦੇ ਮੈਦਾਨਾਂ ਆਦਿ ਵਰਗੀਆਂ ਸਹੂਲਤਾਂ ਦਾ ਪ੍ਰਬੰਧ; (viii) ਸੰਭਿਆਚਾਰਕ ਨੂੰ ਉਤਸ਼ਾਹਿਤ ਕਰਨਾ, ਵਿਦਿਅਕ ਅਤੇ ਸੁਹਜ ਦੇ ਪਹਿਲੂ; (ix) ਜਨਮ ਅਤੇ ਮੌਤ ਰਜਿਸਟਰੇਸ਼ਨ ਸਮੇਤ ਮੱਹਤਵਪੂਰਣ ਅੰਕੜੇ; ਅਤੇ (x) ਸਟ੍ਰੀਟ ਲਾਈਟਾਂ, ਪਾਰਕਿੰਗ ਸਥਾਨਾਂ, ਬੱਸ ਸਟਾਪਾਂ ਅਤੇ ਜਨਤਕ ਸਹੂਲਤਾਂ ਸਮੇਤ ਜਨਤਕ ਸਹੂਲਤਾਂ।

ਦੋ[7] ਕਾਰਜਾਂ (11 *ਪ੍ਰਤੀਸ਼ਤ*) ਲਾਗੂ ਕਰਨ ਵਾਲੀਆਂ ਏਜੰਸੀਆਂ, ਅਤੇ ਇੱਕ[8] ਕਾਰਜ (5 *ਪ੍ਰਤੀਸ਼ਤ*) ਵਿੱਚ ਕੋਈ ਭੂਮਿਕਾ ਨਹੀਂ ਸੀ।

## 3.3 ਵਿੱਤੀ ਪ੍ਰਬੰਧਨ

### 3.3.1 ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਫੰਡਾਂ ਦਾ ਵਹਾਅ

ਵਿਕਾਸ ਦੇ ਕੰਮ ਕਰਾਉਣ ਲਈ, ਸ਼ਹਿਰੀ ਸਥਾਨਕ ਸੰਸਥਾਵਾਂ ਮੁੱਖ ਤੌਰ ਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਤੋਂ ਗ੍ਰਾਂਟਾਂ ਦੇ ਰੂਪ ਵਿੱਚ ਫੰਡ ਪ੍ਰਾਪਤ ਕਰਦੀਆਂ ਹਨ। ਭਾਰਤ ਸਰਕਾਰ ਦੀਆਂ ਗ੍ਰਾਂਟਾਂ ਵਿੱਚ, ਕੇਂਦਰੀ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ (ਸੀ ਐਫ ਸੀ) ਅਧੀਨ ਦਿੱਤੀਆਂ ਗ੍ਰਾਂਟਾਂ ਅਤੇ ਸਕੀਮਾਂ ਲਾਗੂ ਕਰਨ ਲਈ ਗ੍ਰਾਂਟਾਂ ਸ਼ਾਮਲ ਹਨ। ਰਾਜ ਸਰਕਾਰ ਦੀਆਂ ਗ੍ਰਾਂਟਾਂ, ਰਾਜ ਵਿੱਤ ਕਮਿਸ਼ਨ (ਐਸ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ ਕੁਲ ਕਰ ਆਮਦਨ ਦੀ ਨਿਰੋਲ ਪ੍ਰਾਪਤੀ ਦੀ ਵੰਡ ਅਤੇ ਰਾਜ ਦੁਆਰਾ ਪ੍ਰਾਯੋਜਿਤ ਸਕੀਮਾਂ ਦੇ ਲਾਗੂ ਕਰਨ ਲਈ ਦਿੱਤੀਆਂ ਗ੍ਰਾਂਟਾਂ ਦੁਆਰਾ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ, ਕਰ, ਕਿਰਾਏ, ਫੀਸਾਂ, ਲਾਇਸੰਸ ਜਾਰੀ ਕਰਨ ਆਦਿ ਦੇ ਰੂਪ ਵਿੱਚ ਵੀ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਾਲੀਆ ਜੁਟਾਇਆ ਜਾਂਦਾ ਹੈ। ਜਦੋਂਕਿ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਗ੍ਰਾਂਟਾਂ, ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਕੇਂਦਰ ਅਤੇ ਰਾਜ ਦੁਆਰਾ ਪ੍ਰਾਯੋਜਿਤ ਸਕੀਮਾਂ ਦੇ, ਇਸ ਸਬੰਧ ਵਿੱਚ ਕ੍ਰਮਵਾਰ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਮਲ ਵਿੱਚ ਲਿਆਉਣ ਲਈ ਵਰਤੀਆਂ ਜਾਂਦੀਆਂ ਹਨ, ਉਥੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਆਪਣੀਆਂ ਧਨ ਪ੍ਰਾਪਤੀਆਂ ਪ੍ਰਸ਼ਾਸਨਿਕ ਖਰਚੇ ਅਤੇ ਇਨ੍ਹਾਂ ਸੰਸਥਾਵਾਂ ਦੁਆਰਾ ਬਣਾਈਆਂ ਸਕੀਮਾਂ/ਕੰਮਾਂ ਨੂੰ ਅਮਲ ਵਿੱਚ ਲਿਆਉਣ ਲਈ ਵਰਤੀਆਂ ਜਾਂਦੀਆਂ ਹਨ।

ਫੰਡ ਵਹਾਅ ਦਾ ਪ੍ਰਬੰਧ ਅਤੇ ਮੁੱਖ ਕੇਂਦਰੀ ਅਤੇ ਰਾਜ ਦੁਆਰਾ ਪ੍ਰਾਯੋਜਿਤ ਸਕੀਮਾਂ ਅਧੀਨ ਪ੍ਰਾਪਤੀਆ ਅਤੇ ਖਰਚੇ ਕ੍ਰਮਵਾਰ **ਸਾਰਣੀ** 3.3 ਅਤੇ **ਸਾਰਣੀ** 3.4 ਵਿੱਚ ਦਿੱਤੇ ਗਏ ਹਨ।

**ਸਾਰਣੀ 3.3: ਕੇਂਦਰੀ ਪ੍ਰਯੋਜਿਤ ਅਤੇ ਰਾਜ ਪ੍ਰਯੋਜਿਤ ਸਕੀਮਾਂ ਵਿੱਚ ਫੰਡ ਵਹਾਅ ਦਾ ਪ੍ਰਬੰਧ**

| ਲੜੀ ਨੰ. | ਸਕੀਮ | ਫੰਡ ਵਹਾਅ ਪ੍ਰਬੰਧ |
|---|---|---|
| **ਕੇਂਦਰੀ ਪ੍ਰਯੋਜਿਤ ਸਕੀਮਾਂ** | | |
| 1. | ਰਾਸ਼ਟਰੀ ਸ਼ਹਿਰੀ ਉਪਜੀਵਕਾ ਮਿਸ਼ਨ (ਐਨ ਯੂ ਐਲ ਐਮ) | ਪਹਿਲਾਂ ਤੋਂ ਮੌਜੂਦ ਸਵਰਨ ਜੈਯੰਤੀ ਸ਼ਹਿਰੀ ਰੋਜ਼ਗਾਰ ਯੋਜਨਾ (ਐਸ ਜੇ ਐਸ ਆਰ ਵਾਈ) ਦੀ ਥਾਂ ਤੇ ਇਹ ਸਕੀਮ ਸਤੰਬਰ 2013 ਵਿੱਚ ਸ਼ੁਰੂ ਕੀਤੀ ਗਈ ਸੀ। ਐਨ ਯੂ ਐਲ ਐਮ ਅਧੀਨ ਕੇਂਦਰ ਅਤੇ ਰਾਜ ਦਾ ਫੰਡਾਂ ਵਿੱਚ ਹਿੱਸਾ 60:40 (ਪਹਿਲਾਂ 75:25 ਸੀ) ਦੇ ਅਨੁਪਾਤ ਵਿੱਚ ਹੈ। ਕੇਂਦਰੀ ਹਿੱਸਾ ਭਾਰਤ ਸਰਕਾਰ ਵੱਲੋਂ ਰਾਜ ਨੂੰ ਜਾਰੀ ਕੀਤਾ ਜਾਂਦਾ ਹੈ ਅਤੇ ਭਾਰਤ ਸਰਕਾਰ ਦੇ ਹਿੱਸੇ ਸਮੇਤ ਰਾਜ ਦਾ ਹਿੱਸਾ ਸਕੀਮ ਦੀ ਨੋਡਲ ਏਜੰਸੀ ਨੂੰ ਰਾਜ ਬੱਜਟ ਰਾਹੀ ਸੌਂਪਿਆ/ਭੇਜਿਆ ਜਾਂਦਾ ਹੈ। |
| 2. | ਛੋਟੇ ਅਤੇ ਦਰਮਿਆਨੇ ਕਸਬਿਆਂ ਲਈ ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਸਕੀਮ (ਯੂ ਆਈ ਡੀ ਐਸ ਐਸ ਐਮ ਟੀ) | ਇਹ ਸਕੀਮ ਮਾਰਚ 2012 ਵਿੱਚ ਸ਼ੁਰੂ ਕੀਤੀ ਗਈ ਸੀ। ਜੂਨ 2015 ਵਿੱਚ ਇਸ ਸਕੀਮ ਨੂੰ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰੀਨਿਊਲ ਮਿਸ਼ਨ (ਜੇ ਐਨ ਐਨ ਯੂ ਆਰ ਐਮ) ਦੇ ਏ ਐਮ ਆਰ ਯੂ ਟੀ ਦੇ ਉਪ ਮਿਸ਼ਨ ਵਿੱਚ ਸ਼ਾਮਲ ਕੀਤਾ ਗਿਆ ਸੀ। ਸਹਾਇਤਾ ਗ੍ਰਾਂਟਾਂ ਵਿਚ ਕੇਂਦਰੀ ਅਤੇ ਰਾਜ ਸਰਕਾਰਾਂ ਨੇ 80:10 ਦੇ ਅਨੁਪਾਤ ਵਿਚ ਹਿੱਸਾ ਦੇਣਾ |

7 ਆਰਥਿਕ ਅਤੇ ਸਮਾਜਿਕ ਵਿਕਾਸ ਲਈ ਯੋਜਨਾਬੰਦੀ; ਅਤੇ (ii) ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨਾ, ਜਿਸ ਵਿੱਚ ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਸ਼ਾਮਲ ਹਨ।

8 ਝੁੱਗੀ-ਝੌਂਪੜੀ ਵਿੱਚ ਸੁਧਾਰ ਅਤੇ ਅਪਗ੍ਰੇਡੇਸ਼ਨ।

| ਲੜੀ ਨੰ. | ਸਕੀਮ | ਫੰਡ ਵਹਾਅ ਪ੍ਰਬੰਧ |
|---|---|---|
| | | ਹੁੰਦਾ ਹੈ ਅਤੇ ਬਕਾਇਆ 10 *ਪ੍ਰਤੀਸ਼ਤ* ਦਾ ਪ੍ਰਬੰਧ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਆਪਣੇ ਸਾਧਨਾਂ ਤੋਂ ਕੀਤਾ ਜਾਂਦਾ ਹੈ। |
| 3. | ਸ਼ਹਿਰੀ ਕਸਬਿਆਂ ਦੇ ਪੁਨਰ ਨਿਰਮਾਣ ਲਈ ਅਟਲ ਮਿਸ਼ਨ (ਏ ਐਮ ਆਰ ਯੂ ਟੀ) | ਇਹ ਸਕੀਮ ਜੂਨ 2015 ਵਿੱਚ ਲਾਗੂ ਕੀਤੀ ਗਈ ਸੀ। ਜਿੱਥੇ ਅਬਾਦੀ 10 ਲੱਖ ਤੋਂ ਘੱਟ ਹੈ ਉੱਥੇ ਇਸ ਸਕੀਮ ਅਧੀਨ ਕੇਂਦਰ, ਰਾਜ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿਚਕਾਰ ਫੰਡ ਕ੍ਰਮਵਾਰ 50:30:20 ਦੀ ਰੇਸ਼ੋ ਵਿੱਚ ਦਿੱਤੇ ਜਾਂਦੇ ਹਨ ਅਤੇ ਜਿੱਥੇ ਅਬਾਦੀ 10 ਲੱਖ ਤੋਂ ਜ਼ਿਆਦਾ ਹੈ ਉੱਥੇ 33.3:46.7:20 ਦੀ ਰੇਸ਼ੋ ਵਿੱਚ ਦਿੱਤੇ ਜਾਂਦੇ ਹਨ। |
| 4. | ਸ਼ਹਿਰੀ ਬੁਨਿਆਦੀ ਢਾਂਚਾ ਅਤੇ ਗਵਰਨੈਂਸ (ਯੂ ਆਈ ਜੀ) | ਇਹ ਸਕੀਮ 2011 ਵਿੱਚ ਜੇ ਐਨ ਐਨ ਯੂ ਆਰ ਐਮ ਦੇ ਉਪ ਮਿਸ਼ਨ ਵਜੋਂ ਸ਼ੁਰੂ ਕੀਤੀ ਗਈ ਸੀ। ਯੂ ਆਈ ਜੀ ਅਧੀਨ ਫੰਡ ਕ੍ਰਮਵਾਰ 80:10:10 ਦੇ ਅਨੁਪਾਤ ਵਿੱਚ ਕੇਂਦਰ, ਰਾਜ ਅਤੇ ਯੂ ਐਲ ਬੀਜ਼ ਏਜੰਸੀਆ ਵਿੱਚ ਸਾਂਝੇ ਕੀਤੇ ਜਾਂਦੇ ਹਨ। ਯੂ ਐਲ ਬੀਜ਼ ਆਪਣੇ ਸਰੋਤਾਂ ਜਾਂ ਵਿੱਤੀ ਸੰਸਥਾਵਾਂ ਤੋਂ ਆਪਣਾ ਯੋਗਦਾਨ ਇੱਕਠਾ ਕਰਦੇ ਹਨ। |
| 5. | ਸਮਾਰਟ ਸਿਟੀਜ਼ ਮਿਸ਼ਨ (ਐਸ ਸੀ ਐਮ) | ਇਹ ਸਕੀਮ ਜੀ ਓ ਆਈ ਦੁਆਰਾ ਜੂਨ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਦੇ ਅਧੀਨ ਜੀ ਆਈ ਏ ਨੂੰ 50:50 ਦੇ ਅਨੁਪਾਤ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੁਆਰਾ ਸਾਂਝਾ ਕੀਤਾ ਜਾਂਦਾ ਹੈ ਭਾਵ ਕਿ ਪ੍ਰਤੀ ਸ਼ਹਿਰ ਜੀ ਓ ਆਈ ₹ 500 ਕਰੋੜ ਅਤੇ ਜੀ ਓ ਪੀ/ ਯੂ ਐਲ ਬੀਜ਼ ਦੁਆਰਾ ₹ 500 ਕਰੋੜ। |
| 6. | ਸਵੱਛ ਭਾਰਤ ਮਿਸ਼ਨ (ਸ਼ਹਿਰੀ) (ਐਸ ਬੀ ਐਮ-ਯੂ) | ਇਹ ਸਕੀਮ 2 ਅਕਤੂਬਰ 2014 ਨੂੰ ਸ਼ੁਰੂ ਕੀਤੀ ਗਈ ਸੀ। ਸਕੀਮ ਦੇ ਅਧੀਨ ਫੰਡ ਕੇਂਦਰ ਅਤੇ ਰਾਜ ਵਿੱਚਕਾਰ 60:40 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ। |
| 7. | ਨੈਸ਼ਨਲ ਰੂਰਲ ਕੰਜਰਵੇਸ਼ਨ ਪ੍ਰੋਗਰਾਮ (ਐਨ ਆਰ ਸੀ ਪੀ) | ਇਸ ਸਕੀਮ ਅਧੀਨ ਫੰਡ 70:20:10 ਦੇ ਅਨੁਪਾਤ ਵਿੱਚ ਕੇਂਦਰ, ਰਾਜ ਅਤੇ ਯੂ ਐਲ ਬੀਜ਼ ਵਿੱਚਕਾਰ ਸਾਂਝੇ ਕੀਤੇ ਜਾਂਦੇ ਹਨ। |
| 8. | ਅੱਗ ਅਤੇ ਐਮਰਜੈਂਸੀ ਸੇਵਾਵਾਂ ਦੀ ਮਜ਼ਬੂਤੀ (ਐਮ ਐਫ ਅਤੇ ਈ ਐਸ), ਜੋ ਹੁਣ 'ਪੁਲਿਸ ਅਤੇ ਹੋਰ ਬਲਾਂ ਦੇ ਆਧੁਨਿਕੀਕਰਨ ਕਰਨ ਲਈ ਰਾਸ਼ਟਰੀ ਯੋਜਨਾ' | ਇਸ ਸਕੀਮ ਦੇ ਅਧੀਨ ਫੰਡ ਪਹਿਲਾਂ ਕੇਂਦਰ ਅਤੇ ਰਾਜ ਵਿੱਚਕਾਰ 75:25 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਸਨ ਪਰ ਹੁਣ ਇਹ 100 *ਪ੍ਰਤੀਸ਼ਤ* ਕੇਂਦਰ ਦੁਆਰਾ ਪ੍ਰਾਯੋਜਿਤ ਹਨ। |
| **ਰਾਜ ਪ੍ਰਯੋਜਿਤ ਸਕੀਮਾਂ** | | |
| 1. | ਯੂ ਡੀ -6- ਮਿਉਂਸਪਲ ਡਵੈਲਪਮੈਂਟ ਫੰਡ ਸਕੀਮ (ਐਮ ਡੀ ਐਫ ਸੀ)- (ਪਲਾਨ ਸਕੀਮ) | ਇਸ ਸਕੀਮ ਅਧੀਨ ਫੰਡ ਆਮ ਤੌਰ ਤੇ ਰਾਜ ਸਰਕਾਰ ਦੁਆਰਾ ਦਿੱਤੇ ਜਾਂਦੇ ਹਨ। |
| 2. | ਯੂ ਐਮ ਐਸ-06/5- ਜਾਪਾਨ ਇੰਟਰਨੈਸ਼ਨਲ ਕੋਆਪ੍ਰੇਸ਼ਨ ਏਜੰਸੀ (ਜੇ ਆਈ ਸੀ ਏ) ਦੁਆਰਾ ਅੰਮ੍ਰਿਤਸਰ ਸੀਵਰੇਜ ਪ੍ਰੋਜੈਕਟ ਫੰਡ (ਏ ਐਸ ਪੀ ਐਫ)-(ਪਲਾਨ ਸਕੀਮ) | ਪ੍ਰੋਜੈਕਟ ਦੇ ਪੂੰਜੀਗਤ ਕੰਮਾਂ ਲਈ ਸਕੀਮ ਦੇ ਅਧੀਨ ਫੰਡ ਜੇ ਆਈ ਸੀ ਏ ਦੁਆਰਾ ਰਾਜ ਸਰਕਾਰ ਨੂੰ ਦਿੱਤੇ ਜਾਂਦੇ ਹਨ ਅਤੇ ਪ੍ਰੋਜੈਕਟ ਦੀਆ ਹੋਰ ਲਾਗਤਾਂ ਜਿਵੇਂ ਕਿ ਭੌਂ ਪ੍ਰਾਪਤੀ, ਟੈਕਸ, ਡਿਊਟੀਆਂ ਅਤੇ ਪ੍ਰਸ਼ਾਸ਼ਨ ਦੀ ਲਾਗਤ ਰਾਜ ਸਰਕਾਰ ਅਤੇ ਯੂ ਐਲ ਬੀ ਦੁਆਰਾ 80:20 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ। |
| 3. | ਯੂ ਡਬਲਿਯੂ ਐਸ -03/3-ਸਤਲੁਜ ਦਰਿਆ ਵਿੱਚ ਪ੍ਰਦੂਸ਼ਣ ਦੀ ਰੋਕਥਾਮ (ਪੀ ਪੀ ਆਰ ਐਸ)-(ਪਲਾਨ ਸਕੀਮ) | ਪ੍ਰੋਜੈਕਟ ਅਧੀਨ ਪ੍ਰਾਪਤ ਕੀਤੀ ਭੌਂ ਦੀ ਲਾਗਤ ਰਾਜ ਸਰਕਾਰ ਦੁਆਰਾ ਸਹਿਣ ਕੀਤੀ ਗਈ। |
| 4. | 2217-ਸ਼ਹਿਰੀ ਨਵੀਨੀਕਰਨ ਪ੍ਰੋਗਰਾਮ (ਯੂ ਆਰ ਪੀ) ਵਿਆਜ਼ ਦਾ ਭੁਗਤਾਨ ਅਤੇ ਐਲ ਆਈ ਸੀ ਨੂੰ ਕਰਜ਼ਿਆਂ ਦੀ ਮੁੜ ਅਦਾਇਗੀ (ਨਾਨ-ਪਲਾਨ ਸਕੀਮ) | ਜਿਵੇਂ ਕਿ ਰਾਜ ਸਰਕਾਰ ਨੇ ਵਿਆਜ ਦੀ ਅਦਾਇਗੀ ਅਤੇ ਕਰਜ਼ੇ ਦੀ ਅਦਾਇਗੀ ਦੀ ਜ਼ਿੰਮੇਵਾਰੀ ਚੁੱਕੀ ਹੈ, ਇਸ ਤਰ੍ਹਾਂ, ਰਾਜ ਸਰਕਾਰ ਦੁਆਰਾ ਸਕੀਮ ਅਧੀਨ ਫੰਡ ਮੁਹੱਈਆਂ ਕਰਵਾਏ ਜਾਂਦੇ ਹਨ। |

| ਲੜੀ ਨੰ. | ਸਕੀਮ | ਫੰਡ ਵਹਾਅ ਪ੍ਰਬੰਧ |
|---|---|---|
| 5. | ਯੂ ਡਬਲਿਯੂ ਐਸ-08/6 (ii)- 14 ਕਸਬਿਆਂ ਵਿੱਚ ਸੀਵੇਜ ਟ੍ਰੀਟਮੈਂਟ ਪਲਾਂਟ (ਐਸ ਟੀ ਪੀ) ਦੀ ਸਥਾਪਨਾ (ਪਲਾਨ ਸਕੀਮ) | ਇਸ ਸਕੀਮ ਅਧੀਨ ਫੰਡ ਰਾਜ ਸਰਕਾਰ ਦੁਆਰਾ ਦਿੱਤੇ ਜਾਂਦੇ ਹਨ। |

*ਸ੍ਰੋਤ: ਵਿਭਾਗੀ ਸੂਚਨਾ*

**ਸਾਰਣੀ 3.4.: 2014-19 ਦੌਰਾਨ ਕੇਂਦਰੀ ਪ੍ਰਾਯੋਜਿਤ ਸਕੀਮਾਂ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਅਧੀਨ ਖਰਚੇ ਅਤੇ ਪ੍ਰਾਪਤੀਆਂ ਦਾ ਵੇਰਵਾ**

*(₹ ਕਰੋੜ ਵਿੱਚ)*

| ਸਕੀਮਾਂ | 2014-15 | | 2015-16 | | 2016-17 | | 2017-18 | | 2018-19 | |
|---|---|---|---|---|---|---|---|---|---|---|
| | ਪ੍ਰਾਪਤੀਆਂ | ਖਰਚੇ | ਪ੍ਰਾਪਤੀਆਂ | ਖਰਚੇ | ਪ੍ਰਾਪਤੀਆਂ | ਖਰਚੇ | ਪ੍ਰਾਪਤੀਆਂ | ਖਰਚੇ | ਪ੍ਰਾਪਤੀਆਂ | ਖਰਚੇ |
| **ਕੇਂਦਰੀ ਪ੍ਰਾਯੋਜਿਤ ਸਕੀਮਾਂ (ਸੀ ਐਸ ਐਸ)** | | | | | | | | | | |
| ਐਨ ਯੂ ਐਲ ਐਮ | - | - | 22.74 | 22.74 | 4.48 | 4.48 | 0.00 | 0.00 | 10.00 | 10.00 |
| ਯੂ ਆਈ ਡੀ ਐਸ ਐਸ ਐਮ ਟੀ# | 30.35 | 30.35 | - | - | - | - | - | - | - | - |
| ਏ ਐਮ ਆਰ ਯੂ ਟੀ | - | - | - | - | 33.00 | 33.00 | 55.20 | 55.20 | 257.86 | 257.86 |
| ਜੇ ਐਨ ਐਨ ਯੂ ਆਰ ਐਮ ਅਧੀਨ ਯੂ ਆਈ ਜੀ | 114.25 | 114.25 | 37.17 | 37.17 | 30.17 | 30.17 | 0.00 | 0.00 | 50.00 | 50.00 |
| ਐਸ ਸੀ ਐਮ | - | - | 6.00 | 6.00 | 32.00 | 32.00 | 100.00 | 100.00 | 0.00 | 0.00 |
| ਐਸ ਬੀ ਐਮ (ਯੂ) | - | - | 40.32 | 40.32 | 34.88 | 34.88 | 48.20 | 48.20 | 45.46 | 45.46 |
| ਐਨ ਆਰ ਸੀ ਪੀ | 36.11 | 36.11 | 47.92 | 47.92 | 05.00 | 05.00 | 0.00 | 0.00 | 65.31 | 65.31 |
| ਐਸ ਐਫ ਅਤੇ ਈ ਐਸ | - | - | 11.25 | 11.25 | 6.05 | 6.05 | 27.70 | 27.70 | 0.00 | 0.00 |
| **ਜੋੜ (ਸੀ ਐਸ ਐਸ)** | **180.71** | **180.71** | **165.4** | **165.4** | **145.58** | **145.58** | **231.10** | **231.10** | **428.63** | **428.63** |
| **ਰਾਜ ਪ੍ਰਾਯੋਜਿਤ ਸਕੀਮਾਂ (ਐਸ ਐਸ ਐਸ)** | | | | | | | | | | |
| ਐਮ ਡੀ ਐਫ ਸੀ | 0.00 | 0.00 | 17.00 | 17.00 | 17.00 | 17.00 | 0.00 | 0.00 | 6.85 | 6.85 |
| ਜੇ ਆਈ ਸੀ ਏ ਦੁਆਰਾ ਏ ਐਸ ਪੀ ਐਫ | 22.40 | 22.40 | 0.00 | 0.00 | 30.00 | 30.00 | 29.00 | 29.00 | 33.14 | 33.14 |
| ਪੀ ਪੀ ਆਰ ਐਸ | 5.25 | 5.25 | 0.00 | 0.00 | 0.00 | 0.00 | 0.00 | 0.00 | 48.17 | 48.17 |
| ਯੂ ਆਰ ਪੀ | 1.68 | 1.68 | 0.00 | 0.00 | 2.97 | 2.97 | 0.00 | 0.00 | 0.29 | 0.29 |
| ਐਸ ਟੀ ਪੀ* ਦੀ ਸਥਾਪਨਾ | 4.53 | 4.53 | -- | -- | -- | -- | -- | -- | -- | -- |
| **ਜੋੜ (ਐਸ ਐਸ ਐਸ)** | **33.86** | **33.86** | **17.00** | **17.00** | **49.97** | **49.97** | **29.00** | **29.00** | **88.45** | **88.45** |
| **ਕੁੱਲ ਜੋੜ (ਸੀ ਐਸ ਐਸ + ਐਸ ਐਸ ਐਸ)** | **214.57** | **214.57** | **182.40** | **182.40** | **195.55** | **195.55** | **260.10** | **260.10** | **517.08** | **517.08** |

*ਸ੍ਰੋਤ: ਵਿਭਾਗੀ ਡਾਟਾ*

*# ਯੂ ਆਈ ਡੀ ਐਸ ਐਸ ਐਮ ਟੀ ਜੂਨ 2015 ਵਿੱਚ ਏ ਐਮ ਆਰ ਯੂ ਟੀ ਵਿੱਚ ਸ਼ਾਮਲ ਕੀਤਾ ਗਿਆ ਸੀ।*

*ਨੋਟ: ਕੁੱਝ ਸਕੀਮਾਂ ਜੀਵੇਂ ਐਨ ਯੂ ਐਲ ਐਮ, ਏ ਐਮ ਆਰ ਯੂ ਟੀ, ਐਸ ਸੀ ਐਮ, ਐਸ ਸੀ ਐਮ ਸਬੰਧਤ ਸਾਲਾਂ ਦੌਰਾਨ ਹੋਂਦ ਵਿੱਚ ਨਹੀਂ ਸਨ।*

** ਇਹ ਸਕੀਮ ਸਿਰਫ 2014-15 ਦੌਰਾਨ ਖਾਸ ਮਕਸਦ ਲਈ ਸੀ।*

ਲੇਖਾ ਪ੍ਰੀਖਿਆ ਨੇ ਦੇਖਿਆ ਕਿ:

➢ ਸਾਰੀਆਂ ਪ੍ਰਾਪਤੀਆਂ **ਸਾਰਣੀ** 3.4 ਅਤੇ **ਸਾਰਣੀ** 3.5 ਅਤੇ ਵੱਖ-ਵੱਖ ਯੋਜਨਾਵਾਂ ਦੇ ਤਹਿਤ ਪੂਰੇ ਖਰਚਿਆਂ ਨੂੰ ਦਖਾਇਆ ਗਿਆ ਹੈ। ਡਾਇਰੈਕਟੋਰੇਟ ਦਫਤਰ ਨੇ ਦੱਸਿਆ (ਮਾਰਚ 2020) ਇਹ ਗ੍ਰਾਂਟਾਂ ਸਿੱਧੇ ਖਜਾਨੇ ਰਾਹੀਂ ਨੋਡਲ ਏਜੰਸੀ ਜਾਂ ਸਬੰਧਤ ਯੂ ਐਲ ਬੀ ਨੂੰ ਜਾਰੀ ਕੀਤੀ ਗਈਆਂ ਸਨ ਅਤੇ ਵਿਭਾਗ ਦੇ ਕੋਲ ਇਸ ਸਕੀਮ ਦੇ ਹਰੇਕ ਹਿੱਸੇ ਲਈ ਪਹਿਲਾ ਬਕਾਇਆ ਅਤੇ ਅੰਤਮ ਬਕਾਏ ਦਾ ਕੋਈ ਰਿਕਾਰਡ ਨਹੀਂ ਹੈ।

➢ ਕੇਂਦਰੀ ਪ੍ਰਾਯੋਜਿਤ ਸਕੀਮਾਂ ਵਿੱਚ ਵਿੱਤ ਵਿਭਾਗ (ਰਾਜ ਸਰਕਾਰ) ਨੇ 2017-18 ਦੌਰਾਨ ਐਨ ਯੂ ਐਲ ਐਮ ਅਤੇ ਜੇ ਐਨ ਐਨ ਯੂ ਆਰ ਐਮ (ਯੂ ਆਈ ਜੀ) ਅਤੇ 2018-19 ਦੌਰਾਨ ਸਮਾਰਟ ਸਿਟੀ ਮਿਸ਼ਨ ਅਧੀਨ ਬਜਟ ਦੀਆਂ ਵਿਵਸਥਾਵਾਂ ਹੋਣ ਦੇ ਬਾਵਜੂਦ ਫੰਡ ਜਾਰੀ ਨਹੀਂ ਕੀਤੇ ਗਏ ਸਨ।

➢ ਰਾਜ ਪ੍ਰਾਯੋਜਿਤ ਸਕੀਮਾਂ ਵਿੱਚ ਵੀ ਰਾਜ ਸਰਕਾਰ ਦੁਆਰਾ 2017-18 ਦੌਰਾਨ ਐਮ ਡੀ ਐਫ ਸੀ ਅਧੀਨ ਫੰਡ ਜਾਰੀ ਨਹੀਂ ਕੀਤੇ ਗਏ ਸਨ, ਹਾਲਾਂਕਿ, ਸਿਰਫ ਟੋਕਨ ਵਿਵਸਥਾ ਕੀਤੀ ਗਈ ਸੀ। ਐਮ ਡੀ ਐਫ ਸੀ (2014-15), ਏ ਐਸ ਪੀ ਐਫ (2015-16), ਪੀ ਪੀ ਆਰ ਐਸ (2015-16 ਤੋਂ 2017-18) ਅਤੇ ਯੂ ਆਰ ਪੀ (2017-18) ਦੇ ਅਧੀਨ ਪ੍ਰਾਪਤੀਆਂ ਨਾ ਹੋਣ ਅਤੇ ਖਰਚਿਆਂ ਦੇ ਕਾਰਣ ਵਿਭਾਗ (ਦਸੰਬਰ 2020) ਦੁਆਰਾ ਪੇਸ਼ ਨਹੀਂ ਕੀਤੇ ਗਏ ਸਨ।

### 3.3.2 ਸਰੋਤਾ ਦੀ ਵਰਤੋਂ : ਰੁਝਾਂਨ ਅਤੇ ਬਣਤਰ

ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 90 ਵਿੱਚ ਨਿਗਮ ਦੁਆਰਾ ਲਗਾਏ ਜਾਣ ਵਾਲੇ ਵੱਖ ਵੱਖ ਟੈਕਸਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ ਧਾਰਾ 76 ਵਿੱਚ ਕਾਰਪੋਰੇਸ਼ਨ ਫੰਡ ਦਾ ਗਠਨ ਕਰਨ ਦੀ ਵਿਵਸਥਾ ਕੀਤੀ ਗਈ ਹੈ, ਜਿਸ ਨੂੰ ਦਰਸਾਏ ਤੋਂ ਇਲਾਵਾ ਕਿਸੇ ਹੋਰ ਸਰੋਤ ਤੋਂ ਕਾਰਪੋਰੇਸ਼ਨ ਦੁਆਰਾ ਜਾਂ ਪ੍ਰਾਪਤ ਹੋਏ ਸਾਰੇ ਪੈਸੇ ਉਪ-ਧਾਰਾ 76(ਏ) ਤੋਂ (ਐਚ) ਦੇ ਅਧੀਨ ਕਮਾਏ ਗਏ ਹਨ। ਇਸੇ ਤਰ੍ਹਾਂ ਪੰਜਾਬ ਨਗਰਪਾਲਿਕਾ ਐਕਟ, 1911 ਦੀ ਧਾਰਾ 61 ਟੈਕਸਾਂ ਦਾ ਪ੍ਰਬੰਧ ਕਰਦੀ ਹੈ ਜੋ ਸਮੁੱਚੇ ਤੌਰ ਤੇ ਜਾਂ ਕਿਸੇ ਨਗਰਪਾਲਿਕਾ ਦੇ ਕਿਸੇ ਹਿੱਸੇ ਵਿੱਚ ਕਮੇਟੀ ਦੁਆਰਾ ਲਗਾਇਆ ਜਾ ਸਕਦਾ ਹੈ ਅਤੇ ਧਾਰਾ 51 ਵਿੱਚ ਨਗਰਪਾਲਿਕਾ ਵਿੱਚ ਮਿਉਂਨਿਸਪਲ ਫੰਡ ਦਾ ਗਠਨ ਕਰਨ ਦੀ ਵਿਵਸਥਾ ਕੀਤੀ ਗਈ ਹੈ ਜਿਸ ਵਿੱਚ ਸਾਰੀ ਪ੍ਰਾਪਤ ਰਕਮ ਜਾਂ ਕਮੇਟੀ ਦੁਆਰਾ ਪ੍ਰਾਪਤ ਕ੍ਰੈਡਿਟ ਕੀਤੀ ਜਾਏਗੀ।

2014-19 ਦੇ ਸਮੇਂ ਲਈ ਵੱਖ ਵੱਖ ਮੱਦਾ ਅਧੀਨ ਯੂ ਐਲ ਬੀਜ਼ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਨੂੰ **ਸਾਰਣੀ** 3.5 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.5: 2014-19 ਦੌਰਾਨ ਯੂ ਐਲ ਬੀਜ਼ ਦੀ ਪ੍ਰਾਪਤੀ ਅਤੇ ਖਰਚੇ ਦੇ ਵੇਰਵੇ**

*(₹ ਕਰੋੜ ਵਿੱਚ)*

| ਵੇਰਵੇ | 2014-15 | | 2015-16 | | 2016-17 | | 2017-18 | | 2018-19 | |
|---|---|---|---|---|---|---|---|---|---|---|
| | ਪ੍ਰਾਪਤੀਆਂ | ਖਰਚਾ | ਪ੍ਰਾਪਤੀਆਂ | ਖਰਚਾ | ਪ੍ਰਾਪਤੀਆਂ | ਖਰਚਾ | ਪ੍ਰਾਪਤੀਆਂ | ਖਰਚਾ | ਪ੍ਰਾਪਤੀਆਂ | ਖਰਚਾ |
| **ਆਪਣੀਆਂ ਪ੍ਰਾਪਤੀਆਂ[9]** | | | | | | | | | | |
| (ੳ) ਆਪਣੇ ਕਰ | 1,791.75 | 2,201.44 | 1,927.47 | 2,387.13 | 2,144.71 | 2,662.72 | 2,261.21 | 2,665.80 | 2,328.86 | 2,756.10 |
| (ਅ) ਗੈਰ ਕਰ | 484.06 | | 439.33 | | 449.82 | | 522.37 | | 598.81 | |
| (ੲ) ਪੂੰਜੀਗਤ ਪ੍ਰਾਪਤੀਆਂ (ਜਾਇਦਾਦ ਦੀ ਵੇਚ ਆਦਿ) | 37.78 | | 43.92 | | 88.82 | | 27.42 | | 10.04 | |
| **ਜੋੜ** | **2,313.59** | **2,201.44** | **2,410.72** | **2,387.13** | **2,683.35** | **2,662.72** | **2,811.00** | **2,665.80** | **2,937.71** | **2,756.10** |
| ਐਸ ਐਫ ਸੀ ਟਰਾਂਸਫਰ (ਰਾਜ ਵਿੱਚ ਕਮੀਸ਼ਨ ਸਪੁਰਦਗੀਆਂ) | 0.00 | 0.00 | 0.00 | 0.00 | 7.00 | 7.00 | 0.00 | 0.00 | 0.00 | 0.00 |
| ਰਾਜ ਸਰਕਾਰ ਤੋਂ ਗ੍ਰਾਂਟਾਂ | 33.86 | 33.86 | 17.00 | 17.00 | 49.97 | 49.97 | 29.00 | 29.00 | 88.45 | 88.45 |
| ਸੀ ਐਫ ਸੀ ਟਰਾਂਸਫਰ (ਕੇਂਦਰੀ ਵਿੱਤ ਕਮੀਸ਼ਨ ਸਪੁਰਦਗੀਆਂ) | 266.68 | 266.68 | 233.97 | 233.97 | 161.98 | 161.98 | 253.95 | 253.95 | 355.51 | 355.51 |
| ਹੋਰ ਸ੍ਰੋਤ (ਪੀ ਆਈ ਡੀ ਬੀ, ਪੀ ਐਮ ਆਈ ਡੀ ਸੀ, ਪੀ ਯੂ ਡੀ ਏ, ਆਦਿ) | 264.74 | 264.74 | 61.90 | 61.90 | 492.03 | 492.03 | 0.00 | 0.00 | 0.00 | 0.00 |
| **ਕੁੱਲ ਜੋੜ** | **2,878.87** | **2,766.72** | **2,723.59** | **2,700.00** | **3,394.33** | **3,373.70** | **3,093.95** | **2,948.75** | **3,381.67** | **3,200.06** |

*ਸ੍ਰੋਤ: ਵਿਭਾਗੀ ਡਾਟਾ*

ਸਾਰਣੀ 3.5 ਦਰਸਾਉਂਦੀ ਹੈ ਕਿ ਸਾਲ 2016-17 ਨੂੰ ਛੱਡ ਕੇ ਸਾਲ 2014-19 ਦੇ ਅਰਸੇ ਦੌਰਾਨ 'ਐਸ ਐਫ ਸੀ ਤਬਾਦਲੇ' ਮਦ ਹੇਠ ਕੋਈ ਪ੍ਰਾਪਤੀ ਨਹੀਂ ਸੀ। ਵਿਭਾਗ ਨੇ ਇਸ ਦੇ ਕਾਰਣਾਂ ਦਾ ਕਾਰਣ ਵਿੱਤ ਵਿਭਾਗ ਦੁਆਰਾ ਮਨਜ਼ੂਰੀ ਨਾ ਮਿਲਣ ਅਤੇ ਫੰਡ ਜਾਰੀ ਨਾ ਕਰਨਾ ਦੱਸਿਆ।

### 3.3.3 ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਗ੍ਰਾਂਟ

ਚੌਦਵੇਂ ਵਿੱਤ ਕਮਿਸ਼ਨ (ਐਫ. ਐਫ. ਸੀ.) ਨੇ ਰਾਜਾਂ ਨੂੰ ਦੋ ਹਿੱਸਿਆਂ ਵਿੱਚ ਗ੍ਰਾਂਟਾਂ ਦੀ ਸਿਫਾਰਸ਼ ਕੀਤੀ ਸੀ ਜਿਵੇਂ ਕਿ (i) ਮੁੱਢਲੀ ਗ੍ਰਾਂਟ ਅਤੇ (ii) ਕਾਰਗੁਜ਼ਾਰੀ ਗ੍ਰਾਂਟ 80:20 ਦੇ ਅਨੁਪਾਤ ਵਿੱਚ।

ਮੁੱਢਲੀ ਗ੍ਰਾਂਟ ਦਾ ਉਦੇਸ਼ ਨਗਰ ਪਾਲਿਕਾਵਾਂ ਨੂੰ ਉਨ੍ਹਾਂ ਦੇ ਅਧੀਨ ਸੌਂਧੇ ਗਏ ਮੁਢਲੇ ਕਾਰਜਾਂ ਨੂੰ ਪ੍ਰਦਾਨ ਕਰਨ ਲਈ ਬਿਨਾਂ ਸ਼ਰਤ ਸਹਾਇਤਾ ਦਾ ਇੱਕ ਮਾਪਦੰਡ ਪ੍ਰਦਾਨ ਕਰਨਾ ਹੈ। ਮੁਹੱਈਆਂ ਕਰਵਾਈ ਗਈ ਗ੍ਰਾਂਟ ਦਾ ਇਸਤੇਮਾਲ ਪਾਣੀ ਸਪਲਾਈ, ਸੈਪਟਿਕ ਪ੍ਰਬੰਧਨ, ਸੀਵਰੇਜ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ, ਤੂਫਾਨ ਦੇ ਪਾਣੀ ਦੀ ਨਿਕਾਸੀ, ਜਨਤਕ ਜਾਇਦਾਦਾਂ ਦੀ ਸਾਂਭ-ਸੰਭਾਲ, ਸੜਕਾਂ, ਫੁੱਟਪਾਥਾਂ ਅਤੇ ਗਲੀਆਂ ਦੀ ਰੋਸ਼ਨੀ ਅਤੇ ਮੁਰਦਾਘਰ ਅਤੇ ਸ਼ਮਸ਼ਾਨਘਾਟ ਸਮੇਤ ਜਨਤਕ ਸੇਵਾਵਾਂ ਦੀ ਸਥਿਤੀ ਵਿੱਚ ਸੁਧਾਰ ਲਈ ਕੀਤਾ ਜਾਣਾ ਹੈ।

[9] **ਆਪਣੀਆਂ ਪ੍ਰਾਪਤੀਆਂ** ਵਿੱਚ ਸ਼ਾਮਲ ਹੈ ਜਾਇਦਾਦ ਕਰ, ਘਰੇਲੂ ਕਰ ਦਾ ਬਕਾਇਆ, ਡਿਊਟੀ ਤੇ ਚੁੰਗੀ, ਨਗਰਪਾਲਿਕਾ ਕਰ, ਇਸ਼ਤਿਹਾਰ ਕਰ, ਵੈਟ ਦੀ ਕਮਾਈ ਦੇ ਹਿੱਸੇ ਵਜੋਂ ਅਤੇ ਗ੍ਰਾਂਟ-ਇਨ-ਏਡ ਦੇ ਤੌਰ ਤੇ ਮੁਆਵਜਾ ਅਤੇ ਨਿਲਾਮੀ ਦੇ ਪੈਸੇ ਦੇ ਹਿੱਸੇ ਵਜੋਂ ਅਤੇ ਅਦਾਇਗੀ ਦੇ ਖਾਤਮੇ ਦੀ ਬਜਾਏ ਵਧੇਰੇ ਆਬਕਾਰੀ ਡਿਊਟੀ ਆਦਿ।
**ਗੈਰ ਕਰ** ਵਿੱਚ ਸ਼ਾਮਲ ਹੈ ਪਾਣੀ ਦੀ ਦਰ, ਸੀਵਰੇਜ ਖਰਚੇ, ਕਿਰਾਇਆ, ਲੀਜ਼ ਮਨੀ, ਬਿਲਡਿੰਗ ਐਪਲੀਕੇਸ਼ਨ ਫੀਸ, ਕੰਪੋਜ਼ਿਟ ਫੀਸ, ਵਿਕਾਸ ਚਾਰਜ, ਲਾਈਸੈਂਸ ਫੀਸ, ਬੱਸ ਅੱਡਾ ਫੀਸ, ਡਿਪਾਜ਼ਿਟ ਤੇ ਵਿਆਜ਼ ਤੇਹਾਬਜ਼ਾਰੀ ਫੀਸ, ਰੋਡ ਕਟਿੰਗ ਚਾਰਜ਼, ਸਲਾਟਰ ਹਾਊਸ ਫੀਸ, ਡੈਡ ਐਨੀਮਲ ਫੀਸ ਆਦਿ।
**ਪੂੰਜੀਗਤ ਪ੍ਰਾਪਤੀਆਂ** ਵਿੱਚ ਸ਼ਾਮਲ ਹੈ ਨਗਰਪਾਲਿਕਾ ਪੂੰਜੀ ਜਾਇਦਾਦ ਦੀ ਵਿਕਰੀ ਜਿਵੇਂ ਦੁਕਾਨਾਂ, ਪਲਾਟ ਆਦਿ।

ਕਾਰਗੁਜ਼ਾਰੀ ਦੀ ਗ੍ਰਾਂਟ ਭਰੋਸੇਯੋਗ ਆਡਿਟ ਕੀਤੇ ਖਾਤਿਆਂ ਅਤੇ ਪ੍ਰਾਪਤੀਆਂ ਦੇ ਡਾਟੇ ਨੂੰ ਯਕੀਨੀ ਬਣਾਉਣ ਅਤੇ ਆਪਣੇ ਮਾਲੀਏ ਵਿੱਚ ਸੁਧਾਰ ਨੂੰ ਯਕੀਨੀ ਬਣਾਉਣ ਦੇ ਉਦੇਸ਼ ਲਈ ਤਿਆਰ ਕੀਤੀ ਗਈ ਹੈ। ਇਹ ਅੰਕੜਿਆਂ ਦੇ ਸੰਗ੍ਰਿਹ ਲਈ ਜ਼ਮੀਨੀ ਪੱਧਰ ਤੇ ਕਾਰਵਾਈ ਦੀ ਸ਼ੁਰੂਆਤ ਕਰੇਗੀ ਤਾਂ ਜੋ ਸਾਰੇ ਹਿੱਸੇਦਾਰਾਂ ਨੂੰ ਫੈਸਲਾ ਲੈਣ ਲਈ ਭਰੋਸੇਯੋਗ ਜਾਣਕਾਰੀ ਦੀ ਪਹੁੰਚ ਹੋਵੇ ਅਤੇ ਉਸੇ ਸਮੇਂ, ਇਹ ਜਨਤਾ ਦੀਆਂ ਸਥਾਨਕ ਸਵੈ-ਸਰਕਾਰੀ ਸੰਸਥਾਵਾਂ ਦੀ ਜਵਾਬਦੇਹੀ ਨੂੰ ਵਧਾਏਗੀ।

### *3.3.3.1 ਗ੍ਰਾਂਟਾਂ ਦਾ ਨਾ/ਘੱਟ/ਦੇਰੀ ਨਾਲ ਜਾਰੀ ਕਰਨਾ*

ਐਫ. ਐਫ. ਸੀ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸਿਫਾਰਸ਼ ਕੀਤੀ ਗਈ ਗ੍ਰਾਂਟ ਹਰ ਸਾਲ ਜੂਨ ਅਤੇ ਅਕਤੂਬਰ ਵਿੱਚ ਦੋ ਕਿਸ਼ਤਾਂ ਵਿੱਚ ਜਾਰੀ ਕੀਤੀ ਜਾਏਗੀ ਤਾਂ ਜੋ ਸਾਲ ਵਿੱਚ ਸਥਾਨਕ ਸੰਸਥਾਵਾਂ ਕੰਮ ਯੋਜਨਾ ਨੂੰ ਬਿਹਤਰ ਬਣਾਉਣ ਅਤੇ ਕੰਮ ਨੂੰ ਬਿਹਤਰ ਢੰਗ ਨਾਲ ਚਲਾ ਸਕਣ। ਮੁੱਢਲੀ ਗ੍ਰਾਂਟ ਦਾ ਪੰਜਾਹ ਪ੍ਰਤੀਸ਼ਤ ਪਹਿਲੀ ਕਿਸ਼ਤ ਵਜੋਂ ਜਾਰੀ ਕੀਤੀ ਜਾਣੀ ਹੈ ਅਤੇ ਬਾਕੀ 50 *ਪ੍ਰਤੀਸ਼ਤ* ਅਤੇ ਪੂਰੀ ਕਾਰਗੁਜ਼ਾਰੀ ਗ੍ਰਾਂਟ ਨੂੰ ਦੂਜੀ ਕਿਸ਼ਤ ਵਜੋਂ ਜਾਰੀ ਕੀਤਾ ਜਾਣਾ ਹੈ। ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾਂ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਗਰ ਪਾਲਿਕਾਵਾਂ ਨੂੰ ਦਿੱਤੀ ਜਾਂਦੀ ਗ੍ਰਾਂਟ ਜਾਰੀ ਕਰਨ ਦੀ ਲੋੜ ਹੁੰਦੀ ਹੈ। ਦੇਰੀ ਹੋਣ ਦੀ ਸਥਿਤੀ ਵਿੱਚ, ਰਾਜ ਸਰਕਾਰ ਨੂੰ ਲਾਜ਼ਮੀ ਤੌਰ ਤੇ ਆਪਣੇ ਫੰਡਾਂ ਵਿਚੋਂ ਅਦਾ ਕੀਤੇ ਵਿਆਜ ਸਮੇਤ ਜਾਰੀ ਕਰੇਗੀ। ਦਿਸ਼ਾ ਨਿਰਦੇਸ਼ਾ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਗ੍ਰਾਂਟਾਂ ਦੀਆਂ ਦੂਜੀ ਅਤੇ ਬਾਅਦ ਦੀਆਂ ਕਿਸ਼ਤਾਂ (ਮੁੱਢਲੀ ਅਤੇ ਕਾਰਗੁਜ਼ਾਰੀ ਦੋਵੇਂ) ਜਾਰੀ ਕਰਨਾ ਪਿਛਲੀ ਕਿਸ਼ਤ ਲਈ ਉਪਯੋਗਤਾ ਸਰਟੀਫੀਕੇਟ (ਯੂ. ਸੀ.) ਦੀ ਪ੍ਰਾਪਤੀ ਦੇ ਅਧੀਨ ਹੋਵੇਗਾ।

2015-16 ਤੋਂ 2018-19 ਦੇ ਸਾਲਾਂ ਦੌਰਾਨ ਮੁੱਢਲੀਆਂ ਗ੍ਰਾਂਟਾਂ ਅਤੇ ਕਾਰਗੁਜ਼ਾਰੀ ਗ੍ਰਾਂਟਾਂ ਦੇ ਜਾਰੀ ਕਰਨ ਦੀ ਸਥਿਤੀ (ਮਾਰਚ 2020 ਤੱਕ) ਦਾ ਵੇਰਵਾ **ਸਾਰਣੀ 3.6 (ੳ ਅਤੇ ਅ)** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.6 (ੳ): 2015-16 ਤੋਂ 2018-19 ਦੇ ਦੌਰਾਨ ਮੁੱਢਲੀ ਗ੍ਰਾਂਟ ਜਾਰੀ ਕਰਨ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਜੀ ਓ ਆਈ ਦੁਆਰਾ ਜਾਰੀ ਕੀਤੀ ਰਾਸ਼ੀ | | ਜੀ ਓ ਪੀ ਦੁਆਰਾ ਜਾਰੀ ਕੀਤੀ ਰਾਸ਼ੀ | | ਦੇਰੀ ਦੇ ਕਾਰਣ ਜਾਰੀ ਕੀਤੇ ਗਏ ਵਿਆਜ ਦੀ ਸਥਿਤੀ | | | |
|---|---|---|---|---|---|---|---|---|
| | ਪਹਿਲੀ ਕਿਸ਼ਤ (ਜਾਰੀ ਦੀ ਮਿਤੀ) | ਦੂਜੀ ਕਿਸ਼ਤ (ਜਾਰੀ ਦੀ ਮਿਤੀ) | ਪਹਿਲੀ ਕਿਸ਼ਤ (ਜਾਰੀ ਦੀ ਮਿਤੀ) | ਦੂਜੀ ਕਿਸ਼ਤ (ਜਾਰੀ ਦੀ ਮਿਤੀ) | ਜੀ ਓ ਪੀ ਦੁਆਰਾ ਪਹਿਲੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ) | ਵਿਆਜ ਦੀ ਰਾਸ਼ੀ | ਜੀ ਓ ਪੀ ਦੁਆਰਾ ਦੂਜੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ) | ਵਿਆਜ ਦੀ ਰਾਸ਼ੀ |
| 2015-16 | 117.71 (30.06.15) | 116.27 (20.11.15) | 117.71 (30.07.15) | 116.27 (07.12.15) | 15 | 0.40 (31.07.18) | 03 | 0.07 (31.07.18) |
| 2016-17 | 161.99 (26.09.16) | 160.04 (16.03.17) | 161.99 (03.02.17) | 160.04 (10.07.17) | 115 | 3.45 (31.07.18) | 101 | 2.89 (31.07.18) |
| 2017-18 | 152.23 (06.10.17 & 08.03.18) | 184.93 (27.08.18) | 152.23 (09.05.18) | 184.93 (20.12.18) | 247 | 5.13 (12.09.18) | 100 | 3.42 (24.01.19) |
| 2018-19 | 212.62 (11.02.19) | 215.23 (03.09.19) | 212.62 (17.07.19) | 215.23 (22.11.19) | 114 | 5.13 (04.09.19) | 65 | 2.09 (22.01.20) |
| ਜੋੜ | | | | | | **14.11** | | **8.47** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ 3.6 (ਅ): 2015-16 ਤੋਂ 2018-19 ਦੌਰਾਨ ਕਾਰਗੁਜ਼ਾਰੀ ਗ੍ਰਾਂਟਾਂ ਜਾਰੀ ਕਰਨ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਜੀ ਓ ਆਈ ਦੁਆਰਾ ਜਾਰੀ ਕੀਤੀ ਰਾਸ਼ੀ | ਜੀ ਓ ਪੀ ਦੁਆਰਾ ਜਾਰੀ ਕੀਤੀ ਰਾਸ਼ੀ | ਜੀ ਓ ਪੀ ਦੁਆਰਾ ਗ੍ਰਾਂਟ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ) | ਦੇਰੀ ਦੇ ਕਾਰਣ ਜਾਰੀ ਕੀਤੀ ਵਿਆਜ ਦੀ ਰਾਸ਼ੀ |
|---|---|---|---|---|
| 2016-17 | 93.89 (31.03.17) | 93.89 (19.09.17 & 12.10.17) | 156 | 2.87 (31.07.18) |
| 2017-18 | 106.26 (23.08.19) | 106.26 (27.09.19) | 19 | 0.32 (23.12.19) |
| 2018-19 | ਜਾਰੀ ਨਹੀਂ ਕੀਤੀ | - | - | - |
| **ਜੋੜ** | | | | **3.19** |

*ਸ੍ਰੋਤ: ਵਿਭਾਗੀ ਡਾਟਾ*

*ਨੋਟ: ਐਫ ਐਫ ਸੀ ਦੀਆਂ ਸਿਫਾਰਸ਼ਾ ਅਨੁਸਾਰ, ਕਾਰਗੁਜ਼ਾਰੀ ਗ੍ਰਾਂਟਾਂ ਅਵਾਰਡ ਦੇ ਦੂਜੇ ਸਾਲ ਯਾਨੀ 2016-17 ਤੋਂ ਬਾਅਦ ਜਾਰੀ ਕੀਤੀ ਜਾਣੀ ਸੀ।*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪਿਛਲੀਆਂ ਗ੍ਰਾਂਟਾਂ ਦੇ ਸਬੰਧੀ ਯੂ ਸੀਜ਼ 55-138 ਦਿਨ ਦੇਰੀ ਨਾਲ ਜਮ੍ਹਾਂ ਕਰਵਾਉਣ ਕਰਕੇ ਮੁੱਢਲੀਆਂ ਅਤੇ ਕਾਰਗੁਜ਼ਾਰੀ ਗ੍ਰਾਂਟਾਂ 10 ਮਹੀਨੇ ਤੱਕ ਦੀ ਦੇਰੀ ਨਾਲ ਪ੍ਰਾਪਤ ਹੋਈਆਂ ਸਨ, ਜਿਵੇਂ ਕਿ **ਸਾਰਣੀ 3.7** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.7: ਯੂ ਸੀ ਜਮ੍ਹਾਂ ਕਰਨ ਵਿੱਚ ਦੇਰੀ ਦੇ ਕਾਰਣ ਗ੍ਰਾਂਟ ਦੀ ਅਗਲੀ ਕਿਸ਼ਤ ਜਾਰੀ ਹੋਣ ਵਿੱਚ ਦੇਰੀ**

| ਸਾਲ | ਬੀ ਜੀ ਦੀ ਪਹਿਲੀ ਕਿਸ਼ਤ ਦੀ ਮਿਤੀ | ਜੀ ਓ ਆਈ ਦੁਆਰਾ ਜਾਰੀ ਕੀਤੀ ਗਈ | ਦੇਰੀ, ਜੇ ਕੋਈ ਹੈ | ਪਹਿਲੀ ਕਿਸ਼ਤ ਲਈ ਯੂ ਸੀ ਦੀ ਅੰਤਮ ਨਿਰਧਾਰਤ ਮਿਤੀ | ਜੀ ਓ ਪੀ ਦੁਆਰਾ ਜਮ੍ਹਾਂ ਕੀਤਾ ਯੂ ਸੀ | ਜੀ ਓ ਪੀ ਦੁਆਰਾ ਯੂ ਸੀ ਜਮ੍ਹਾਂ ਕਰਨ ਵਿੱਚ ਦੇਰੀ |
|---|---|---|---|---|---|---|
| 2015-16 | ਜੂਨ 2015 | ਜੂਨ 2015 | ਕੋਈ ਦੇਰੀ ਨਹੀਂ | 30.09.2015 | 24.11.2015 | 55 ਦਿਨ |
| 2016-17 | ਜੂਨ 2016 | 26.09.2016 | 03 ਮਹੀਨੇ | 30.09.2016 | 15.02.2017 | 138 ਦਿਨ |
| 2017-18 | ਜੂਨ 2017 | 06.10.2017 08.03.2018 | $2-7^{1/2}$ ਮਹੀਨੇ | 30.09.2017 | 13.07.2018 | 286 ਦਿਨ |
| 2018-19 | ਜੂਨ 2018 | 11.02.2019 | 07 ਮਹੀਨੇ | 30.09.2018 | 08.08.2019 | 318 ਦਿਨ |
| 2019-20 | ਜੂਨ 2019 | ਅਜੇ ਜਾਰੀ ਨਹੀਂ ਹੋਇਆ | - | 30.09.2019 | - | - |
| **ਸਾਲ** | **ਬੀ ਜੀ ਅਤੇ ਪੀ ਜੀ ਦੀ ਦੂਜੀ ਕਿਸ਼ਤ ਦੀ ਨਿਰਧਾਰਿਤ ਮਿਤੀ** | **ਜੀ ਓ ਆਈ ਦੁਆਰਾ ਜਾਰੀ ਕੀਤੀ ਗਈ** | **ਦੇਰੀ, ਜੇ ਕੋਈ ਹੈ** | **ਪਹਲਿ ਕਿਸ਼ਤ ਲਈ ਯੂ ਸੀ ਦੀ ਅੰਤਿਮ ਨਿਰਧਾਰਤ ਮਿਤੀ** | **ਜੀ ਓ ਪੀ ਦੁਆਰਾ ਜਮ੍ਹਾਂ ਕੀਤਾ ਯੂ ਸੀ** | **ਜੀ ਓ ਪੀ ਦੁਆਰਾ ਯੂ ਸੀ ਜਮ੍ਹਾਂ ਕਰਨ ਵਿੱਚ ਦੇਰੀ** |
| 2015-16 | ਅਕਤੂਬਰ 2015 | 20.11.2015 | 20 ਦਿਨ | 31.05.2016 | 03.03.2016 | ਕੋਈ ਦੇਰੀ ਨਹੀਂ |
| 2016-17 | ਅਕਤੂਬਰ 2016 | 16.03.2017 | $4^{1/2}$ ਮਹੀਨੇ | 31.05.2017 | 18.08.2017 | 80 ਦਿਨ |
| 2017-18 | ਅਕਤੂਬਰ 2017 | 27.08.2018 | 10 ਮਹੀਨੇ | 31.05.2018 | 18.01.2019 | 233 ਦਿਨ |
| 2018-19 | ਅਕਤੂਬਰ 2018 | 03.09.2019 | 10 ਮਹੀਨੇ | 31.05.2019 | ਹਾਲੇਂ ਜਮ੍ਹਾਂ ਨਹੀਂ ਕੀਤਾ | - |
| 2019-20 | ਅਕਤੂਬਰ 2019 | ਅਜੇ ਜਾਰੀ ਕੀਤੀ ਜਾਣੀ ਹੈ | - | 31.05.2020 | - | - |

*ਸ੍ਰੋਤ: ਵਿਭਾਗੀ ਸੂਚਨਾ* *ਬੀ ਜੀ = ਮੁੱਢਲੀ ਗ੍ਰਾਂਟ; ਅਤੇ ਪੀ ਜੀ =ਕਾਰਗੁਜ਼ਾਰੀ ਗ੍ਰਾਂਟ*

ਅੱਗੇ, ਮੁੱਢਲੀ ਗ੍ਰਾਂਟ ਅਤੇ ਕਾਰਗੁਜ਼ਾਰੀ ਗ੍ਰਾਂਟ 03-156 ਦਿਨਾਂ (**ਸਾਰਣੀ 3.6 (ੳ ਅਤੇ ਅ)** ਦੀ ਦੇਰੀ ਨਾਲ ਜਾਰੀ ਹੋਣ ਕਾਰਨ ਰਾਜ ਸਰਕਾਰ ਨੂੰ ₹ 25.77 ਕਰੋੜ (ਮੁੱਢਲੀ ਗ੍ਰਾਂਟਾ ਲਈ ₹ 22.58 ਕਰੋੜ ਅਤੇ ਕਾਰਗੁਜ਼ਾਰੀ ਗ੍ਰਾਂਟ ਲਈ ₹ 3.19 ਕਰੋੜ) ਦੀ ਬਚਣਯੋਗ ਰਕਮ ਵਿਆਜ ਦੇ ਜ਼ਰੀਏ ਖਰਚ ਕਰਨੀ ਪਈ।

ਡਾਇਰੈਕਟਰ (ਸਥਾਨਕ ਸੰਸਥਾਵਾਂ) ਨੇ ਕਿਹਾ (ਜੁਲਾਈ 2020) ਕਿ ਵਿਭਾਗ ਨੇ ਸਮੇਂ-ਸਮੇਂ ਤੇ ਵਿੱਤ ਵਿਭਾਗ ਨੂੰ ਬੇਨਤੀ ਕੀਤੀ ਸੀ ਕਿ ਵਿਆਜ ਦੀ ਅਦਾਇਗੀ ਤੋਂ ਬਚਣ ਲਈ ਯੂ ਐਲ ਬੀ ਨੂੰ ਸਮੇਂ ਸਿਰ ਜਾਰੀ ਕੀਤੀ ਜਾ ਰਹੀ ਗ੍ਰਾਂਟ ਦੇ ਬਿੱਲ ਜਲਦੀ ਤੋਂ ਜਲਦੀ ਮਨਜ਼ੂਰ ਕਰਨ। ਵਿੱਤ ਵਿਭਾਗ ਦੁਆਰਾ ਗ੍ਰਾਂਟ ਜਾਰੀ ਕਰਨ ਵਿੱਚ ਦੇਰੀ ਦੇ ਕਾਰਣਾਂ ਦਾ ਇੰਤਜ਼ਾਰ ਕੀਤਾ ਗਿਆ (ਅਗਸਤ 2021)।

## 3.4 ਸ਼ਹਿਰੀ ਸਥਾਨਕ ਸੰਸਥਾਵਾਂ ਦਾ ਜਵਾਬਦੇਹੀ ਢਾਂਚਾ (ਅੰਦਰੂਨੀ ਕੰਟਰੋਲ ਪ੍ਰਣਾਲੀ)

ਰਾਜ ਸਰਕਾਰ ਦੁਆਰਾ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕਾਰਗਰ ਅਤੇ ਪ੍ਰਭਾਵਕ ਸ਼ਾਸਨ ਪ੍ਰਬੰਧ ਲਈ ਇੱਕ ਮਜਬੂਤ ਅੰਦਰੂਨੀ ਕੰਟਰੋਲ ਪੱਧਤੀ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਇਸ ਲਈ, ਵਿੱਤੀ ਨਿਯਮਾਂ, ਪ੍ਰਕਿਆਵਾਂ ਅਤੇ ਆਦੇਸ਼ਾਂ ਦੀ ਪਾਲਣਾ ਅਤੇ ਇਸ ਪਾਲਣਾ ਦੀ ਸਥਿਤੀ ਬਾਰੇ ਰਿਪੋਰਟਾਂ ਦਾ ਸਮੇ ਸਿਰ ਅਤੇ ਗੁਣਵੱਤਾ ਭਰਪੂਰ ਹੋਣਾ, ਚੰਗੇ ਸ਼ਾਸਨ ਪ੍ਰਬੰਧ ਦੀਆਂ ਖੂਬੀਆਂ ਵਿਚੋਂ ਇੱਕ ਹੈ। ਪਾਲਣਾ ਅਤੇ ਕੰਟਰੋਲ ਬਾਰੇ ਰਿਪੋਰਟਾਂ, ਜੇਕਰ ਅਸਰਦਾਰ ਅਤੇ ਆਪ੍ਰੇਸ਼ਨਲ ਹੋਣ ਤਾਂ ਇਹ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਰਾਜ ਸਰਕਾਰ ਨੂੰ ਰਣਨੀਤਿਕ ਵਿਉਂਤਬੰਦੀ ਕਰਨ, ਫੈਸਲੇ ਲੈਣ ਅਤੇ ਸਟੇਕ ਹੋਲਡਰਾਂ ਦੀ ਜਵਾਬਦੇਹੀ ਸਮੇਤ, ਮੁਢਲੀਆਂ ਪ੍ਰਬੰਧਕੀ ਜਿੰਮੇਵਾਰੀਆਂ ਨਿਭਾਉਣ ਵਿਚ ਸਹਾਈ ਹੁੰਦੀਆਂ ਹਨ। ਅੰਦਰੂਨੀ ਕੰਟਰੋਲ ਪ੍ਰਣਾਲੀ ਵਿਚ ਹੇਠਾਂ ਲਿਖੀਆਂ ਊਣਤਾਈਆਂ ਪਾਈਆਂ ਗਈਆਂ ਸਨ।

### 3.4.1 ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮੁੱਢਲੀ ਲੇਖਾ ਪ੍ਰੀਖਿਆ

ਐਫ ਐਫ ਸੀ ਦੇ ਪੈਰ੍ਹਾ 9.54 ਅਤੇ 9.75 ਵਿੱਚ ਸਾਰੇ ਹਿੱਸੇਦਾਰਾਂ ਨੂੰ ਜਾਣੂ ਫੈਸਲੇ ਲੈਣ ਦੇ ਯੋਗ ਬਣਾਉਣ ਲਈ ਸਥਾਨਕ ਸੰਸਥਾਵਾਂ ਦੇ ਵਿੱਤ ਬਾਰੇ ਭਰੋਸੇਯੋਗ ਅੰਕੜੇ ਰੱਖਣ ਦੀ ਜ਼ਰੂਰਤ ਨੂੰ ਵੇਖਿਆ ਗਿਆ ਹੈ। ਇਸਦੇ ਲਈ, ਖਾਤਿਆਂ ਦਾ ਸੰਗ੍ਰਹਿ ਅਤੇ ਉਨ੍ਹਾਂ ਦੀ ਲੇਖਾ ਪ੍ਰੀਖਿਆ ਮਹੱਤਵਪੂਰਣ ਹੈ। ਐਫ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ ਖਾਤਿਆਂ ਦੀ ਲੇਖਾ ਪ੍ਰੀਖਿਆ ਲੋੜੀਂਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਦਾਨ ਕਰਦਾ ਹੈ, ਇਸ ਲਈ ਕਾਰਗੁਜ਼ਾਰੀ ਦੀਆਂ ਗ੍ਰਾਂਟਾਂ ਇਸ ਸ਼ਰਤ ਨਾਲ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਸ਼ਹਿਰੀ ਸਥਾਨਕ ਸੰਸਥਾ ਨੂੰ ਆਡਿਟਡ ਸਲਾਨਾ ਖਾਤਿਆਂ ਨੂੰ ਜਮ੍ਹਾਂ ਕਰਨਾ ਪਏਗਾ।

ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 176 (2) ਦੇ ਅਨੁਸਾਰ ਈ ਐਲ ਐਫ ਏ ਨੂੰ ਨਗਰ ਨਿਗਮਾਂ ਦਾ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਮਿਉਂਨਿਸਪਲ ਕੌਂਸਲਾਂ/ ਨਗਰ ਪੰਚਾਇਤਾਂ ਦੀ ਲੇਖਾ ਪ੍ਰੀਖਿਆ ਦਾ ਅਧਿਕਾਰ ਮਿਉਂਨਿਸਪਲ ਅਕਾਉਂਟ ਕੋਡ ਦੇ ਨਿਯਮ XVII 17(1)(ੳ) ਅਧੀਨ ਆਉਂਦਾ ਹੈ ਜੋ ਪੰਜਾਬ ਨਗਰਪਾਲਿਕਾ ਐਕਟ, 1911 ਦੀ ਧਾਰਾ 240 ਬਣਾਇਆ ਗਿਆ ਹੈ।

ਪੰਜਾਬ ਮਿਉਂਸਪਲ ਅਕਾਉਂਟ ਮੈਨੂਅਲ, 2017 ਦਾ ਪੈਰ੍ਹਾ 29.6 ਵਿਵਸਥਾ ਕਰਦਾ ਹੈ ਕਿ ਨਗਰ ਨਿਗਮ ਦੇ ਖਾਤਿਆਂ ਦੀ ਪ੍ਰੀ-ਆਡਿਟ ਕੀਤੀ ਜਾਏਗੀ। ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਮਾਮਲੇ

ਵਿੱਚ, ਪੂਰਵ/ ਪੋਸਟ ਆਡਿਟ, ਜਿੰਨਾ ਸੰਭਵ ਹੋ ਸਕੇ ਸਾਲ ਵਿੱਚ ਇੱਕ ਵਾਰ ਜਾਂ ਅੱਧੇ ਸਾਲ ਵਿੱਚ ਹੋ ਸਕਦਾ ਹੈ, ਜਿਵੇਂ ਸਰਕਾਰ ਨਿਰਦੇਸ਼ ਦੇਵੇ। ਰਾਜ ਸਰਕਾਰ, ਹਾਲਾਂਕਿ, ਨਿਰਦੇਸ਼ ਦੇ ਸਕਦੀ ਹੈ ਕਿ ਇੱਕ ਨਿਰਧਾਰਤ ਯੂ ਐਲ ਬੀ ਦੇ ਖਾਤਿਆਂ ਦੀ ਲੇਖਾ ਪ੍ਰੀਖਿਆ ਇੱਕ ਜਾਂ ਵਧੇਰੇ ਰਿਹਾਇਸ਼ੀ ਆਡੀਟਰਾਂ ਦੁਆਰਾ ਦਿਨੋਂ ਦਿਨ ਕੀਤਾ ਜਾਏ।

ਪੰਜਾਬ ਸਰਕਾਰ ਨੇ (ਦਸੰਬਰ 1983) ਨੂੰ ਹਦਾਇਤ ਕੀਤੀ ਕਿ ₹ 10 ਲੱਖ ਤੋਂ ਵੱਧ ਦੀ ਆਮਦਨੀ ਵਾਲੀਆਂ ਨਗਰ ਕੌਂਸਲਾਂ/ ਨੋਟੀਫਾਈਡ ਏਰੀਆ ਕਮੇਟੀਆਂ ਦੇ ਖਾਤਿਆਂ ਦਾ ਦੋ-ਸਾਲਾਨਾ ਲੇਖਾ ਪ੍ਰੀਖਿਆ ਕੀਤਾ ਜਾਵੇਗਾ ਅਤੇ ₹ 10 ਲੱਖ ਤੋਂ ਘੱਟ ਆਮਦਨੀ ਵਾਲੇ ਹੋਰ ਯੂ ਐਲ ਬੀਜ਼ ਦਾ ਹਰ ਸਾਲ ਲੇਖਾ ਪ੍ਰੀਖਿਆ ਕੀਤਾ ਜਾਵੇਗਾ।

ਈ ਐਲ ਐਫ ਏ ਦੁਆਰਾ ਅੰਦਰੂਨੀ ਲੇਖਾ ਪ੍ਰੀਖਿਆ ਦੀ ਘੱਟ ਕਵਰੇਜ਼ ਨੂੰ ਉਜਾਗਰ ਕਰਦੇ ਹੋਏ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਬਾਰੇ ਏ ਟੀ ਆਰ ਵਿੱਚ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾ 3.4.1)

ਈ ਐਲ ਐਫ ਏ ਦੁਆਰਾ 2016-17 ਤੋਂ 2018-19 ਦੀ ਮਿਆਦ ਦੇ ਦੌਰਾਨ ਯੋਜਨਾਬੱਧ ਅਤੇ ਕਰਵਾਏ ਗਏ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ **ਸਾਰਣੀ 3.8** ਵਿੱਚ ਦਿੱਤੀ ਗਈ ਹੈ।

**ਸਾਰਣੀ 3.8: ਈ ਐਲ ਐਫ ਏ ਦੁਆਰਾ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ**

| ਯੂ ਐਲ ਬੀਜ਼ ਦੀ ਕਿਸਮ | ਇਕਾਈਆਂ ਦੀ ਕੁੱਲ ਸੰਖਿਆ | | | ਯੋਜਨਾਬੱਧ ਇਕਾਈਆਂ ਦੀ ਗਿਣਤੀ | | | ਆਡਿਟ ਕੀਤੀਆਂ ਇਕਾਈਆਂ ਦੀ ਗਿਣਤੀ (*ਪ੍ਰਤੀਸ਼ਤ*) | | |
|---|---|---|---|---|---|---|---|---|---|
| | **2016-17** | **2017-18** | **2018-19** | **2016-17** | **2017-18** | **2018-19** | **2016-17** | **2017-18** | **2018-19** |
| ਨਗਰ ਨਿਗਮ | 10 | 10 | 10 | 10 | 10 | 10 | 10 (100) | 10 (100) | 10 (100) |
| ਨਗਰ ਕੌਂਸਲ/ਨਗਰ ਪੰਚਾਇਤ | 164 | 157 | 157 | 55 | 45 | 53 | 82 (50) | 66 (42) | 56 (36) |
| **ਜੋੜ** | **174** | **167** | **167** | **65** | **55** | **63** | **92** | **76** | **76** |

*ਸ੍ਰੋਤ: ਵਿਭਾਗੀ ਸੂਚਨਾ*

**ਸਾਰਣੀ** 3.8 ਦਰਸਾਉਂਦੀ ਹੈ ਕਿ ਈ ਐਲ ਐਫ ਏ ਦੁਆਰਾ ਭਾਵੇਂ 100 *ਪ੍ਰਤੀਸ਼ਤ* ਨਗਰ ਨਿਗਮਾਂ ਨੂੰ ਅੰਦਰੂਨੀ ਲੇਖਾ ਪ੍ਰੀਖਿਆ ਅਧੀਨ ਕਵਰ ਕੀਤਾ ਗਿਆ ਸੀ, ਪਰ ਈ ਐਲ ਐਫ ਏ ਦੁਆਰਾ 36-50 *ਪ੍ਰਤੀਸ਼ਤ* ਨਗਰ ਕੌਂਸਲਾ/ਨਗਰ ਪੰਚਾਇਤਾਂ ਨੂੰ ਹੀ ਕਵਰ ਕੀਤਾ ਗਿਆ ਸੀ ਅਤੇ ਲੇਖਾ ਪ੍ਰੀਖਿਆ ਕਵਰੇਜ਼ 2016-17 ਵਿੱਚ 50 *ਪ੍ਰਤੀਸ਼ਤ* ਤੋਂ ਘੱਟ ਕੇ 2018-19 ਵਿੱਚ 36 ਪ੍ਰਤੀਸ਼ਤ ਰਹਿ ਗਈ। 2016-19 ਦੇ ਦੌਰਾਨ ਨਗਰ ਪ੍ਰੀਸ਼ਦਾਂ/ਨਗਰ ਪੰਚਾਇਤਾਂ ਦਾ 36-50 *ਪ੍ਰਤੀਸ਼ਤ* ਅੰਦਰੂਨੀ ਲੇਖਾ ਪ੍ਰੀਖਿਆ ਕੀਤਾ ਗਿਆ ਸੀ।

ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਨੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਤੇ ਏ ਟੀ ਆਈ ਆਰ ਦੇ ਪੈਰ੍ਹਾ 3.4.1 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਸਾਰੇ ਯੂ ਐਲ ਬੀਜ਼ ਦੇ ਅੰਦਰੂਨੀ ਲੇਖਾ ਪ੍ਰੀਖਿਆ ਲਈ ਈ ਐਲ ਐਫ ਏ ਨਾਲ ਸਲਾਹ ਮਸ਼ਵਰਾ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾ ਸਕਦੀ ਹੈ। ਹਾਲਾਂਕਿ, ਤੱਕ ਇਹ ਹੈ ਕਿ 2016-19 ਦੀ ਮਿਆਦ ਦੇ ਦੌਰਾਨ ਈ ਐਲ ਐਫ ਏ ਦੁਆਰਾ ਅੰਦਰੂਨੀ ਲੇਖਾ ਪ੍ਰੀਖਿਆ ਕਰਵਾਉਣ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੋਇਆ।

### 3.4.2 ਈ ਐਲ ਐਫ ਏ ਅਤੇ ਪੀ ਏ ਜੀ (ਆਡਿਟ) ਦੇ ਆਡਿਟ ਟਿੱਪਣੀਆਂ ਦੇ ਜਵਾਬ ਦੀ ਘਾਟ

ਸਥਾਨਕ ਆਡਿਟ ਵਿਭਾਗ, ਪੰਜਾਬ ਦੇ ਆਫਿਸ ਮੈਨੂਅਲ ਦਾ ਪੈਰ੍ਹਾ IV. 8 ਅਤੇ ਇਸਦੇ ਅਧੀਨ ਨੋਟ 4 (iii) ਅਤੇ (iv) ਈ ਐਲ ਐਫ ਏ ਨੂੰ ਸਰਕਾਰ ਦੇ ਨਾਲ ਕਾਰਵਾਈ ਜਾਂ ਅੰਸ਼ਕ ਕਾਰਵਾਈ ਅਤੇ ਪਿਛਲੇ ਇਤਰਾਜਾਂ ਦੇ ਅਸੰਤੁਸ਼ਟੀਜਨਕ ਨਤੀਜਿਆਂ ਤੇ ਸਰਕਾਰ ਕੋਲ ਮਾਮਲਾ ਉਠਾਉਣ ਦੀ ਵਿਵਸਥਾ ਕਰਦਾ ਹੈ। ਡਿਪਟੀ ਕਮੀਸ਼ਨਰ, ਰੀਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਅਤੇ ਈ ਐਲ ਐਫ ਏ ਦੇ ਸਥਾਨਕ ਨੁਮਾਇੰਦਿਆਂ ਦੀ ਕਮੇਟੀ ਹਰੇਕ ਸਥਾਨਕ ਸੰਸਥਾ ਦੇ ਵੱਖ-ਵੱਖ ਇਤਰਾਜਾਂ ਦਾ ਮੁਆਇਨਾ ਕਰੇਗੀ ਅਤੇ ਨਿਪਟਾਰੇ ਕਰੇਗੀ ਅਤੇ ਆਪਣੀ ਰਿਪੋਰਟ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਨੂੰ ਸੌਂਪੇਗੀ।

ਇਸੇ ਤਰ੍ਹਾਂ, ਪੰਜਾਬ ਮਿਉਂਨਿਸਪਲ ਅਕਾਉਂਟਿੰਗ ਮੈਨੂਅਲ ਦਾ ਪੈਰ੍ਹਾ 29.8(3) ਅਤੇ (4) ਵਿੱਚ ਆਡਿਟ ਇਤਰਾਜ਼ ਵਿਵਰਣੀਆਂ ਅਤੇ ਆਡਿਟ ਨੋਟਸ ਦੇ ਤੁਰੰਤ ਨਿਪਟਾਰੇ ਦੀ ਵਿਵਸਥਾ ਕੀਤੀ ਗਈ ਹੈ, ਆਡਿਟ ਨੋਟ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ ਯੂ ਐਲ ਬੀ ਦੀ ਇੱਕ ਵਿਸ਼ੇਸ਼ ਮੀਟਿੰਗ ਬੁਲਾਉਣ ਅਤੇ ਕਾਰਵਾਈ ਕਰਨ ਦਾ ਫੈਸਲਾ ਕਰਦਾ ਹੈ। ਆਡਿਟ ਨੋਟ ਦੀ ਪ੍ਰਾਪਤੀ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕਾਰਵਾਈ ਕਰਨੀ ਹੁੰਦੀ ਹੈ।

ਈ ਐਲ ਐਫ ਏ ਅਤੇ ਪੀ ਏ ਜੀ (ਆਡਿਟ), ਪੰਜਾਬ ਦੁਆਰਾ ਜਾਰੀ 31 ਮਾਰਚ 2019 ਦੇ ਅਨੁਸਾਰ ਯੂ ਐਲ ਬੀਜ਼ ਦੀ ਬਕਾਇਆ ਪੈਰ੍ਹਾ ਦੀ ਸਥਿਤੀ **ਸਾਰਣੀ** 3.9 ਵਿੱਚ ਦਰਸਾਈ ਗਈ ਹੈ।

**ਸਾਰਣੀ 3.9: 31 ਮਾਰਚ 2019 ਨੂੰ ਬਕਾਇਆ ਪੈਰ੍ਹਿਆਂ ਦੇ ਵੇਰਵੇ**

| ਲੜੀ ਨੰ. | ਕਿੰਨੀ ਦੇਰ ਤੋਂ ਬਕਾਇਆ | ਨਗਰ ਨਿਗਮ | | ਨਗਰ ਕੌਂਸਲ/ਨਗਰ ਪੰਚਾਇਤ | | ਜੋੜ | |
|---|---|---|---|---|---|---|---|
| | | ਈ ਐਲ ਐਫ ਏ | ਪੀ ਏ ਜੀ | ਈ ਐਲ ਐਫ ਏ | ਪੀ ਏ ਜੀ | ਈ ਐਲ ਐਫ ਏ | ਪੀ ਏ ਜੀ |
| 1. | 5 ਸਾਲ ਤੱਕ ਪੁਰਾਣੇ | 2,024 | 774 | 6,338 | 3,134 | 8,362 | 3,908 |
| 2. | 5 ਤੋਂ 10 ਸਾਲ ਪੁਰਾਣੇ | 1,020 | 331 | 2,730 | 190 | 3,750 | 521 |
| 3. | 10 ਸਾਲ ਤੋਂ ਵੱਧ ਪੁਰਾਣੇ | 4,966 | 0 | 12,693 | 0 | 17,659 | 0 |
| | **ਜੋੜ** | **8,010** | **1,105** | **21,761** | **3,324** | **29,771** | **4,429** |

*ਸ੍ਰੋਤ: ਈ ਐਲ ਐਫ ਏ ਦੁਆਰਾ ਦਿੱਤੀ ਗਈ ਸੂਚਨਾ ਅਤੇ ਦਫਤਰੀ ਰਿਕਾਰਡ*

ਵੱਡੀ ਗਿਣਤੀ ਵਿੱਚ ਪੈਰ੍ਹਾ ਦਾ ਬਕਾਇਆ ਦਰਸਾਉਂਦਾ ਹੈ ਕਿ ਉਂਨ੍ਹਾਂ ਕਮੀਆਂ ਨਾਲ ਨਜਿੱਠਣ ਲਈ ਲੋੜੀਂਦੇ ਯਤਨ ਨਹੀਂ ਕੀਤੇ ਜਾ ਰਹੇ ਸਨ ਜਿਨਾਂ ਨੂੰ ਅੰਦਰੂਨੀ ਆਡੀਟਰ ਯਾਨੀ ਐਲ ਐਫ ਏ ਜਾਂ ਪੀ ਏ ਜੀ (ਆਡਿਟ), ਪੰਜਾਬ ਦੁਆਰਾ ਦਰਸਾਇਆ ਗਿਆ ਸੀ।

ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਨੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀ ਉੱਤੇ ਏ ਟੀ ਆਈ ਆਰ ਦੇ ਪੈਰ੍ਹਾ 3.4.2 ਦੀ ਚਰਚਾ ਕਰਦਿਆਂ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਸਬੰਧਤ ਅਧਿਕਾਰੀਆਂ ਦੀ ਇੱਕ ਕਮੇਟੀ ਬਣਾਈ ਜਾ ਸਕਦੀ ਹੈ ਅਤੇ ਬਕਾਇਆ ਪੈਰ੍ਹੇ ਈ ਐਲ ਐਫ ਏ ਅਤੇ ਆਡਿਟ ਵਿਭਾਗ ਦੀ ਸਲਾਹ ਨਾਲ ਨਿਪਟਾਰਾ ਕੀਤਾ ਜਾ ਸਕਦਾ ਹੈ।

### 3.4.3 ਸਲਾਨਾ ਤਕਨੀਕੀ ਨਿਰੀਖਣ ਰਿਪੋਰਟਾਂ ਤੇ ਫਾਲੋ-ਅੱਪ ਕਾਰਵਾਈ

ਸਲਾਨਾ ਤਕਨੀਕੀ ਨਿਰੀਖਣ ਰਿਪੋਰਟਾਂ ਤੇ ਫਾਲੋ-ਅਪ ਕਾਰਵਾਈ ਟੀ ਐਫ ਸੀ ਅਤੇ ਐਫ ਐਫ ਸੀ ਦੀਆਂ ਸਿਫਾਰਸ਼ਾ ਦੇ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਏ ਟੀ ਆਈ ਆਰ) ਦੇ ਨਾਲ ਨਾਲ ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਦੀ ਸਲਾਨਾ ਰਿਪੋਰਟ ਨੂੰ ਰਾਜ ਵਿਧਾਨ ਸਭਾ ਦੇ ਸਹਾਮਣੇ ਰੱਖਿਆ ਜਾਣਾ ਚਾਹੀਦਾ ਹੈ।

2012-13, 2013-14, 2014-15 ਅਤੇ 2015-16 ਦੇ ਸਾਲਾਂ ਲਈ ਏ ਟੀ ਆਈ ਆਰਜ਼ ਨੂੰ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖਿਆ ਗਿਆ ਸੀ। ਹਾਲਾਂਕਿ, 2012-13 ਤੋਂ 2015-16 ਦੇ ਸਾਲਾਂ ਲਈ ਏ ਟੀ ਆਈ ਆਰਜ਼ ਦੁਆਰਾ ਦੱਸੇ ਗਏ 64 ਆਡਿਟ ਪੈਰ੍ਹਿਆਂ ਤੇ ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਦੀਆਂ ਵੱਖ-ਵੱਖ ਮੀਟਿੰਗਾਂ ਵਿੱਚ ਚਰਚਾ ਕੀਤੀ ਗਈ; ਲੋੜੀਂਦੀ ਪਾਲਣਾ ਲਈ ਕਮੇਟੀ ਦੀਆਂ 17ਵੀਂ ਅਤੇ 21ਵੀਂ ਰਿਪੋਰਟਾਂ ਅਨੁਸਾਰ 57 ਪੈਰ੍ਹੇ ਲੰਬਿਤ ਸਨ *(ਅੰਤਿਕਾ 3.2)*।

### ਨਿਰੰਤਰ ਅਨਿਯਮਿਤਾਵਾਂ

ਇਸ ਤੱਥ ਦੇ ਬਾਵਜੂਦ ਕਿ ਨਿਰੀਖਣ ਰਿਪੋਰਟਾਂ ਅਤੇ ਪਿਛਲੇ ਏ ਟੀ ਆਈ ਆਰਜ਼ ਦੁਆਰਾ ਵੱਖੋਂ ਵੱਖਰੇ ਆਡਿਟ ਪੈਰ੍ਹਾ ਵੱਲ ਇਸ਼ਾਰਾ ਕੀਤਾ ਗਿਆ ਸੀ ਅਤੇ ਇਨ੍ਹਾਂ ਨੂੰ ਸਥਾਨਕ ਸੰਸਥਾਵਾਂ ਅਤੇ ਪੀ ਆਰ ਆਈਜ਼ ਦੀ ਕਮੇਟੀ ਦੁਆਰਾ ਮੀਟਿੰਗਾਂ ਵਿੱਚ ਵਿਚਾਰਿਆ/ਵਿਚਾਰਿਆ ਜਾ ਰਿਹਾ ਸੀ ਅਤੇ ਇਹਨਾਂ ਵਿੱਚੋਂ ਕੁਝ ਬੇਨਿਯਮੀਆਂ ਅਜੇ ਵੀ ਜਾਰੀ ਹਨ। ਹੇਠ ਲਿਖੇ ਮੁੱਦੇ ਪਿਛਲੀਆਂ ਏ ਟੀ ਆਈ ਆਰਜ਼ ਦੇ ਨਾਲ ਨਾਲ ਨਿਰੀਖਣ ਰਿਪੋਰਟਾਂ ਵਿੱਚ ਵੀ ਵਾਰ ਵਾਰ ਪ੍ਰਗਟ ਹੁਦੇ ਰਹੇ ਹਨ:

(i) ਕਾਰਜਾਂ ਦੀ ਸਪੁਰਦਗੀ।

(ii) ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ।

(iii) ਬਚਣਯੋਗ ਖਰਚਾ।

(iv) ਫੰਡਾਂ ਦੀ ਬਲਾਕੇਡ।

(v) ਫੰਡਾਂ ਦੀ ਡਾਈਵਰਸ਼ਨ।

(vi) ਅਧੂਰਾ ਕੰਮ।

(vii) ਖਰਚਿਆਂ ਦੀ ਘੱਟ ਵਸੂਲੀ।

(viii) ਲੇਬਰ ਸੈੱਸ ਦੀ ਕਟੌਤੀ ਨਾ ਕਰਨਾ।

(ix) ਕੈਂਸਰ ਅਤੇ ਕਲਚਰ ਸੈੱਸ ਜਮ੍ਹਾਂ ਨਾ ਕਰਨਾ।

(x) ਰੈਵੀਨਿਊ ਪ੍ਰਾਪਤੀਆਂ ਦੀ ਵਸੂਲੀ ਨਾ ਹੋਣਾ।

(xi) ਬਕਾਇਆ ਦੇਣਦਾਰੀਆਂ।

(xii) ਵੈਲਯੂ ਐਡਿਡ ਟੈਕਸ (ਵੀ ਏ ਟੀ) ਦੀ ਘੱਟ ਕਟੌਤੀ।

ਏ ਟੀ ਆਈ ਆਰ ਵਿੱਚ ਨਿਰੰਤਰ ਅਨਿਯਮਿਤਾਵਾਂ ਨੇ ਸਰਕਾਰ/ਵਿਭਾਗ ਦੇ ਲੇਖਾ ਪ੍ਰੀਖਿਆ ਪ੍ਰਤੀ ਹੁੰਗਾਰੇ ਦੀ ਘਾਟ ਨੂੰ ਦਰਸਾਇਆ।

# ਅਧਿਆਇ-IV

# ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

# ਅਧਿਆਇ-IV

# ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

## 4.1 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਅੰਦਰੂਨੀ ਸੜ੍ਕਾਂ ਦੀ ਉਸਾਰੀ ਅਤੇ ਸਾਂਭ-ਸੰਭਾਲ

- ਨਮੂਨਾ ਜਾਂਚ ਕੀਤੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸੜ੍ਕਾਂ ਦੇ ਨਿਰਮਾਣ/ਰੱਖ-ਰਖਾਅ ਦੇ ਸਬੰਧ ਵਿੱਚ ਡਾਟਾਬੇਸ ਨਹੀਂ ਰੱਖਿਆ ਗਿਆ ਸੀ।
- ਨਮੂਨਾ ਜਾਂਚ ਕੀਤੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਮਾਂ ਨੂੰ ਚਲਾਉਣ ਲਈ ਅਨੁਮਾਨਿਤ ਫੰਡਾਂ ਤੋਂ 16 *ਪ੍ਰਤੀਸ਼ਤ* ਦੀ ਘੱਟ ਵਰਤੋਂ ਕੀਤੀ ਗਈ ਸੀ।
- ਟੀਚਿਆਂ ਦੇ ਮੁਕਾਬਲੇ ਪ੍ਰਾਪਤੀਆਂ ਬਹੁਤ ਮਾੜੀਆਂ ਸਨ ਕਿਉਂਕਿ 2014-17 ਦੌਰਾਨ ਸਿਰਫ 43 *ਪ੍ਰਤੀਸ਼ਤ* ਸੜ੍ਕਾਂ ਦੇ ਕੰਮ ਪੂਰੇ ਕੀਤੇ ਗਏ ਸਨ।
- ਕੰਮਾਂ ਨੂੰ ਪੂਰਾ ਕਰਨ ਵਿੱਚ ਕਈ ਤਰ੍ਹਾਂ ਦੀਆਂ ਕਮੀਆਂ ਦੇਖੀਆਂ ਗਈਆਂ।
- ਵੱਖ-ਵੱਖ ਕਾਡਰਾਂ ਵਿੱਚ ਸਟਾਫ ਦੀ ਕਮੀ 42 *ਪ੍ਰਤੀਸ਼ਤ* ਤੋਂ 79 *ਪ੍ਰਤੀਸ਼ਤ* ਦੇ ਵਿਚਕਾਰ ਸੀ।
- ਚਾਰ ਨਮੂਨਾ ਜਾਂਚ ਕੀਤੇ ਯੂ ਐਲ ਬੀਜ਼ ਵਿੱਚ ਗੁਣਵੱਤਾ ਨਿਯੰਤਰਣ ਦਾ ਪਾਲਣ ਨਹੀਂ ਕੀਤਾ ਗਿਆ ਸੀ ਕਿਉਂਕਿ ਇੰਜੀਨੀਅਰ-ਇੰਚਾਰਜ ਨੇ ਅਧਿਕਾਰਤ ਪ੍ਰਯੋਗਸ਼ਾਲਾਵਾਂ ਤੋਂ ਕੰਮ ਦੀ ਗੁਣਵੱਤਾ ਦੀ ਜਾਂਚ ਨਹੀਂ ਕਰਵਾਈ ਗਈ ਸੀ।

### 4.1.1 ਜਾਣ-ਪਛਾਣ

ਨਗਰ ਨਿਗਮਾਂ ਲਈ ਨਗਰ ਨਿਗਮ ਐਕਟ, 1976 ਦੇ ਅਨੁਭਾਗ 224 (2) ਅਤੇ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਪੰਜਾਬ ਨਗਰ ਪਾਲਿਕਾ ਐਕਟ, 1911 ਦੇ ਅਨੁਭਾਗ 56 (ਜੀ) ਅਨੁਸਾਰ, ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਦੇ ਅਧੀਨ ਆਉਂਦੀਆਂ ਜਨਤਕ ਗਲੀਆਂ ਦੀ ਸਾਂਭ-ਸੰਭਾਲ, ਕੰਟਰੋਲ ਅਤੇ ਨਿਯਮਤਤਾ ਕ੍ਰਮਵਾਰ ਕਮਿਸ਼ਨਰ ਅਤੇ ਕਾਰਜਸਾਧਕ ਅਫ਼ਸਰ ਦੇ ਕੰਟਰੋਲ ਅਧੀਨ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਕਮਿਸ਼ਨਰ/ਕਾਰਜਸਾਧਕ ਅਫ਼ਸਰ, ਨਗਰ ਨਿਗਮ ਐਕਟ, 1976 ਦੇ ਅਨੁਭਾਗ 225 ਅਤੇ 227 ਅਨੁਸਾਰ, ਯੂ ਐਲ ਬੀਜ਼ ਦੇ ਅਧਿਕਾਰ ਹੇਠਲੀਆਂ ਜਨਤਕ ਗਲੀਆਂ ਨੂੰ ਸਮੇਂ-ਸਮੇਂ ਤੇ ਪੱਧਰਾ, ਪੱਕਾ ਕਰਨ ਜਾਂ ਰੋੜੀ ਪਾਉਣ, ਜਲ ਮਾਰਗ ਬਣਾਉਣ, ਬਦਲਾਅ ਜਾਂ ਮੁਰੰਮਤ ਕਰਨ, ਚੌੜਾ ਕਰਨ ਜਾਂ ਅੱਗੇ ਵਧਾਉਣ ਜਾਂ ਅਜਿਹੀਆਂ ਗਲੀਆਂ ਵਿੱਚ ਹੋਰ ਸੁਧਾਰ ਕਰਨ ਅਤੇ ਨਵੀਆਂ ਗਲੀਆਂ ਬਣਵਾਉਣ ਦਾ ਕੰਮ ਕਰ ਸਕਦਾ ਹੈ। ਰਾਜ ਪੱਧਰ ਤੇ ਸਾਰੀਆਂ ਨਗਰ ਨਿਗਮਾਂ ਅਤੇ ਕੌਂਸਲਾਂ, ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਡਾਇਰੈਕਟਰ ਦੀ ਸਹਾਇਤਾ ਨਾਲ, ਪ੍ਰਧਾਨ ਸਕੱਤਰ, ਸਥਾਨਕ ਸੰਸਥਾਵਾਂ ਦੇ ਕੰਟਰੋਲ ਹੇਠ ਕੰਮ ਕਰਦੀਆਂ ਹਨ।

ਸੜ੍ਕ ਦੇ ਕੰਮਾਂ ਨੂੰ ਅਮਲੀ ਰੂਪ ਦੇਣ ਲਈ ਏਕਸ਼ਨ ਪਲਾਨ ਦੀ ਲੋੜੀਂਦੀ ਮਾਤਰਾ ਅਤੇ ਪ੍ਰਭਾਵਕਤਾ ਅਤੇ ਇਸ ਦੇ ਸਮੁੱਚੇ ਅਸਰ ਅਤੇ ਟੀਚੇ ਅਨੁਸਾਰ ਕੰਮ ਦੀ ਮਾਤਰਾ ਦੀ ਆਉਟਪੁਟ ਅਤੇ ਆਉਟਕੰਮ ਅਤੇ ਇਨ੍ਹਾਂ ਦੀ ਕਿਫਾਇਤੀ ਅਤੇ ਨਿਪੁੰਨਤਾ ਭਰਪੂਰ ਅਮਲ ਦਾ ਮੁਲਾਂਕਣ ਕਰਨ ਦੇ ਵਿਚਾਰ ਨਾਲ,

266 ਕੰਮਾਂ ਵਿੱਚੋਂ 59 ਮੁਕੰਮਲ ਹੋਏ ਕੰਮਾਂ ਦੀ ਚੋਣ[1] ਕੀਤੀ ਗਈ ਸੀ। 10 ਯੂ ਐਲ ਬੀਜ਼[2] (***ਅੰਤਿਕਾ- 4.1***) ਵਿੱਚ ਸਾਲ 2014-17 ਦੇ ਸਮੇ ਨਾਲ ਸਬੰਧਤ ਅੰਦਰਲੀਆਂ ਸੜ੍ਹਕਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਦੇ ਮੁਕੰਮਲ ਹੋਏ 49 ਕੰਮਾਂ[3] ਦੇ ਰਿਕਾਰਡ ਦੀ ਨਮੂਨਾ ਜਾਂਚ ਦੁਆਰਾ ਇੱਕ ਲੇਖਾ ਪ੍ਰੀਖਿਆ ਦਾ ਸੰਚਾਲਨ (ਅਪ੍ਰੈਲ-ਅਗਸਤ 2017) ਕੀਤਾ ਗਿਆ ਸੀ।

## ਲੇਖਾ ਪ੍ਰੀਖਿਆ ਲੱਭਤਾਂ

## 4.1.2 ਯੋਜਨਾਬੰਦੀ

### *4.1.2.1 ਡਾਟਾ ਬੇਸ ਦੀ ਗੈਰ-ਉਪਲੱਬਧਤਾ*

ਪੰਜਾਬ ਨਗਰ ਨਿਗਮ ਐਕਟ, 1976 ਦਾ ਅਨੁਭਾਗ 169 (3) ਅਤੇ ਪੰਜਾਬ ਨਗਰ ਪਾਲਿਕਾ ਐਕਟ, 1911 ਦਾ ਅਨੁਭਾਗ 56 (3) ਵਿਵਸਥਾ ਕਰਦਾ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਅਜਿਹੀ ਅਚੱਲ ਜਾਇਦਾਦ ਦਾ ਰਜਿਸਟਰ ਅਤੇ ਨਕਸ਼ਾ ਰੱਖਣਗੀਆਂ ਜਿਸਦੀ ਇਸ ਕੋਲ ਮਲਕੀਅਤ ਜਾਂ ਅਧਿਕਾਰ ਹੈ ਜਾਂ ਇਹ ਸਰਕਾਰ ਵੱਲੋਂ ਟਰਸਟ ਦੇ ਤੌਰ ਤੇ ਰੱਖੀ ਗਈ ਹੈ। ਸਰਕਾਰ ਲਈ ਪਹਿਲਾਂ ਬਣਾਈਆਂ/ਸੰਭਾਲ ਕੀਤੀਆਂ ਸੜ੍ਹਕਾਂ ਦੇ ਡੇਟਾਬੇਸ ਦੀ ਉਪਲਬਧਤਾ ਬਾਅਦ ਵਿੱਚ ਸੜ੍ਹਕਾਂ ਦੇ ਨਿਰਮਾਣ ਅਤੇ ਰੱਖ-ਰਖਾਅ ਦੀ ਮਿਆਦ ਦੀ ਯੋਜਨਾ ਬਣਾਉਣ ਲਈ ਬਹੁਤ ਮਹੱਤਵਪੂਰਣ ਹੈ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਚੁਣੀਆਂ ਗਈਆਂ 10 ਯੂ ਐਲ ਬੀਜ਼ ਵਿੱਚੋਂ ਅੱਠ (ਨਗਰ ਨਿਗਮਾਂ (ਐਮ ਸੀ), ਅੰਮ੍ਰਿਤਸਰ ਅਤੇ ਖਰੜ ਤੋਂ ਇਲਾਵਾ) ਵੱਲੋਂ ਮੌਜੂਦਾ/ਨਵੀਆਂ ਬਣਾਈਆਂ ਸੜ੍ਹਕਾਂ, ਉਨ੍ਹਾਂ ਦੀ ਹਾਲਤ, ਸੁਧਾਰ ਦੀ ਕਿਸਮ ਅਤੇ ਲੋੜੀਂਦੀ ਸਾਂਭ-ਸੰਭਾਲ ਦਾ ਕੋਈ ਰਿਕਾਰਡ ਨਹੀਂ ਰੱਖਿਆ ਗਿਆ ਸੀ। ਇਹ ਧਿਆਨ ਵਿੱਚ ਆਇਆ ਸੀ, ਕਿ ਇਹਨਾਂ ਯੂ ਐਲ ਬੀਜ਼ ਦੁਆਰਾ 2014-17 ਦੌਰਾਨ ਸੜ੍ਹਕਾਂ ਦੀ ਉਸਾਰੀ/ ਸਾਂਭ-ਸੰਭਾਲ 'ਤੇ ₹ 485.40 ਕਰੋੜ ਖਰਚ ਕੀਤੇ ਪ੍ਰੰਤੂ ਉੱਪਰ ਦੱਸੇ ਰਿਕਾਰਡ ਦੀ ਅਣਹੋਂਦ ਵਿੱਚ ਇਹ ਯਕੀਨੀ ਨਹੀਂ ਬਣਾਇਆ ਜਾ ਸਕਿਆ ਕਿ ਉਸਾਰੀ/ਸੁਧਾਰ/ਚੌੜਾ ਕਰਨ ਦੀ ਅਸਲ ਲੋੜ ਦੀ ਪੂਰਤੀ ਹੋ ਗਈ ਸੀ ਜਾਂ ਨਹੀਂ। ਯੂ ਐਲ ਬੀਜ਼ ਨੇ ਕਿਹਾ (ਅਗਸਤ 2017) ਕਿ ਰਿਕਾਰਡ ਰੱਖਣ ਲਈ ਲੋੜੀਂਦਾ ਧਿਆਨ ਰੱਖਿਆ ਜਾਵੇਗਾ। ਇਸ ਸਬੰਧ ਵਿੱਚ ਵਿਭਾਗ (ਅਗਸਤ 2021) ਤੋਂ ਜਵਾਬ/ਕੀਤੀ ਕਾਰਵਾਈ ਦਾ ਇੰਤਜਾਰ ਸੀ।

## 4.1.3 ਵਿੱਤੀ ਪ੍ਰਬੰਧਨ

### *4.1.3.1 ਬਜਟ ਉਪਬੰਧਾਂ ਦੀ ਘੱਟ ਵਰਤੋਂ*

ਅੰਦਰਲੀਆਂ ਸੜ੍ਹਕਾਂ ਅਤੇ ਗਲੀਆਂ ਦੀ ਉਸਾਰੀ ਅਤੇ ਸਾਂਭ-ਸੰਭਾਲ ਲਈ ₹ 637.58 ਕਰੋੜ ਦੇ ਅਨੁਮਾਨਤ ਬਜਟ ਦੀ ਤੁਲਨਾ ਵਿੱਚ 10 ਨਮੂਨਾਂ ਜਾਂਚੀਆਂ ਯੂ ਐਲ ਬੀਜ਼ ਦੁਆਰਾ ₹ 533.44 ਕਰੋੜ (84 *ਪ੍ਰਤੀਸ਼ਤ*) ਦੀ ਵਰਤੋਂ ਕੀਤੀ ਜਿਸ ਦੇ ਨਤੀਜੇ ਵੱਜੋਂ 2014-17 ਦੌਰਾਨ ਅਨੁਮਾਨਿਤ ਬਜਟ ਨਾਲੋਂ ₹ 104.14 ਕਰੋੜ (16 *ਪ੍ਰਤੀਸ਼ਤ*) ਦੀ ਘੱਟ ਵਰਤੋਂ ਹੋਈ (**ਅੰਤਿਕਾ** 4.2)।

---

[1] ਪ੍ਰੋਬੇਬਿਲਟੀ ਪ੍ਰੋਪੋਸ਼ਨ ਟੂ ਸਾਈਜ਼ ਵਿੱਚ ਰਿਪਲੇਸਮੈਂਟ ਮੈਥਡ ਦੀ ਵਿਧੀ ਅਪਣਾਉਂਦੇ ਹੋਏ ਚੁਣੇ ਗਏ।

[2] ਨਗਰ ਨਿਗਮਾਂ: (i) ਅੰਮ੍ਰਿਤਸਰ; (ii) ਜਲੰਧਰ; (iii) ਲੁਧਿਆਣਾ; ਨਗਰ ਕੌਂਸਲਾਂ: (iv) ਧਰਮਕੋਟ; (v) ਗੜ੍ਹਸ਼ੰਕਰ; (vi) ਖੰਨਾ; (vii) ਖਰੜ; (viii) ਜ਼ੀਰਕਪੁਰ; ਨਗਰ ਪੰਚਾਇਤਾਂ; (ix) ਢਿੱਲਵਾਂ; ਅਤੇ (x) ਨਡਾਲਾ।

[3] 10 ਕੰਮਾਂ (ਲੜੀ ਨੰ. 7, 8, 9, 10, 11, 12, 16, 20, 22 ਅਤੇ 23 -ਅੰਤਿਕਾ- 4.1) ਦੇ ਰਿਕਾਰਡ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ ਸਨ।

ਐਮ ਸੀਜ਼, ਖਰੜ ਅਤੇ ਜ਼ੀਰਕਪੁਰ ਨੇ ਕਿਹਾ (ਜੁਲਾਈ 2017) ਕਿ ਫੰਡਾਂ ਦੀ ਉਪਲੱਭਧਤਾ ਅਤੇ ਉਸ ਦੇ ਨਾਲ ਸਮਰੱਥ ਅਧਿਕਾਰੀ ਵੱਲੋਂ ਬਜਟ ਅਨੁਮਾਨਾਂ ਦੀ ਪ੍ਰਵਾਨਗੀ ਦੇ ਮੱਦੇਨਜ਼ਰ ਸੜ੍ਹਕਾਂ ਅਤੇ ਗਲੀਆਂ ਦੀ ਉਸਾਰੀ ਅਤੇ ਸਾਂਭ-ਸੰਭਾਲ ਉੱਤੇ ਖਰਚਾ ਕੀਤਾ ਗਿਆ ਸੀ। ਐਮ ਸੀ, ਗੜ੍ਹਸ਼ੰਕਰ ਨੇ ਕਿਹਾ (ਜੂਨ 2017) ਕਿ ਖਰਚਾ ਅਸਲ ਲੋੜ ਅਨੁਸਾਰ ਕੀਤਾ ਗਿਆ ਸੀ। ਐਮ ਸੀ, ਗੜ੍ਹਸ਼ੰਕਰ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ 52 ਵਿੱਚੋਂ 45 ਕੰਮ ਮੁਕੰਮਲ ਹੋਏ ਸਨ ਅਤੇ ਬਾਕੀ ਦੇ ਸੱਤ ਕੰਮ ਜਾਂ ਤਾਂ ਪ੍ਰਗਤੀ ਅਧੀਨ ਸਨ ਜਾਂ ਸ਼ੁਰੂ ਹੀ ਨਹੀਂ ਕੀਤੇ ਗਏ ਸਨ। ਐਮ ਸੀ, ਧਰਮਕੋਟ ਨੇ ਕਿਹਾ ਕਿ ਫੰਡਾਂ ਦੀ ਕਮੀ ਕਰਕੇ ਸਾਰੇ ਕੰਮ ਨਹੀਂ ਕੀਤੇ ਜਾ ਸਕੇ ਸਨ। ਐਮ ਸੀਜ਼, ਜਲੰਧਰ, ਲੁਧਿਆਣਾ, ਅਤੇ ਅੰਮ੍ਰਿਤਸਰ ਨੇ ਉੱਤਰ ਨਹੀਂ ਦਿੱਤਾ ਸੀ। ਕੰਮਾਂ ਦੀ ਮੁਕੱਮਲ ਹੋਣ ਦੀ ਤਾਜਾ ਸਥਿਤੀ ਵਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.1.3.2 ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ*

ਨਗਰ ਪਾਲਿਕਾ ਲੇਖਾ ਕੋਡ, 1930 ਦਾ ਨਿਯਮ XVII.14 ਵਿਵਸਥਾ ਕਰਦਾ ਹੈ ਕਿ ਹਰ ਛਮਾਹੀ ਦੇ ਅੰਤ ਤੇ ਬਕਾਇਆ ਪੇਸ਼ਗੀਆਂ ਦੀ ਰਾਸ਼ੀ ਨੂੰ ਬਕਾਇਆ ਪੇਸ਼ਗੀਆਂ ਦੀ ਸੂਚੀ ਵਿੱਚ ਵੱਖਰਾ ਦਰਸਾਇਆ ਜਾਵੇਗਾ ਅਤੇ ਜਦੋਂ ਪੇਸ਼ਗੀ ਦਾ ਸਮਾਯੋਜਨ ਹੋਵੇਗਾ ਉਦੋਂ ਇਸ ਲੈਣ-ਦੇਣ ਦੇ ਵੇਰਵਿਆਂ ਨੂੰ ਉਸ ਰਜਿਸਟਰ ਦੇ ਜੋ ਕਿ ਇਹ ਦਰਸਾਉਂਦਾ ਹੈ ਕਿ ਸਮਾਯੋਜਨ ਕਿਵੇਂ ਕੀਤਾ ਗਿਆ ਹੈ, ਦੇ ਕੁਲੈਕਸ਼ਨ ਵਾਲੇ ਪਾਸੇ ਇੰਦਰਾਜ ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ (ਮਈ-ਜੂਨ 2017) ਕਿ 10 ਚੁਣੀਆਂ ਯੂ ਐਲ ਬੀਜ਼ ਵਿੱਚੋਂ ਐਮ ਸੀਜ਼, ਲੁਧਿਆਣਾ ਅਤੇ ਜਲੰਧਰ ਵਿੱਚ ਭਵਨ ਤੇ ਸੜ੍ਹਕ ਡਵੀਜ਼ਨ ਦੁਆਰਾ ਆਰਜ਼ੀ ਪੇਸ਼ਗੀਆਂ ਵੱਜੋਂ ਕਰਮਚਾਰੀਆਂ/ਏਜੰਸੀਆਂ ਨੂੰ ਮਨਜ਼ੂਰ/ਵੰਡੇ ₹ 38.71 ਕਰੋੜ[4] ਦਾ ਮਾਰਚ 2017 ਤੱਕ ਸਮਾਯੋਜਨ ਨਹੀਂ ਹੋਇਆ ਸੀ। ਇਸ ਤਰ੍ਹਾਂ, ਕੋਡਲ ਉਪਬੰਧਾਂ ਨੂੰ ਲਾਗੂ ਕਰਨ ਵਿੱਚ ਢਿੱਲ ਦੇ ਨਤੀਜੇ ਵੱਜੋਂ ਵੱਡੀ ਸੰਖਿਆ ਵਿੱਚ ਚੋਖੀ ਰਾਸ਼ੀ ਵਾਲੀਆਂ ਪੇਸ਼ਗੀਆਂ ਬਕਾਇਆ ਪਈਆਂ ਸਨ।

ਨਗਰ ਨਿਗਮ, ਲੁਧਿਆਣਾ ਨੇ ਕਿਹਾ (ਮਈ 2017) ਕਿ ਆਰਜ਼ੀ ਪੇਸ਼ਗੀਆਂ ਨੂੰ ਸਮਾਯੋਜਨ ਕਰਾਉਣ ਲਈ ਸਬੰਧਤ ਬ੍ਰਾਂਚਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਜਦੋਂ ਕਿ ਨਗਰ ਨਿਗਮ ਜਲੰਧਰ ਵੱਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ ਸੀ। ਵਿਭਾਗ ਤੋਂ ਆਰਜੀ ਪੇਸ਼ਗੀਆਂ ਦੇ ਸਮਾਯੋਜਨ ਸਬੰਧੀ ਤਾਜਾ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.1.3.3 ਲੈਪਸ ਹੋਈਆਂ ਜਮ੍ਹਾਂ ਰਾਸ਼ੀਆਂ*

ਨਗਰ ਪਾਲਿਕਾ ਲੇਖਾ ਕੋਡ, 1930 ਦਾ ਨਿਯਮ XVII.3.ਏ ਵਿਵਸਥਾ ਕਰਦਾ ਹੈ ਕਿ ਜੇਕਰ ਠੇਕੇਦਾਰ ਵੱਲੋਂ, ਡਿਊ ਹੋਣ ਤੋਂ ਤਿੰਨ ਸੰਪੂਰਣ ਲੇਖੇ ਵਰ੍ਹੇ ਮੁਕੰਮਲ ਹੋਣ ਤੇ ਸਕਿਓਰਟੀ ਦਾ ਦਾਅਵਾ ਪੇਸ਼ ਨਹੀਂ ਕੀਤਾ ਜਾਂਦਾ ਤਾਂ ਇਹ ਲੈਪਸ ਹੋ ਕੇ ਯੂ ਐਲ ਬੀ ਦੇ ਖਾਤੇ ਵਿੱਚ ਜਮ੍ਹਾ ਹੋ ਜਾਵੇਗੀ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ (ਮਈ-ਅਗਸਤ 2017) ਕਿ 10 ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵਿੱਚੋਂ ਐਮ ਸੀਜ਼ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਧਰਮਕੋਟ, ਖਰੜ

4 ਨਗਰ ਨਿਗਮ : (i) ਜਲੰਧਰ: ਮਾਰਚ 2017 ਤੱਕ ₹ 27.23 ਕਰੋੜ; ਅਤੇ (ii) ਲੁਧਿਆਣਾ: 159 ਕਰਮਚਾਰੀਆਂ/ਏਜੰਸੀਆਂ ਦੇ ਸਬੰਧ ਵਿੱਚ 2008-09 ਤੋਂ 2014-15 ਦੌਰਾਨ ₹ 11.48 ਕਰੋੜ।

ਅਤੇ ਖੰਨਾ ਵਿੱਚ 842 ਕੰਮਾਂ ਦੇ 20 ਸਾਲ ਪਹਿਲਾਂ ਤੱਕ ਦੇ ਸਮੇਂ ਨਾਲ ਸਬੰਧਤ ₹ 4.81 ਕਰੋੜ[5] ਦੀ ਰਾਸ਼ੀ ਜੋ ਕਿ ਤਿੰਨ ਸਾਲ ਤੋਂ ਜ਼ਿਆਦਾ ਸਮੇ ਤੋਂ ਬੇਦਾਅਵਾ ਪਈ ਸੀ, ਨੂੰ ਲੈਪਸ ਹੋਈ ਜਮ੍ਹਾ ਰਾਸ਼ੀ ਵੱਜੋ ਸਬੰਧਤ ਯੂ ਐਲ ਬੀਜ਼ ਦੇ ਖਾਤੇ ਵਿੱਚ ਜਮ੍ਹਾਂ ਨਹੀਂ ਕਰਵਾਇਆ ਗਿਆ ਸੀ (ਮਾਰਚ 2017)।

ਐਮ ਸੀਜ਼ ਧਰਮਕੋਟ, ਖਰੜ ਅਤੇ ਖੰਨਾ ਨੇ ਇਸ ਨੁਕਤੇ ਨੂੰ ਭਵਿੱਖ ਵਿੱਚ ਪਾਲਣਾ ਲਈ ਨੋਟ ਕਰ ਲਿਆ (ਜੂਨ-ਜੁਲਾਈ 2017)। ਐਮ ਸੀਜ਼ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਨੇ ਕੋਈ ਉੱਤਰ ਨਹੀਂ ਦਿੱਤਾ। ਸਬੰਧਤ ਯੂ ਐਲ ਬੀਜ਼ ਦੇ ਖਾਤਿਆਂ ਵਿੱਚ ਲੈਪਸ ਹੋਈਆਂ ਜਮ੍ਹਾਂ ਰਾਸ਼ੀਆਂ ਦੀ ਤਾਜਾ ਸਥਿਤੀ ਵਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### 4.1.4 ਕੰਮਾਂ ਦਾ ਐਗਜ਼ੀਕਿਊਸ਼ਨ

ਦਸ ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵੱਲੋਂ 2014-17 ਦੌਰਾਨ ਸੜ੍ਹਕਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਨਾਲ ਸਬੰਧਤ ਕੰਮਾਂ ਦਾ ਵੇਰਵਾ **ਸਾਰਣੀ** 4.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.1: 31 ਮਾਰਚ 2017 ਤੱਕ ਪਲਾਨ ਕੀਤੇ ਕੰਮ ਅਤੇ ਸਫਲਤਾ ਦੀ ਸਥਿਤੀ**

| ਲੜੀ ਨੰ. | ਯੂ ਐਲ ਬੀ ਦਾ ਨਾਂਅ | ਕੰਮਾਂ ਦੀ ਗਿਣਤੀ | | | |
|---|---|---|---|---|---|
| | | ਯੋਜਿਤ | ਮੁਕੰਮਲ ਕੀਤਾ | ਪ੍ਰਗਤੀ ਅਧੀਨ | ਸ਼ੁਰੂ ਨਹੀਂ ਕੀਤਾ |
| 1. | ਅੰਮ੍ਰਿਤਸਰ | 157 | 24 | 131 | 2 |
| 2. | ਜਲੰਧਰ | 810 | 546 | 211 | 53 |
| 3. | ਲੁਧਿਆਣਾ | 802 | 148 | 583 | 71 |
| 4. | ਧਰਮਕੋਟ | 82 | 47 | 16 | 19 |
| 5. | ਗੜ੍ਹਸ਼ੰਕਰ | 52 | 45 | 4 | 3 |
| 6. | ਖੰਨਾ | 236 | 135 | 79 | 22 |
| 7. | ਖਰੜ | 62 | 35 | 3 | 24 |
| 8. | ਜ਼ੀਰਕਪੁਰ | 92 | 84 | 7 | 1 |
| 9. | ਫਿਲਵਾਂ | 41 | 32 | 0 | 9 |
| 10. | ਨਡਾਲਾ | 72 | 53 | 5 | 14 |
| **ਜੋੜ** | | **2,406** | **1,149** | **1,039** | **218** |

*ਸ੍ਰੋਤ: ਵਿਭਾਗੀ ਡਾਟਾ*

ਸਾਲ 2014-17 ਦੌਰਾਨ ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵੱਲੋਂ ਕੁੱਲ 2,406 ਕੰਮਾਂ ਦੇ ਟੀਚਿਆਂ ਵਿਰੁੱਧ, ਕੇਵਲ 1,149 (48 *ਪ੍ਰਤੀਸ਼ਤ*) ਕੰਮ ਮੁਕੰਮਲ ਕੀਤੇ ਗਏ ਸਨ। ਬਾਕੀ ਰਹਿੰਦੇ 1,257 ਕੰਮਾਂ ਵਿੱਚੋਂ 1,039 ਕੰਮ ਪ੍ਰਗਤੀ ਅਧੀਨ ਸਨ ਅਤੇ 218 ਕੰਮ ਸ਼ੁਰੂ ਨਹੀਂ ਕੀਤੇ ਗਏ ਸਨ। ਮੁਕੰਮਲ ਹੋਏ ਕੰਮਾਂ ਵਿੱਚੋਂ ਨਮੂਨਾਂ ਜਾਂਚ ਕੀਤੇ 49 ਕੰਮਾਂ ਦੇ ਐਗਜ਼ੀਕਿਊਸ਼ਨ ਵਿੱਚ ਧਿਆਨ ਵਿੱਚ ਆਈਆਂ ਕਮੀਆਂ/ਬੇਨਿਯਮੀਆਂ ਦੀ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

#### *4.1.4.1 ਟਾਲਣਯੋਗ ਖਰਚਾ*

**(i)** ਨਗਰ ਨਿਗਮ, ਜਲੰਧਰ ਨੇ ₹ 8.33 ਕਰੋੜ ਦੀ ਅਨੁਮਾਨਿਤ ਲਾਗਤ ਨਾਲ 'ਫੋਰ ਲੇਨਿੰਗ ਆਫ ਕਪੂਰਥਲਾ ਰੋਡ ਫਰੋਮ ਡਿਸਟਰੀਬਿਊਟਰੀ ਟੂ ਮਿਊਂਸਿਪਲ ਕਾਰਪੋਰੇਸ਼ਨ ਲਿਮਟ' ਦੇ ਸਬੰਧ ਵਿੱਚ

---

[5] ਨਗਰ ਨਿਗਮ: (i) ਅੰਮ੍ਰਿਤਸਰ: 103 ਕੰਮਾਂ ਦੇ ਵਿਰੁੱਧ ₹ 0.18 ਕਰੋੜ; (ii) ਜਲੰਧਰ: 16 ਕੰਮਾਂ ਦੇ ਵਿਰੁੱਧ ₹ 0.34 ਕਰੋੜ; (iii) ਲੁਧਿਆਣਾ: 586 ਕੰਮਾਂ ਦੇ ਵਿਰੁੱਧ ₹ 3.66 ਕਰੋੜ; ਅਤੇ ਨਗਰ ਕੌਂਸਲ: (iv) ਧਰਮਕੋਟ: 36 ਕੰਮਾਂ ਦੇ ਵਿਰੁੱਧ ₹ 0.05 ਕਰੋੜ; (v) ਖਰੜ: 53 ਕੰਮਾਂ ਦੇ ਵਿਰੁੱਧ ₹ 0.40 ਕਰੋੜ; ਅਤੇ ਖੰਨਾ: (vi) 48 ਕੰਮਾਂ ਦੇ ਵਿਰੁੱਧ ₹ 0.18 ਕਰੋੜ ।

ਟੈਂਡਰਾਂ ਦੀ ਮੰਗ ਕੀਤੀ (07 ਜੂਨ 2016) । ਟੈਂਡਰਾਂ ਨੂੰ 17 ਜੂਨ 2016 ਨੂੰ ਖੋਲ੍ਹਣਾ ਸੀ। ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਤਕਨੀਕੀ ਸਲਾਹਕਾਰ ਨੇ ਐਮ ਸੀ, ਜਲੰਧਰ ਨੂੰ ਸੂਚਨਾ ਦਿੱਤੀ (14 ਜੂਨ 2016) ਕਿ ਦੱਸੀ ਗਈ ਸੜ੍ਹਕ ਰਾਸ਼ਟਰੀ ਹਾਈਵੇਅ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਜੋ ਕਿ ਇਸ ਸੜ੍ਹਕ ਨੂੰ ਬਣਾਉਣ ਅਤੇ ਇਸਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਹੈ, ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ ਅਤੇ ਸਲਾਹ ਦਿੱਤੀ ਕਿ ਇਸ ਪ੍ਰਾਜੈਕਟ ਲਈ ਫੰਡਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਤੋਂ ਇਲਾਵਾ ਇਹ ਸਿਫਾਰਸ਼ ਵੀ ਕੀਤੀ ਗਈ ਕਿ ਮਾਮਲਾ ਐਨ ਐਚ ਏ ਆਈ ਕੋਲ ਉਠਾਇਆ ਜਾਵੇ ਅਤੇ ਅਕਤੂਬਰ 2016 ਤੋਂ ਪਹਿਲਾਂ ਕੰਮ ਮੁਕੰਮਲ ਕਰਵਾ ਲਿਆ ਜਾਵੇ। ਪ੍ਰੰਤੂ ਐਮ ਸੀ, ਜਲੰਧਰ ਨੇ ਐਨ ਐਚ ਏ ਆਈ ਨਾਲ ਮਾਮਲਾ ਉਠਾਉਣ ਦੀ ਬਜਾਏ ਅਨੁਮਾਨਤ ਲਾਗਤ ਤੋਂ 17.61 *ਪ੍ਰਤੀਸ਼ਤ* ਘੱਟ ਦਰ ਤੇ ਪੰਜ ਮਹੀਨਿਆਂ ਦੀ ਸਮਾਂ ਸੀਮਾਂ ਨਾਲ ਠੇਕੇਦਾਰ ਨੂੰ ਕੰਮ ਅਵਾਰਡ ਕਰ ਦਿੱਤਾ (12 ਸਤੰਬਰ 2016) ਅਤੇ ਕੀਤੇ ਗਏ ₹ 4.25 ਕਰੋੜ ਦੇ ਕੰਮ ਦੇ ਵਿਰੁੱਧ ਠੇਕੇਦਾਰ ਨੂੰ ₹ 2.64 ਕਰੋੜ ਦੀ ਅਦਾਇਗੀ ਕੀਤੀ (ਫਰਵਰੀ 2017)। ਇਸ ਦੇ ਨਤੀਜੇ ਵੱਜੋਂ ₹ 2.64 ਕਰੋੜ ਦਾ ਟਾਲਣਯੋਗ ਖਰਚਾ ਹੋਇਆ ਕਿਉਂਜੋ ਇਹ ਕੰਮ ਕੇਂਦਰੀ ਮੰਡਲ, ਜਲੰਧਰ ਪੀ ਡਬਲਿਊ ਡੀ (ਬੀ ਐਂਡ ਆਰ) ਦੁਆਰਾ ਐਨ ਐਚ ਏ ਆਈ ਅਧੀਨ ਫੰਡਾਂ ਤੋਂ ਕਰਵਾਇਆ ਜਾਣਾ ਸੀ।

ਵਿਭਾਗ ਤੋਂ ਕੰਮ ਨੂੰ ਮੁਕੰਮਲ ਕਰਨ ਦੀ ਸਥਿਤੀ ਬਾਰੇ ਪੁਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

**(ii)** ਇਸੇ ਤਰ੍ਹਾਂ, ਇੱਕ ਹੋਰ ਕੰਮ ਵਿੱਚ, ਐਮ ਸੀ, ਜਲੰਧਰ ਨੇ, ਨਕੋਦਰ ਸੜ੍ਹਕ ਤੇ ਜੋਤੀ ਚੌਂਕ ਤੋਂ ਅੰਬੇਦਕਰ ਚੌਂਕ ਤੱਕ 50 ਐਮ ਐਮ ਮੋਟਾਈ ਵਾਈ ਬਿਚੂਮਨ ਮੈਕਾਡਮ (ਬੀ ਐਮ) ਅਤੇ 20 ਐਮ ਐਮ ਮੋਟਾਈ ਵਾਲੀ ਪ੍ਰੀਮਿਕਸ ਕਾਰਪੈਟਿੰਗ (ਪੀ ਸੀ) ਵਿਛਾਉਣ ਦਾ ਕੰਮ ₹ 1.09 ਕਰੋੜ ਦੀ ਅਨੁਮਾਨਤ ਲਾਗਤ ਨਾਲ ਛੇ ਮਹੀਨੇ ਦੀ ਸਮਾਂ ਸੀਮਾਂ ਨਾਲ ਅਲਾਟ ਕੀਤਾ (ਮਾਰਚ 2015)। ਪ੍ਰੰਤੂ ₹ 0.39 ਕਰੋੜ ਦਾ ਖਰਚਾ ਕਰਨ ਉਪਰੰਤ ਇਹ ਕੰਮ ਇਸ ਅਧਾਰ ਤੇ ਬੰਦ ਕਰ ਦਿੱਤਾ ਗਿਆ (ਜੁਲਾਈ 2015) ਕਿ ਇਹ ਸੜ੍ਹਕ ਇੱਕ ਰਾਸ਼ਟਰੀ ਹਾਈਵੇਅ ਹੋਣ ਕਰਕੇ, ਇਸ ਦਾ ਕੰਮ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ) ਕੇਂਦਰੀ ਨਿਰਮਾਣ ਮੰਡਲ ਦੁਆਰਾ ਕੀਤਾ ਜਾਣਾ ਸੀ। ਐਮ ਸੀ ਜਲੰਧਰ ਨੇ ਕੰਮ ਦੀ ਯੋਜਨਾ ਬਣਾਉਣ ਸਮੇਂ ਨੈਸ਼ਨਲ ਹਾਈਵੇ ਵਾਲੀ ਸੜ੍ਹਕ ਨੂੰ ਕੰਮ ਦੀ ਅਲਾਟਮੈਂਟ (ਮਾਰਚ 2015) ਤੋਂ ਪਹਿਲਾਂ ਧਿਆਨ ਵਿੱਚ ਨਹੀਂ ਰੱਖਿਆ। ਇਸ ਦੇ ਨਤੀਜੇ ਵੱਜੋਂ ₹ 0.39 ਕਰੋੜ ਦਾ ਟਾਲਣਯੋਗ ਖਰਚਾ ਹੋਇਆ। ਐਮ ਸੀ, ਜਲੰਧਰ ਨੇ ਇਹ ਤੱਥ ਸਵੀਕਾਰ ਕੀਤਾ (ਜੂਨ 2017), ਪ੍ਰੰਤੂ ਇਸ ਡੈਵੀਏਸ਼ਨ ਦੇ ਕੋਈ ਕਾਰਣ ਨਹੀਂ ਦੱਸੇ ਗਏ ਸਨ।

ਵਿਭਾਗ ਤੋਂ ਪੀ ਡਬਲਿਊ ਡੀ ਨਾਲ ₹ 0.39 ਕਰੋੜ ਰਾਸ਼ੀ ਦੇ ਸਮਾਯੋਜਨ ਬਾਰੇ ਤਾਜਾ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.1.4.2 ਬਿਟੁਮਨ ਦੀ ਵੱਧ ਅਦਾਇਗੀ*

ਮੁੱਖ ਇੰਜੀਨੀਅਰ, ਨਗਰ ਨਿਗਮ, ਲੁਧਿਆਣਾ ਨੇ "ਕੈਨਾਲ ਬਰਿੱਜ ਤੋਂ ਸੀਨੀਅਰ ਸਿਟੀਜ਼ਨ ਹੋਮ ਅਤੇ ਐਮ ਸੀ ਨਰਸਰੀ ਤੋਂ ਓਰੀਐਂਟ ਸਿਨੇਮਾ ਚੌਂਕ (ਵਾਰਡ ਨੰ. 57) ਤੱਕ ਸੜ੍ਹਕਾਂ ਦੇ ਨਵੀਨੀਕਰਣ" ਦੇ ਕੰਮ (ਕੰਮ) ਦੀ ਤਕਨੀਕੀ ਮਨਜ਼ੂਰੀ ਇਸ ਸ਼ਰਤ ਤੇ ਦਿੱਤੀ (ਮਈ 2015) ਕਿ ਬਿਚੂਮਨ ਦੀਆਂ ਦਰਾਂ ਵਿਚਕਾਰ ਅੰਤਰ ਦੀ ਅਦਾਇਗੀ ਠੇਕੇਦਾਰ ਨੂੰ ਦਰਾਂ ਦੇ ਵਿਸ਼ਲੇਸ਼ਣ ਅਤੇ ਉਸ ਕੋਲੋਂ ਇਨਵਾਇਸਸ ਲੈਣ ਉਪਰੰਤ ਕੀਤੀ ਜਾਣੀ ਸੀ। ਇਸ ਅੰਤਰ ਦੀ ਅਦਾਇਗੀ ਕੰਮ ਦੀ

ਅਲਾਟਮੈਂਟ ਦੀ ਤਰੀਕ ਅਤੇ ਕੰਮ ਦੀ ਤਾਮੀਲ ਵੇਲੇ ਬਿਚੂਮਨ ਖਰੀਦਣ ਦੀ ਤਰੀਕ ਦੀ ਦਰ ਵਿਚਕਾਰ ਅੰਤਰ ਉੱਤੇ ਅਦਾ ਕੀਤੀ ਜਾਣੀ ਸੀ।

ਐਮ ਸੀ, ਲੁਧਿਆਣਾ ਦੇ ਰਿਕਾਰਡ ਦੀ ਨਮੂਨਾ ਜਾਂਚ (ਜੂਨ 2017) ਨੇ ਦਰਸਾਇਆ ਕਿ ਉਕਤ ਕੰਮ ਇੱਕ ਠੇਕੇਦਾਰ ਨੂੰ ਚਾਰ ਮਹੀਨੇ ਦੀ ਸਮਾਂ ਸੀਮਾਂ ਅਤੇ ₹ 2.46 ਕਰੋੜ ਦੀ ਅਨੁਮਾਨਿਤ ਲਾਗਤ ਨਾਲ ਅਲਾਟ ਕੀਤਾ ਗਿਆ ਸੀ (ਸਤੰਬਰ 2015)। ਵਿਭਾਗ ਨੇ ਠੇਕੇਦਾਰ ਨੂੰ ਬਿਚੂਮਨ ਦੀ ਖਰੀਦ ਲਈ ₹ 29.41 ਲੱਖ ਦੀ ਅਦਾਇਗੀ ਕੀਤੀ (ਨਵੰਬਰ 2015-ਫਰਵਰੀ 2017)। ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਵਿਭਾਗ ਨੇ ਬਿਚੂਮਨ ਦੀ ਅਦਾਇਗੀ ਠੇਕੇਦਾਰ ਵੱਲੋਂ ਖਰੀਦੀ (ਮਾਰਚ-ਜੂਨ 2015 ਵਿਚਕਾਰ) ਬਿਚੂਮਨ ਦੇ ਬਿਲਾਂ ਵਿਰੁੱਧ ਭਾਵ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਬਿਚੂਮਨ ਦੇ ਵਿਸ਼ਲੇਸ਼ਣ ਦੇ ਅਨੁਸਾਰ ਉਸ ਸਮੇਂ ਦੌਰਾਨ ਦਰ ਘੱਟ ਸੀ ਜਦੋਂ ਕਿ ਬਿਚੂਮਨ ਦਾ ਕੰਮ ਠੇਕੇਦਾਰ ਵਲੋਂ ਐਗਜ਼ੀਕਿਊਟ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਠੇਕੇਦਾਰ ਨੂੰ ₹ 4.25 ਲੱਖ ਦੀ ਵੱਧ ਅਦਾਇਗੀ ਹੋਈ ਜਿਵੇਂ ਕਿ **ਸਾਰਣੀ** 4.2 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.2: ਬਿਟੂਮਨ ਦੀਆਂ ਦਰਾਂ ਵਿੱਚ ਅੰਤਰ ਕਾਰਣ ਵੱਧ ਅਦਾਇਗੀ**

*(ਰਾਸ਼ੀ ₹ ਵਿੱਚ)*

| ਠੇਕੇਦਾਰ ਦੁਆਰਾ ਬਿਟੂਮਨ ਖਰੀਦਣ ਦੀ ਅਸਲ ਮਿਤੀ | ਬਿੱਲ ਅਨੁਸਾਰ ਦਰ (ਪ੍ਰਤੀ ਐਮ ਟੀ) | ਵਿਸ਼ਲੇਸ਼ਣ ਦਰ (ਪ੍ਰਤੀ ਐਮ ਟੀ) | ਅੰਤਰ | ਮਾਤਰਾ (ਮੀਟ੍ਰਿਕ ਟਨ ਵਿੱਚ) | ਜੋੜ |
|---|---|---|---|---|---|
| 12-06-2015 | 42,544 | 35,883 | 6,661 | 18.555 | 1,23,595 |
| 08-06-2015 | 42,544 | 35,883 | 6,661 | 18.910 | 1,25,960 |
| 05-06-2015 | 42,544 | 35,883 | 6,661 | 13.495 | 89,890 |
| 14-03-2015 | 40,353 | 35,883 | 4,470 | 19.160 | 85,645 |
| **ਜੋੜ** | | | | | **4,25,090** |

*ਸ੍ਰੋਤ: ਵਿਭਾਗੀ ਡਾਟਾ*

ਨਗਰ ਨਿਗਮ, ਲੁਧਿਆਣਾ ਨੇ ਕਿਹਾ (ਜੂਨ 2017) ਕਿ ਠੇਕੇਦਾਰ ਨੂੰ ਅਦਾਇਗੀ ਠੇਕੇ ਦੇ ਇਕਰਾਰਨਾਮੇ ਦੀ ਧਾਰਾ ਅਨੁਸਾਰ ਬਿਚੂਮਨ ਦੇ ਅਸਲੀ ਬਿਲ ਪੇਸ਼ ਕਰਨ ਦੇ ਅਧਾਰ ਤੇ ਕੀਤੀ ਗਈ ਸੀ। ਹਾਲਾਂਕਿ, ਇਕਰਾਰਨਾਮੇ ਵਿੱਚ ਅਜਿਹੀ ਕੋਈ ਧਾਰਾ ਲੇਖਾ ਪ੍ਰੀਖਿਆ ਨੂੰ ਨਹੀਂ ਦਿਖਾਈ ਗਈ ਸੀ। ਜਿਸਦੀ ਅਣਹੋਂਦ ਵਿੱਚ, ਕੰਮ ਦੀ ਅਲਾਟਮੈਂਟ ਤੋਂ ਪਹਿਲਾਂ ਦੀ ਮਿਆਦ ਦੇ ਬਿੱਲਾਂ ਦੇ ਅਧਾਰ ਤੇ ਠੇਕੇਦਾਰ ਨੂੰ ਬਿਚੂਮਨ ਦੀਆਂ ਦਰਾਂ ਵਿੱਚ ਅੰਤਰ ਦੇ ਕਾਰਣ ਭੁਗਤਾਨ ਨੂੰ ਜਾਇਜ ਠਹਿਰਾਇਆ ਗਿਆ ਸੀ।

ਵਿਭਾਗ ਤੋਂ ਉੱਤਰ/ਕੀਤੀ ਕਾਰਵਾਈ ਦੇ ਸਬੰਧ ਵਿੱਚ ਪੁੱਛਿਆ ਗਿਆ ਸੀ (ਫਰਵਰੀ 2021): ਉੱਤਰ ਦੀ ਉਡੀਕ ਸੀ (ਅਗਸਤ 2021)।

### *4.1.4.3 ਐਮ-40 ਇੰਟਰਲਾਕਿੰਗ ਟਾਇਲਾਂ ਦੀ ਅਨਿਯਮਿਤ ਲਗਵਾਈ*

ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਨੇ ਆਦੇਸ਼ ਦਿੱਤੇ (ਅਪ੍ਰੈਲ 2013) ਕਿ ਐਮ-35 ਇੰਟਰਲੋਕਿੰਗ ਟਾਇਲਜ਼ ਦੀ ਵਰਤੋਂ ਹਲਕੇ ਟ੍ਰੈਫਿਕ ਖੇਤਰ[6] ਵਿੱਚ ਕੀਤੀ ਜਾਵੇਗੀ ਭਾਵ ਜਿੱਥੇ 30 ਕਿਲੋ ਨਿਊਟਨ (ਕੇ ਐਨ) ਤੋਂ ਵੱਧ ਜਾਂ ਇਸ ਦੇ ਬਰਾਬਰ ਦੀ ਲਦਾਈ ਵਾਲੀਆਂ 0.5 ਮਿਲਿਅਨ

6 ਪੈਦਲ ਚੱਲਣ ਵਾਲੇ ਪਲਾਜ਼ਾ, ਸ਼ਾਪਿੰਗ ਕੰਪਲੈਕਸ, ਰੈਂਪ, ਕਾਰ ਪਾਰਕ, ਦਫਤਰ ਡਰਾਈਵਵੇਅ, ਹਾਊਸਿੰਗ ਕਲੋਨੀਆਂ, ਦਫਤਰ ਕੰਪਲੈਕਸ, ਘੱਟ ਮਾਤਰਾ ਵਾਲੇ ਆਵਾਜਾਈ ਵਾਲੇ ਖੇਤਰ ਵਾਲੀਆਂ ਪੇਂਡੂ ਸੜਕਾਂ, ਫਾਰਮ ਹਾਊਸ, ਬੀਚ ਸਾਈਨਸ, ਰਿਹਾਇਸ਼ੀ ਸੜਕਾਂ ਆਦਿ।

ਸਟੈਂਡਰਡ ਐਕਸਲ (ਐਮ ਐਸ ਏ)[7] ਤੱਕ ਦੀ, 20 ਸਾਲ ਤੱਕ ਦੀ ਮਿਆਦ ਵਾਲੀਆਂ 150 ਤੱਕ ਦੀ ਗਿਣਤੀ ਦੀਆਂ ਗੱਡੀਆਂ ਦੀ ਆਵਾਜਾਈ ਹੋਵੇ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ (ਜੂਨ 2017) ਕਿ ਦੋ ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ (ਐਮ ਸੀਜ਼, ਅੰਮ੍ਰਿਤਸਰ ਅਤੇ ਖੰਨਾ) ਵਿੱਚ ਪਾਰਕਿੰਗ ਖੇਤਰ ਅਤੇ ਹਲਕੀ ਆਵਾਜਾਈ ਵਾਲੇ ਖੇਤਰ ਦੇ ਵਿਕਾਸ ਲਈ ਗਲੀਆਂ ਦੇ ਦੋ ਨਿਰਮਾਣ ਕਾਰਜਾਂ ਦੇ ਸਬੰਧ ਵਿੱਚ ਐਮ-35 ਦੀ ਬਜਾਏ ਐਮ-40 ਇੰਟਰਲਾਕਿੰਗ ਟਾਇਲਾਂ ਦੀ ਵਰਤੋਂ ਕੀਤੀ ਗਈ ਸੀ। ਇਸ ਦੇ ਨਤੀਜੇ ਵੱਜੋਂ ₹ 10.05 ਲੱਖ ਦੀ ਵੱਧ ਅਦਾਇਗੀ ਹੋਈ, ਜਿਵੇਂ ਕਿ **ਸਾਰਣੀ** 4.3 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.3: ਇੰਟਰਲੋਕਿੰਗ ਟਾਇਲਾਂ ਦੇ ਅਨਿਯਮਿਤ ਲਗਾਉਣ ਕਾਰਣ ਕੀਤੀ ਵੱਧ ਅਦਾਇਗੀ**

*(ਰਾਸ਼ੀ ₹ ਵਿੱਚ)*

| ਨਗਰ ਨਿਗਮ/ਕੌਂਸਲ | ਕੰਮ ਦਾ ਨਾਂਅ | ਐਗਜ਼ੀਕਿਊਟ ਕੀਤੀ ਮਾਤਰਾ | ਐਮ-40 ਟਾਇਲਾਂ ਦੀ ਪ੍ਰਤੀ ਵਰਗ ਮੀ. ਦਰ (ਅਸਲ ਵਿੱਚ ਅਦਾ ਕੀਤੀ ਗਈ) | ਐਮ-35 ਟਾਇਲਾਂ ਦੀ ਪ੍ਰਤੀ ਵਰਗ ਮੀ. ਦਰ | ਅੰਤਰ | ਜੋੜ |
|---|---|---|---|---|---|---|
| ਅੰਮ੍ਰਿਤਸਰ | ਵਾਰਡ ਨੰ. 50 ਵਿੱਚ ਇੰਟਰਲਾਕਿੰਗ ਟਾਇਲਾਂ ਨਾਲ ਸੜ੍ਹਕਾਂ ਦੀ ਉਸਾਰੀ ਅਤੇ ਚੌੜਾ ਕਰਨਾ | 2,867.18 | 920.15 | 623.58 | 296.57 | 8,50,320 |
| ਖੰਨਾ | ਰੇਲਵੇ ਕਰਾਸਿੰਗ ਵਾਰਡ ਨੰ. 7 ਵਿੱਚ ਇੰਟਰਲਾਕਿੰਗ ਟਾਇਲਾ ਦੀ ਵਿਵਸਥਾ ਕਰਨਾ ਤੇ ਲਗਾਉਣਾ | 948.99 | 786.69 | 623.58 | 163.11 | 1,54,,790 |
| **ਜੋੜ** | | | | | | **10,05,110** |

*ਸ੍ਰੋਤ: ਵਿਭਾਗੀ ਡਾਟਾ*

ਐਮ ਸੀ, ਅੰਮ੍ਰਿਤਸਰ ਨੇ ਕਿਹਾ (ਅਗਸਤ 2017) ਕਿ ਇਨ੍ਹਾਂ ਗਲੀਆਂ ਤੇ ਆਵਾਜਾਈ ਦੀ ਮਿਕਦਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਐਮ-40 ਇੰਟਰਲਾਕਿੰਗ ਟਾਇਲਾਂ ਤੇ ਅਧਾਰਿਤ ਅਨੁਮਾਨ ਬਣਾਏ ਗਏ ਸਨ, ਜਦੋਂ ਕਿ ਐਮ ਸੀ, ਖੰਨਾ ਨੇ ਭਵਿੱਖ ਲਈ ਨੁਕਤਾ ਨੋਟ ਕਰ ਲਿਆ ਸੀ (ਜੂਨ 2017)। ਐਮ ਸੀ, ਅੰਮ੍ਰਿਤਸਰ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ (ਅਪ੍ਰੈਲ 2013) ਵਿੱਚ ਇਹ ਨਿਰਧਾਰਣ ਕੀਤਾ ਗਿਆ ਸੀ ਕਿ ਪਾਰਕਿੰਗ ਖੇਤਰਾਂ (ਹਲਕਾ ਟ੍ਰੈਫਿਕ ਖੇਤਰ) ਦੇ ਮਾਮਲਿਆਂ ਵਿੱਚ ਐਮ-35 ਇੰਟਰਲਾਕਿੰਗ ਟਾਇਲਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ, ਅਗਰ ਕੋਈ ਹੋਵੇ, ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

---

[7] ਇੱਕ ਸਟੈਂਡਰਡ ਐਕਸਲ ਨੂੰ ਸਿੰਗਲ ਐਕਸਲ ਲੋਡ 81.6 ਕੇ ਐਨ ਵੱਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

### *4.1.4.4 ਗੈਰ-ਲਾਭਦਾਇਕ ਖਰਚਾ*

(i) ਪੰਜਾਬ ਲੋਕ ਨਿਰਮਾਣ ਵਿਭਾਗ ਦੇ ਕੋਡ ਦਾ ਨਿਯਮ 2.89 ਵਿਵਸਥਾ ਕਰਦਾ ਹੈ ਕਿ ਉਦੋਂ ਤੱਕ ਕੋਈ ਵੀ ਕੰਮ ਸ਼ੁਰੂ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਚਿਤ ਵੇਰਵੇ ਸਹਿਤ ਡਿਜ਼ਾਈਨ ਅਤੇ ਅਨੁਮਾਨ ਦੀ ਮਨਜ਼ੂਰੀ ਨਾ ਹੋਵੇ, ਫੰਡਾਂ ਦੀ ਅਲਾਟਮੈਂਟ ਨਾ ਕੀਤੀ ਗਈ ਹੋਵੇ ਅਤੇ ਸਮਰੱਥ ਅਧਿਕਾਰੀ ਵੱਲੋਂ ਇਸ ਨੂੰ ਸ਼ੁਰੂ ਕਰਨ ਦੇ ਹੁਕਮ ਜਾਰੀ ਨਾ ਕੀਤੇ ਗਏ ਹੋਣ। ਇਸ ਤੋਂ ਇਲਾਵਾ ਸਬੰਧਤ ਵਿਭਾਗ ਤੋਂ ਕੰਮ ਦੇ ਸਮੇਂ ਸਿਰ ਪੂਰਾ ਕੀਤੇ ਜਾਣ ਸਬੰਧੀ ਅਤੇ ਚਿਤਵੇ ਲਾਭ ਲੈਣ ਲਈ ਨੋ ਆਬਜੈਕਸ਼ਨ ਸਰਟੀਫਿਕੇਟ (ਐਨ ਓ ਸੀ) ਲੈਣ ਉਪਰੰਤ ਕੰਮ ਅਲਾਟ ਕਰਨਾ ਚਾਹੀਦਾ ਹੈ।

ਨਗਰ ਨਿਗਮ, ਜਲੰਧਰ (ਜੂਨ 2017) ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ₹ 41.68 ਲੱਖ ਦੀ ਰਾਸ਼ੀ ਦੇ ਦੋ ਕੰਮ ਅਵਾਰਡ ਕੀਤੇ ਗਏ ਸਨ, ₹ 6..57 ਲੱਖ ਦਾ ਖਰਚਾ ਕਰਨ ਉਪਰੰਤ ਜੰਗਲਾਤ ਵਿਭਾਗ ਤੋਂ ਮਨਜੂਰੀ ਨਾ ਮਿਲਣ ਕਾਰਣ ਬੰਦ ਕਰ ਦਿੱਤੇ ਗਏ ਸਨ, ਜਿਵੇਂ ਕਿ **ਸਾਰਣੀ** 4.4 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.4: ਪ੍ਰਭਾਵੀ ਕਲੀਅਰੈਂਸ ਅਤੇ ਢੁਕਵੇਂ ਅਧਿਕਾਰ ਖੇਤਰ ਤੋਂ ਬਗੈਰ ਕੀਤੇ ਕੰਮਾਂ ਦਾ ਵੇਰਵਾ**

*(₹ ਲੱਖਾਂ ਵਿੱਚ)*

| ਲੜੀ ਨੰ. | ਕੰਮ ਦਾ ਨਾਂਅ | ਅਨੁਮਾਨਿਤ ਲਾਗਤ | ਕੰਮ ਸ਼ੁਰੂ ਹੋਣ/ਪੂਰਾ ਹੋਣ ਦੀ ਮਿਤੀ | ਜਿਸ ਮਿਤੀ ਨੂੰ ਕੰਮ ਬੰਦ ਹੋਇਆ/ਦੇਰੀ | ਕੀਤਾ ਖਰਚਾ | ਯੂ ਐਲ ਬੀਜ਼ ਵੱਲੋਂ ਦੱਸੇ ਕਾਰਣ |
|---|---|---|---|---|---|---|
| **ਨਗਰ ਨਿਗਮ, ਜਲੰਧਰ** | | | | | | |
| 1. | ਬੀ ਐਸ ਐਫ ਚੌਂਕ ਤੋਂ ਖਾਲਸਾ ਕਾਲਜ ਆਰ ਓ ਬੀ ਰੇਲਵੇ ਕਰਾਸਿੰਗ ਖੱਬੇ ਪਾਸੇ (ਐਲ ਐਚ ਐਸ) ਤੱਕ ਜੀ ਟੀ ਰੋਡ ਤੇ ਸਰਵਿਸ ਲੇਨ ਦਾ ਨਿਰਮਾਣ | 20.83 | 25.07.2011/ 25.11.2011 (4 ਮਹੀਨੇ) | 14.11.2014 (35 ਮਹੀਨੇ) | 3.19 | ਜੰਗਲਾਤ ਵਿਭਾਗ ਤੋਂ ਮੰਨਜੂਰੀ ਨਾ ਮਿਲਣ ਕਾਰਣ ਕੰਮ ਬੰਦ ਕਰ ਦਿੱਤਾ ਗਿਆ। |
| 2. | ਬੀ ਐਸ ਐਫ ਚੌਂਕ ਤੋਂ ਖਾਲਸਾ ਕਾਲਜ ਆਰ ਓ ਬੀ ਰੇਲਵੇ ਕਰਾਸਿੰਗ ਸੱਜੇ ਪਾਸੇ (ਆਰ ਐਚ ਐਸ) ਵਾਟਰ ਬੌਂਡ ਮੈਕਾਡਮ (ਡਬਲਿਊ ਬੀ ਐਮ) ਭਾਗ- । ਤੱਕ ਜੀ ਟੀ ਰੋਡ ਤੇ ਸਰਵਿਸ ਲੇਨ ਦਾ ਨਿਰਮਾਣ | 20.85 | 25.07.2011/ 25.11.2011 (4 ਮਹੀਨੇ) | 14.11.2014 (35 ਮਹੀਨੇ) | 3.38 | |

*ਸ੍ਰੋਤ: ਵਿਭਾਗੀ ਡਾਟਾ*

ਐਮ ਸੀ, ਜਲੰਧਰ ਨੇ ਕਿਹਾ (ਜੂਨ 2017) ਕਿ ਐਮ ਸੀ ਹਾਊਸ ਵੱਲੋਂ ਪਾਸ ਕੀਤੇ ਮਤੇ ਅਨੁਸਾਰ ਉੱਚ ਅਧਿਕਾਰੀਆ ਦੀਆਂ ਹਦਾਇਤਾਂ ਤੇ ਕੰਮਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ। ਐਮ ਸੀ, ਜਲੰਧਰ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਐਮ ਸੀ, ਜਲੰਧਰ ਨੂੰ ਵਣ ਵਿਭਾਗ ਤੋਂ ਲੋੜੀਂਦਾ ਐਨ ਓ ਸੀ ਲੈ ਲੈਣਾ ਚਾਹੀਦਾ ਸੀ। ਇਸਦੇ ਨਤੀਜੇ ਵਜੋਂ ਨਾ ਸਿਰਫ ₹ 6.57 ਲੱਖ ਦਾ ਗੈਰ-ਲਾਭਦਾਇਕ ਖਰਚਾ ਹੋਇਆ, ਸਗੋਂ ਆਮ ਲੋਕਾਂ ਨੂੰ ਸਹੂਲਤਾਂ ਦੇਣ ਤੋਂ ਵੀ ਵਾਝਾਂ ਰੱਖਿਆ ਗਿਆ।

**(ii)** ਨਗਰ ਕੌਂਸਲ, ਜ਼ੀਰਕਪੁਰ (ਜੁਲਾਈ 2017) ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਵਾਰਡ ਨੰਬਰ 2 ਵਿੱਚ ਪ੍ਰੀਮਿਕਸ ਪਾਉਣ ਦਾ ਕੰਮ ਮਈ 2015 ਵਿੱਚ ₹ 48.25 ਲੱਖ ਅਵਾਰਡ ਦਾ ਕੰਮ ₹ 17.21 ਲੱਖ ਖਰਚ ਕਰਕੇ ਰੋਕ ਦਿੱਤਾ ਸੀ, ਜਿਵੇਂ ਕਿ ਵਿਭਾਗ ਨੇ ਦੇਖਿਆ ਕਿ ਕੰਮ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਵਲੋਂ ਕਰਵਾਇਆ ਜਾਣਾ ਸੀ। ਹਾਲਾਂਕਿ, ਇਹ ਦੇਖਿਆ ਗਿਆ ਕਿ ਗਮਾਡਾ ਨੂੰ ਨਾਂ ਤਾਂ ਕੰਮ ਨੂੰ ਚਲਾਉਣ ਲਈ ਫੰਡ ਜਾਰੀ ਕੀਤੇ ਗਏ ਸਨ ਅਤੇ ਨਾ ਹੀ ਗਮਾਡਾ ਦੁਆਰਾ ਕੰਮ ਕੀਤਾ ਗਿਆ (ਦਸੰਬਰ 2017)। ਇਸਦੇ ਨਤੀਜੇ ਵਜੋਂ ₹ 17.21 ਲੱਖ ਦਾ ਗੈਰ-ਲਾਭਦਾਇਕ ਖਰਚਾ ਹੋਇਆ।

ਵਿਭਾਗ ਤੋਂ ਤਿੰਨੇ ਕੰਮਾਂ ਦੀ ਤਾਜਾ ਸਥਿਤੀ ਜਿਸ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.1.4.5 ਮਿੱਟੀ ਦੇ ਕੰਮ ਦੀ ਮਿਣਤੀ ਨਾ ਕਰਵਾਉਣਾ*

ਲੋਕ ਨਿਰਮਾਣ ਵਿਭਾਗ ਦੇ ਸਪੈਸੀਫਿਕੇਸ਼ਨ ਨੰ. 6.2 ਦਾ ਪੈਰ੍ਹਾ 26 (ਬੀ) ਵਿਵਸਥਾ ਕਰਦਾ ਹੈ ਕਿ ਧਰਾਤਲ ਦੇ ਪੱਧਰ ਨੂੰ ਪੂਰਨ ਲਈ ਮਿੱਟੀ ਦਾ ਕੰਮ ਕਰਨ ਵੇਲੇ, ਕੰਮ ਮੁਕੰਮਲ ਹੋਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਪੱਧਰ ਦੀ ਮਿਣਤੀ ਕਰਨੀ ਹੋਵੇਗੀ ਤਾਂ ਜੋ ਮਿੱਟੀ ਦੇ ਕੰਮ ਲਈ ਹੋਈ ਖੁਦਾਈ ਦੀ ਪੈਮਾਇਸ਼ ਕੀਤੀ ਜਾ ਸਕੇ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ (ਜੂਨ 2017) ਕਿ ਧਰਮਕੋਟ ਅਤੇ ਗੜ੍ਹਸ਼ੰਕਰ ਦੋ ਨਗਰ ਕੌਂਸਲਾਂ ਵਿੱਚ, ਮਾਰਚ-ਅਕਤੂਬਰ 2016 ਦੌਰਾਨ ਮਿੱਟੀ ਨਾਲ ਭਰਾਈ ਕਰਨ ਲਈ ਤਿੰਨ ਕੰਮਾਂ[8] ਨਾਲ ਸਬੰਧਤ ₹ 3.87 ਲੱਖ ਦੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਸੀ। ਪ੍ਰੰਤੂ ਭਰਾਈ ਦੀ ਡੂੰਘਾਈ ਦਰਸਾਉਣ ਲਈ, ਕੰਮ ਦੇ ਮੁਕੰਮਲ ਹੋਣ ਤੋਂ ਪਹਿਲਾਂ ਅਤੇ ਬਾਅਦ ਦੇ ਧਰਾਤਲ ਪੱਧਰ ਬਾਰੇ ਕੋਈ ਵੀ ਇੰਦਰਾਜ ਪੈਮਾਇਸ਼ -ਬੁੱਕ ਵਿੱਚ ਨਹੀਂ ਕੀਤੇ ਗਏ ਸਨ।

ਸਬੰਧਤ ਸ਼ਹਿਰੀ ਸਥਾਨਕ ਸੰਸਥਾਵਾਂ ਨੇ ਭਵਿੱਖ ਵਿੱਚ ਪਾਲਣਾ ਕਰਨ ਲਈ ਨੁਕਤਾ ਨੋਟ ਕਰ ਲਿਆ ਸੀ (ਜੂਨ 2017)। ਵਿਭਾਗ ਤੋਂ ਬਾਅਦ ਦਾ ਉੱਤਰ/ਕੀਤੀ ਕਾਰਵਾਈ ਦਾ ਇੰਤਜਾਰ ਸੀ (ਅਗਸਤ 2021)।

### *4.1.4.6 ਟੈਕ ਕੋਟ ਦੀ ਟਾਲਣਯੋਗ ਅਦਾਇਗੀ*

ਸੜ੍ਹਕੀ ਆਵਾਜਾਈ ਅਤੇ ਹਾਈਵੇਜ਼ ਦੇ ਮੰਤਰਾਲੇ (ਐਮ ਓ ਆਰ ਟੀ ਐਚ) ਦੇ ਦਿਸ਼ਾ-ਨਿਰਦੇਸ਼ਾਂ ਦੀ ਧਾਰਾ 503.4.3 ਨਿਰਧਾਰਤ ਕਰਦੀ ਹੈ ਕਿ ਜਿੱਥੇ ਓਵਰਲੇਅ ਰਸੀਵ ਕਰਨ ਦਾ ਮੈਟੀਰੀਅਲ ਤਾਜ਼ੀ ਪਾਈ ਗਈ ਬਿਚੂਮਨਜ਼ ਲੇਅਰ ਹੋਵੇ ਜੋ ਕਿ ਟ੍ਰੈਫਿਕ ਲਈ ਨਾ ਵਰਤੀ ਗਈ ਹੋਵੇ ਜਾਂ ਮਿੱਟੀ ਘੱਟੇ ਨਾਲ ਖਰਾਬ ਨਾ ਹੋਈ ਹੋਵੇ ਅਤੇ ਜਿੱਥੇ ਓਵਰਲੇਅ ਦੋ ਦਿਨਾਂ ਵਿੱਚ ਮੁਕੰਮਲ ਕੀਤਾ ਗਿਆ ਹੋਵੇ, ਉੱਥੇ ਟੈਕ-ਕੋਟ ਲਾਜ਼ਮੀ ਨਹੀਂ ਹੈ।

ਨਮੂਨਾ ਜਾਂਚ ਕੀਤੀਆਂ ਦਸ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚੋਂ ਤਿੰਨ ਵਿੱਚ ਲੇਖਾ ਪ੍ਰੀਖਿਆ ਦੌਰਾਨ ਧਿਆਨ ਵਿੱਚ ਆਇਆ (ਜੂਨ-ਅਗਸਤ 2017) ਐਮ ਸੀਜ਼ ਅੰਮ੍ਰਿਤਸਰ ਖਰੜ ਅਤੇ ਧਰਮਕੋਟ

---

[8] ਐਮ ਸੀ ਧਰਮਕੋਟ: (i) ਜ਼ੋਨ-ਏ ਵਿੱਚ ਦਸ਼ਮੇਸ਼ ਨਗਰ ਵਿੱਚ ਗਲੀਆਂ ਦਾ ਨਿਰਮਾਣ (₹ 0.83 ਲੱਖ); (ii) ਏ ਡੀ ਕਾਲਜ ਦੇ ਨੇੜੇ ਨਾਨਕ ਦਾਸ ਕਲੋਨੀ ਦੇ ਪਿਛਵਾੜੇ ਐਲ ਟਾਈਪ ਗਲੀਆਂ ਅਤੇ ਨਾਲੀਆਂ ਦਾ ਨਿਰਮਾਣ (₹1.04 ਲੱਖ); ਅਤੇ ਐਮ ਸੀ ਗੜ੍ਹਸ਼ੰਕਰ (iii) ਵਾਰਡ ਨੰ. 8 ਤਰਸੇਮ ਲਾਲ ਦੇ ਘਰ ਤੋਂ ਅਸ਼ੋਕ ਕੁਮਾਰ ਦੇ ਘਰ ਤੱਕ 60 ਐਮ ਐਮ ਇੰਟਰਲਾਕਿੰਗ ਟਾਇਲਾਂ ਦੀ ਵਿਵਸਥਾ ਕਰਨੀ ਅਤੇ ਲਗਾਉਣਾ (ਪੀ/ਐਲ) (₹ 2 ਲੱਖ)।

ਵਿੱਚ ਫਰਵਰੀ 2014 ਅਤੇ ਮਾਰਚ 2016 ਵਿਚਕਾਰ ਕੀਤੇ ਸੱਤ ਕੰਮਾਂ ਦੇ ਸਬੰਧ ਵਿੱਚ ਬਿਚੂਮਨ ਮੇਕਾਡਮ ਅਤੇ ਸੈਮੀ ਡੈਂਸ ਬਿਚੂਮਨ ਕੰਕਰੀਟ ਜਾਂ ਤਾਂ ਉਸੇ ਦਿਨ ਜਾਂ ਅਗਲੇ ਦਿਨ ਵਿਛਾਏ ਗਏ ਸਨ। ਜਦੋਂਕਿ ਉਕਤ ਨਿਯਮਾਂ ਦੀ ਉਲੰਘਣਾ ਵਿੱਚ ਟੈਕ ਕੋਟ ਦੀ ਇੱਕ ਪਰਤ ਵੀ ਵਿਛਾਈ ਗਈ ਸੀ। ਇਸ ਦੇ ਨਤੀਜੇ ਵੱਜੋਂ ₹ 15.23 ਲੱਖ[9] ਦੀ ਰਾਸ਼ੀ ਦਾ ਟਾਲਣਯੋਗ ਖਰਚਾ ਹੋਇਆ।

ਐਮ ਸੀਜ਼, ਅੰਮ੍ਰਿਤਸਰ ਨੇ ਦੱਸਿਆ (ਅਗਸਤ 2017) ਅਤੇ ਖਰੜ (ਜੁਲਾਈ 2017) ਕਿ ਭੁਗਤਾਨ ਅਨੁਮਾਨਾਂ ਦੇ ਅਨੁਸਾਰ ਅਸਲ ਕੀਤੇ ਕੰਮ ਦੇ ਹਿਸਾਬ ਨਾਲ ਕੀਤਾ ਗਿਆ ਸੀ ਜਦੋਂਕਿ ਐਮ ਸੀ, ਧਰਮਕੋਟ ਨੇ ਲੇਖਾ ਪ੍ਰੀਖਿਆ ਟਿੱਪਣੀ ਨੂੰ ਭਵਿੱਖ ਵਿੱਚ ਪਾਲਣਾ ਲਈ ਨੋਟ ਕਰ ਲਿਆ (ਜੂਨ 2017)। ਐਮ ਸੀਜ਼, ਅੰਮ੍ਰਿਤਸਰ ਅਤੇ ਖਰੜ ਦੇ ਉੱਤਰ ਮੰਨਣਯੋਗ ਨਹੀਂ ਸਨ ਕਿਉਂਕਿ ਟੈਕ-ਕੋਟਾਂ ਦੇ ਭੁਗਤਾਨ ਐਮ ਓ ਆਰ ਟੀ ਐਚ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਕੀਤੇ ਗਏ ਸਨ।

### *4.1.4.7 ਮਤੇ ਤੋਂ ਬਿਨਾਂ ਕੰਮ ਕਰਵਾਉਣਾ*

ਪੰਜਾਬ ਨਗਰ ਨਿਗਮ ਐਕਟ, 1976 ਦਾ ਅਨੁਭਾਗ 42 ਵਿਵਸਥਾ ਕਰਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ (ਐਫ ਐਂਡ ਸੀ ਸੀ) ਨਿਗਮ ਦੇ ਲਈ ਜਾਂ ਇਸ ਦੇ ਵੱਲੋਂ ਕੀਤੇ ਜਾਂਦੇ ਠੇਕਿਆਂ ਦੇ ਸਬੰਧ ਵਿੱਚ ਨਿਗਮ ਦੀਆਂ ਸਾਰੀਆਂ ਸ਼ਕਤੀਆਂ ਵਰਤੇਗੀ। ਅੱਗੇ ਪੀ ਐਮ ਸੀ ਐਕਟ ਦਾ ਅਨੁਭਾਗ 76 ਵਿਵਸਥਾ ਕਰਦਾ ਹੈ ਕਿ ਨਿਗਮ ਵੱਲੋਂ ਜਾਂ ਉਸ ਦੇ ਲਈ ਸਰਕਾਰ ਪਾਸੋਂ ਜਾਂ ਕਿਸੇ ਵੀ ਵਿਅਕਤੀ ਪਾਸੋਂ ਗ੍ਰਾਂਟ ਜਾਂ ਜਮ੍ਹਾਂ ਰਾਸ਼ੀ ਵੱਜੋਂ ਪ੍ਰਾਪਤ ਕੀਤਾ ਸਾਰਾ ਪੈਸਾ ਐਮ ਸੀ ਫੰਡ ਦਾ ਹਿੱਸਾ ਬਣੇਗਾ। ਪੰਜਾਬ ਨਗਰਪਾਲਿਕਾ ਐਕਟ, 1911 ਦਾ ਅਨੁਭਾਗ 46 ਵਿਵਸਥਾ ਕਰਦਾ ਹੈ ਕਿ ਕਿਸੇ ਵੀ ਕਮੇਟੀ ਦੁਆਰਾ ਜਾਂ ਉਸ ਦੇ ਵੱਲੋਂ ਅਜਿਹਾ ਕੋਈ ਠੇਕਾ ਇਕਰਾਰਨਾਮਾ ਜਿਸ ਵਿੱਚ ਮੁੱਲ ਜਾਂ ਰਾਸ਼ੀ ਪੰਜ ਸੌ ਰੁਪਏ ਤੋਂ ਵੱਧ ਹੋਵੇ, ਕਮੇਟੀ ਦੀ ਮੀਟਿੰਗ ਵਿੱਚ ਮਨਜ਼ੂਰੀ ਤੋਂ ਬਗੈਰ ਨਹੀਂ ਕੀਤਾ ਜਾਵੇਗਾ

10 ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵਿੱਚੋਂ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਐਮ ਸੀਜ਼ ਅੰਮ੍ਰਿਤਸਰ, ਖਰੜ ਅਤੇ ਜੀਰਕਪੁਰ; ਅਤੇ ਨਗਰ ਪੰਚਾਇਤ ਨਡਾਲਾ ਵਿਚੋਂ ਉਕਤ ਉਪਬੰਧਾਂ ਦੀ ਉਲੰਘਣਾ ਵਿੱਚ ਸਮਰੱਥ ਅਧਿਕਾਰੀ ਦੀ ਮਨਜ਼ੂਰੀ ਤੋਂ ਬਗੈਰ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਦੁਆਰਾ ਦਿੱਤੇ ਫੰਡ ਵਿੱਚੋਂ, ਪੰਜਾਬ ਸ਼ਹਿਰੀ ਮਿਸ਼ਨ ਅਧੀਨ, 2016-17 ਦੌਰਾਨ ₹ 11.04 ਕਰੋੜ[10] ਦੀ ਅਨੁਮਾਨਤ ਲਾਗਤ ਨਾਲ 12 ਕੰਮ ਕਰਵਾਏ ਸਨ।

---

9 ਐਮ ਸੀ ਅੰਮ੍ਰਿਤਸਰ: (i)ਟਰੱਕ ਸਟੈਂਡ ਸਕੀਮ ਅਧੀਨ ਬੀ ਐਮ/ਐਸ ਡੀ ਬੀ ਸੀ ਵਿਛਾਉਣਾ ਅਤੇ ਸੜ੍ਹਕਾਂ ਦਾ ਅਪਗ੍ਰੇਡੇਸ਼ਨ (₹ 5.75 ਲੱਖ); (ii) ਬਸੰਤ ਐਵਨਿਊ 1 ਵਾਰਡ ਨ. 8 ਅਤੇ 9 ਦੀਆਂ ਸੜ੍ਹਕਾਂ ਦੀਆਂ ਮੁੱਖ ਸ਼ਾਖਾਵਾਂ ਵਿੱਚ ਬੀ ਐਮ ਅਤੇ ਐਸ ਡੀ ਬੀ ਸੀ ਦੀ ਵਿਵਸਥਾ ਕਰਨੀ ਅਤੇ ਵਿਛਾਉਣਾ (ਪੀ/ਐਲ) (₹4.64 ਲੱਖ); (iii) ਅਬਾਦੀ ਦਿਲਬਾਗ ਨਗਰ, ਅਬਾਦੀ ਕੋਟ ਕਰਨੈਲ ਸਿੰਘ, ਐਮ ਸੀ ਏ ਡਿਸਪੈਂਸਰੀ ਵਾਲੀ ਪਾਰਕ, ਸੁਲਤਾਨ ਵਿੰਡ ਵਿੱਚ ਸੜ੍ਹਕ ਉੱਤੇ 50 ਐਮ ਐਮ ਮੋਟੀ ਬੀ ਐਮ ਅਤੇ 25 ਐਮ ਐਮ ਮੋਟੀ ਐਸ ਡੀ ਬੀ ਸੀ ਦੀ ਵਿਵਸਥਾ ਕਰਨੀ ਅਤੇ ਲਗਾਉਣਾ (₹ 0.48 ਲੱਖ); ਐਮ ਸੀ ਖਰੜ (iv) ਵਾਰਡ ਨੰ. 1, 24 ਅਤੇ 25 ਵਿੱਚ ਪ੍ਰੀ ਮਿਕਸ ਦੀ ਵਿਵਸਥਾ ਕਰਨੀ ਅਤੇ ਵਿਛਾਉਣਾ (₹ 1.36 ਲੱਖ); (v) ਵਾਰਡ ਨੰ. 16 ਵਿੱਚ ਪ੍ਰੀ ਮਿਕਸ ਦੀ ਵਿਵਸਥਾ ਕਰਨੀ ਅਤੇ ਵਿਛਾਉਣਾ (₹ 0.82 ਲੱਖ); (vi) ਸੰਨੀ ਮੰਦਿਰ ਤੋਂ ਪਿੰਡ ਜੰਡਪੁਰ ਰੋਡ ਉੱਤੇ ਦੇਸੂ ਮਾਜਰਾ ਸੜ੍ਹਕ ਤੇ ਪ੍ਰੀ ਮਿਕਸ ਦੀ ਵਿਵਸਥਾ ਕਰਨੀ ਅਤੇ ਵਿਛਾਉਣਾ (₹ 1.66 ਲੱਖ); ਐਮ ਸੀ ਧਰਮਕੋਟ (vii): ਵਾਰਡ ਨੰ. 3 ਵਿੱਚ ਸਾਬਕਾ ਐਮ ਐਲ ਏ ਦੇ ਘਰ ਤੋਂ ਜਲੰਧਰ ਬਾਇਪਾਸ ਤੱਕ ਪੱਕੀ ਸੜ੍ਹਕ ਦਾ ਨਿਰਮਾਣ (₹ 0.52 ਲੱਖ)।

10 (i) ਨਗਰ ਨਿਗਮ, ਅੰਮ੍ਰਿਤਸਰ (6 ਕੰਮਾਂ ਦੇ ₹ 6.63 ਕਰੋੜ); ਨਗਰ ਪ੍ਰੀਸ਼ਦਾਂ: (ii) ਖਰੜ (2 ਕੰਮਾਂ ਦੇ ₹ 0.66 ਕਰੋੜ); (iii) ਜ਼ੀਰਕਪੁਰ (1 ਕੰਮ ਦੇ ₹ 2.77 ਕਰੋੜ); ਅਤੇ (iv) ਨਗਰ ਪੰਚਾਇਤ ਨਡਾਲਾ (3 ਕੰਮਾਂ ਦੇ ₹ 0.98 ਕਰੋੜ)।

ਐਮ ਸੀ, ਅੰਮ੍ਰਿਤਸਰ ਨੇ ਕਿਹਾ (ਅਗਸਤ 2017) ਕਿ ਇਹ ਕੰਮ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਤੇ ਗਏ ਸਨ। ਐਮ ਸੀ, ਖਰੜ ਨੇ ਕਿਹਾ (ਜੁਲਾਈ 2017) ਕਿ ਪੀ ਆਈ ਡੀ ਬੀ ਦੇ ਕੰਮਾਂ ਲਈ ਮਤਾ ਪਾਸ ਕਰਨਾ ਲਾਜ਼ਮੀ ਨਹੀਂ ਸੀ ਕਿਉਂਕਿ ਇਹ ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਦੁਆਰਾ ਪਾਸ ਕੀਤੇ ਗਏ ਸਨ ਜਦੋਂ ਕਿ ਐਮ ਸੀ, ਜ਼ੀਰਕਪੁਰ ਨੇ ਕਿਹਾ (ਜੁਲਾਈ 2017) ਕਿ ਪੰਜਾਬ ਸ਼ਹਿਰੀ ਮਿਸ਼ਨ ਨਾਲ ਸਬੰਧਤ ਕੰਮ ਸਿੱਧੇ ਡੀ ਸੀ ਦੇ ਕੰਟਰੋਲ ਅਧੀਨ ਸਨ ਅਤੇ ਐਮ ਸੀ, ਨਡਾਲਾ ਨੇ ਇਸ ਨੁਕਤੇ ਨੂੰ ਭਵਿੱਖ ਵਿੱਚ ਪਾਲਣਾ ਲਈ ਨੋਟ ਕੀਤਾ (ਅਗਸਤ 2017)। ਐਮ ਸੀਜ਼, ਅੰਮ੍ਰਿਤਸਰ ਅਤੇ ਖਰੜ ਦੇ ਉੱਤਰ ਮੰਨਣਯੋਗ ਨਹੀਂ ਸਨ ਕਿਉਂਜੋ ਪੀ ਐਮ ਸੀ ਐਕਟ ਦੇ ਉਪਬੰਧਾ ਅਨੁਸਾਰ ਨਹੀਂ ਸਨ। ਵਿਭਾਗ ਦਾ ਉੱਤਰ/ਕੀਤੀ ਕਾਰਵਾਈ ਬਾਰੇ ਇੰਤਜਾਰ ਸੀ (ਅਗਸਤ 2021)।

### *4.1.4.8 ਉਚਿਤ ਅਨੁਮਾਨਾਂ ਤੋਂ ਬਗੈਰ ਕੰਮ ਕਰਨਾ*

ਸਥਾਨਕ ਸਰਕਾਰ ਵਿਭਾਗ, ਪੰਜਾਬ ਦੁਆਰਾ ਜਾਰੀ (ਸਤੰਬਰ 1995) ਦਿਸ਼ਾ ਨਿਰਦੇਸ਼ਾਂ ਵਿੱਚ ਵਿਵਸਥਾ ਹੈ ਕਿ ਸਿਵਲ ਕੰਮਾਂ ਦੇ ਅਨੁਮਾਨ ਤਿਆਰ ਕਰਦੇ ਸਮੇਂ 50 ਮੀਟਰ ਅੰਤਰਾਲ ਤੇ ਮੌਜੂਦਾ ਸੜ੍ਹਕ ਦੀ ਚੌੜਾਈ ਅਤੇ ਨਵੀਂ ਸੜ੍ਹਕ ਦੇ ਕਰਾਸ ਸੈਕਸ਼ਨ ਦੀ ਮਿਣਤੀ ਉਸੇ ਅਧਾਰ ਤੇ ਕਰਨੀ ਚਾਹੀਦੀ ਹੈ ਜਿਸ ਨਾਲ ਅਨੁਮਾਨ ਤਿਆਰ ਕੀਤੇ ਗਏ ਸਨ ਕਿਉਂਜੋ ਇਹ ਧਿਆਨ ਵਿੱਚ ਆਇਆ ਸੀ ਕਿ ਅਨੁਮਾਨ ਗੈਰ-ਸਾਵਧਾਨੀ ਨਾਲ ਤਿਆਰ ਕੀਤੇ ਜਾ ਰਹੇ ਸਨ ਅਤੇ ਜਨਤਕ ਫੰਡਾਂ ਵਿੱਚ ਹੇਰਾ ਫੇਰੀ ਅਤੇ ਉਨ੍ਹਾਂ ਦੀ ਦੁਰਵਰਤੋਂ ਲਈ ਕਾਫੀ ਸੰਭਾਵਨਾ ਛੱਡੀ ਗਈ ਸੀ।

ਦਸ ਨਮੂਨਾ ਜਾਂਚੀਆਂ ਯੂ ਐਲ ਬੀਜ਼ (ਨਗਰ ਨਿਗਮ, ਜਲੰਧਰ ਨੂੰ ਛੱਡ ਕੇ) ਵਿੱਚੋਂ 9 ਵਿੱਚ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ₹ 38.20 ਕਰੋੜ ਦੇ ਬੱਜਟ ਅਨੁਮਾਨ ਵਾਲੇ 42 ਕੰਮਾਂ ਦੇ ਬੱਜਟ ਅਨੁਮਾਨਾਂ ਨਾਲ, ਜਿਨ੍ਹਾਂ ਦੇ ਵਿਰੁੱਧ ਸਾਲ 2014-17 ਦੌਰਾਨ ***(ਅੰਤਿਕਾ 4.3)*** ₹ 32.38 ਕਰੋੜ ਦਾ ਖਰਚਾ ਕੀਤਾ ਗਿਆ ਸੀ, 50 ਮੀਟਰ ਅੰਤਰਾਲ ਦੀ ਕੋਈ ਮਿਣਤੀ ਨੱਥੀ ਨਹੀਂ ਕੀਤੀ ਗਈ ਸੀ।

ਸਬੰਧਤ ਯੂ ਐਲ ਬੀਜ਼ ਨੇ ਕਿਹਾ (ਅਗਸਤ 2017) ਕਿ ਉਕਤ ਨੁਕਤਾ ਭਵਿੱਖ ਵਿੱਚ ਪਾਲਣਾ ਲਈ ਨੋਟ ਕਰ ਲਿਆ ਸੀ। ਜਦੋਂਕਿ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਕਾਰਣ, ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ ਸਨ। ਵਿਭਾਗ ਵਲੋਂ ਜਵਾਬ ਕੀਤੀ ਕਾਰਵਾਈ ਦਾ ਇੰਤਜਾਰ ਸੀ (ਅਗਸਤ 2021)।

### *4.1.4.9 ਅਨੁਮਾਨਾਂ ਵਿੱਚ ਵਿਵਸਥਾ ਤੋਂ ਬਗੈਰ ਕੰਮ ਕਰਾਉਣਾ*

ਐਮ ਸੀ, ਲੁਧਿਆਣਾ ਅਤੇ ਠੇਕੇਦਾਰ ਵਿਚਕਾਰ ਹੋਏ ਠੇਕਾ ਇਕਰਾਰਨਾਮੇ (30 ਸਤੰਬਰ 2015) ਦੀ ਧਾਰਾ (xxxi) ਅਨੁਸਾਰ, ਜੋ ਆਈਟਮਾਂ ਮੂਲ ਅਨੁਮਾਨ ਵਿੱਚ ਸ਼ਾਮਿਲ ਨਹੀਂ ਸਨ ਉਨ੍ਹਾਂ ਤੇ ਸਮਰੱਥ ਅਧਿਕਾਰੀ ਦੀ ਆਗਿਆ ਨਾਲ ਅਮਲ ਕਰਨਾ ਚਾਹੀਦਾ ਸੀ ਅਤੇ ਉਨ੍ਹਾਂ ਦਾ ਭੁਗਤਾਨ ਦਰਾਂ ਦੀ ਆਮ ਸੂਚੀ (ਸੀ ਐਸ ਆਰ) ਦੀਆਂ ਆਈਟਮਾਂ ਦੇ ਮਾਮਲੇ ਵਿੱਚ ਸਮੁੱਚੀ ਬੱਚਤ ਅਨੁਸਾਰ ਅਤੇ ਗੈਰ-ਸੂਚੀਬੱਧ (ਐਨ ਐਸ) ਆਈਟਮਾਂ ਦੇ ਮਾਮਲੇ ਵਿੱਚ ਦਰਾਂ ਦੇ ਵਿਸ਼ਲੇਸ਼ਣ (ਏ ਓ ਆਰ) ਦੇ ਅਧਾਰ ਤੇ ਮੰਜ਼ੂਰ ਦਰਾਂ ਅਨੁਸਾਰ ਕੀਤਾ ਜਾਣਾ ਸੀ।

ਐਮ ਸੀ ਲੁਧਿਆਣਾ ਦੇ ਰਿਕਾਰਡਾਂ ਦੀ ਨਮੂਨਾਂ ਜਾਂਚ ਨੇ ਦਰਸਾਇਆ (ਜੂਨ 2017) ਕਿ ₹ 46.17 ਲੱਖ ਦੀ ਅਨੁਮਾਨਤ ਲਾਗਤ ਨਾਲ, ਸਤੰਬਰ 2015 ਵਿੱਚ ਅਲਾਟ ਹੋਏ "ਫਾਮਰਾਨ

ਸੜ੍ਹਕ ਤੋਂ ਇੰਦਰ ਸਿੰਘ ਸੜ੍ਹਕ ਦੇ ਨਵੀਨੀਕਰਣ" ਦੇ ਇੱਕ ਕੰਮ ਅਧੀਨ ₹ 3.24 ਲੱਖ ਦੇ ਵੱਧ ਕੰਮ ਕਰਵਾਏ ਗਏ ਸਨ ਜਿਨ੍ਹਾਂ ਦੀ ਅਨੁਮਾਨਾਂ ਵਿੱਚ ਵਿਵਸਥਾ ਨਹੀਂ ਕੀਤੀ ਗਈ ਸੀ। ਅੱਗੇ ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਇਸ ਸਬੰਧ ਵਿੱਚ ਸਮਰੱਥ ਅਧਿਕਾਰੀ ਦੀ ਮਨਜ਼ੂਰੀ ਨਹੀਂ ਲਈ ਗਈ ਸੀ ਅਤੇ ਠੇਕੇਦਾਰ ਨੂੰ ₹ 3.24 ਲੱਖ ਦਾ ਭੁਗਤਾਨ ਕਰ ਦਿੱਤਾ ਗਿਆ ਸੀ।

ਸਬੰਧਤ ਯੂ ਐਲ ਬੀ ਨੇ ਕਿਹਾ (ਜੂਨ 2017) ਕਿ ਸਾਈਟ ਦੀ ਮੌਜੂਦਾ ਹਾਲਤ ਅਨੁਸਾਰ ਵੱਧ ਆਈਟਮਾਂ ਲਾਜ਼ਮੀ ਸਨ। ਯੂ ਐਲ ਬੀ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਵਾਧੂ ਕੰਮ ਕਰਾਉਣ ਦੀ ਸਮਰੱਥ ਅਧਿਕਾਰੀ ਵਲੋਂ ਕੋਈ ਮਨਜ਼ੂਰੀ ਨਹੀਂ ਲਈ ਗਈ ਸੀ। ਵਿਭਾਗ ਦਾ ਇਸ ਸਬੰਧ ਵਿੱਚ ਅੱਗੇ ਜਵਾਬ/ਕੀਤੀ ਕਾਰਵਾਈ ਦਾ ਇੰਤਜਾਰ ਸੀ (ਅਗਸਤ 2021)।

### 4.1.5 ਹੋਰ ਅਨਿਯਮਤਾਵਾਂ

➢ ਨਗਰ ਪੰਚਾਇਤ, ਨਡਾਲਾ ਨੇ ਡਿਟੇਲਡ ਨੋਟਿਸ ਇਨਵਾਇਟਿੰਗ ਟੈਂਡਰ (ਡੀ ਐਨ ਆਈ ਟੀ) ਦੇ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਕਰਦੇ ਹੋਏ ਪ੍ਰਭਾਵੀ ਸਮਰੱਥਾ ਸਰਟੀਫਿਕੇਟ, ਬਿਆਨਾਂ ਰਕਮ ਜਮ੍ਹਾ ਰਾਸ਼ੀ (ਈ ਐਮ ਡੀ) ਅਤੇ ਹੋਰ ਵੇਰਵੇ ਦੀ ਸਕੈਨ ਕਾਪੀ ਲਏ ਬਗੈਰ ₹ 0.78 ਕਰੋੜ ਦੀ ਰਾਸ਼ੀ ਦੇ ਦੋ ਕੰਮ[11] ਠੇਕੇਦਾਰ ਨੂੰ ਅਵਾਰਡ ਕੀਤੇ (ਮਾਰਚ-ਅਪ੍ਰੈਲ 2016) ਸਨ। ਨਗਰ ਪੰਚਾਇਤ, ਨਡਾਲਾ ਨੇ ਕਿਹਾ (ਅਗਸਤ 2017) ਕਿ ਠੇਕੇਦਾਰਾਂ ਕੋਲੋਂ ਤਕਨੀਕੀ ਬੋਲੀ ਲੈ ਲਈ ਜਾਵੇਗੀ ਅਤੇ ਅਗਲੀ ਲੇਖਾ ਪ੍ਰੀਖਿਆ ਦੌਰਾਨ ਲੇਖਾ ਪ੍ਰੀਖਿਆ ਨੂੰ ਦਿਖਾਈ ਜਾਵੇਗੀ। ਯੂ ਐਲ ਬੀ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋਂ ਲੋੜੀਂਦੇ ਦਸਤਾਵੇਜ਼ਾਂ ਤੋਂ ਬਗੈਰ ਠੇਕੇਦਾਰਾਂ ਦੇ ਟੈਂਡਰਾਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ ਸੀ।

➢ ਕੇਂਦਰੀ ਚੌਕਸੀ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੇ ਪੈਰ੍ਹਾ 18.2 ਵਿੱਚ ਇਹ ਨਿਰਧਾਰਣ ਕੀਤੇ ਹੋਣ ਦੇ ਬਾਵਜੂਦ, ਕਿ ਵਿਆਪਕ ਬੀਮਾ ਲੈਣਾ ਇੱਕ ਕਨੂੰਨੀ ਜ਼ਿੰਮੇਵਾਰੀ ਹੈ, ਚੁਣੀਆਂ ਗਈਆਂ 10 ਯੂ ਐਲ ਬੀਜ਼ ਵਿੱਚੋਂ ਐਮ ਸੀਜ਼ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਧਰਮਕੋਟ, ਖਰੜ੍ਹ ਅਤੇ ਨਗਰ ਪੰਚਾਇਤ ਡਿਲਵਾਂ ਵਿੱਚ ਇਹ ਧਿਆਨ ਵਿੱਚ ਆਇਆ ਸੀ ਕਿ ਸੰਗਠਨ ਦੇ ਹਿੱਤਾਂ ਦੀ ਰਖਵਾਲੀ ਲਈ ਲੋੜੀਂਦਾ ਵਿਆਪਕ ਬੀਮਾ ਲਏ ਬਗੈਰ ₹ 50.13 ਕਰੋੜ[12] ਦੇ 34 ਕੰਮ ਅਲਾਟ ਕੀਤੇ ਗਏ ਸਨ। ਐਮ ਸੀਜ਼ ਜਲੰਧਰ ਅਤੇ ਲੁਧਿਆਣਾ ਨੇ ਕਿਹਾ (ਜੂਨ 2017) ਕਿ ਟੈਂਡਰ ਦਸਤਾਵੇਜ਼ ਵਿੱਚ ਬੀਮੇ ਦੀ ਧਾਰਾ ਨੂੰ ਲਾਗੂ ਕਰਾਉਣ ਲਈ ਮਾਮਲਾ ਸਮਰੱਥ ਅਧਿਕਾਰੀ ਕੋਲ ਭੇਜਿਆ ਜਾਵੇਗਾ ਜਦੋਂਕਿ ਬਾਕੀ ਐਮ ਸੀਜ਼ ਨੇ ਉਕਤ ਸੀ ਵੀ ਸੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਾ ਕੀਤੇ ਜਾਣ ਦੇ ਕੋਈ ਕਾਰਣ ਦੱਸੇ ਬਗੈਰ ਨੁਕਤਾ ਭਵਿੱਖ ਵਿੱਚ ਪਾਲਣਾ ਲਈ ਨੋਟ ਕਰ ਲਿਆ ਸੀ (ਅਗਸਤ 2017)।

➢ ਨਗਰ ਨਿਗਮ, ਲੁਧਿਆਣਾ ਦੁਆਰਾ ਸਤੰਬਰ 2015-ਸਤੰਬਰ 2016 ਦੌਰਾਨ ਕੀਤੇ ₹ 19.96 ਕਰੋੜ ਦੇ ਮੁੱਲ ਦੇ ਨੌਂ ਨਮੂਨਾ ਜਾਂਚ ਕੀਤੇ ਕੰਮਾਂ ਦੇ ਸਬੰਧ ਵਿੱਚ, ਵਰਕ ਆਰਡਰ ਦੀ ਧਾਰਾ 12 ਦੀ ਉਲੰਘਣਾ ਵਿੱਚ ਕੰਮ ਸ਼ੁਰੂ ਕਰਨ ਅਤੇ ਮੁਕੰਮਲ ਹੋਣ ਤੋਂ ਬਾਅਦ, ਸੜ੍ਹਕ ਦੀ ਅਸਲ

[11] (i) ਨਡਾਲਾ ਰੋਡ ਚੌਕ ਤੋਂ ਸਕੂਲ ਤੱਕ ਇੰਟਰਲਾਕਿੰਗ ਟਾਇਲਾਂ ਦੀ ਵਿਵਸਥਾ ਕਰਨੀ ਅਤੇ ਲਗਾਉਣੀਆਂ(ਪੀ/ਐਲ) (₹ 0.36 ਕਰੋੜ); ਅਤੇ (ii) ਨਵਾਬ ਰੈਸਟੋਰੈਂਟ ਤੋਂ ਪਟਰੋਲ ਪੰਪ ਤੱਕ ਇੰਟਰਲਾਕਿੰਗ ਟਾਇਲਾਂ ਦੀ ਵਿਵਸਥਾ ਕਰਨੀ ਅਤੇ ਲਗਾਉਣੀਆ (ਪੀ/ਐਲ) (₹ 0.42 ਕਰੋੜ)।

[12] ਨਗਰ ਨਿਗਮ: (i) ਅੰਮ੍ਰਿਤਸਰ: 6 ਕੰਮਾਂ ਦੇ ₹ 5.76 ਕਰੋੜ; (ii) ਜਲੰਧਰ: 7 ਕੰਮਾਂ ਦੇ ₹18.48 ਕਰੋੜ; (iii) ਲੁਧਿਆਣਾ: 10 ਕੰਮਾਂ ਦੇ ₹ 22.17 ਕਰੋੜ; ਨਗਰ ਕੌਂਸਲ: (iv ) ਧਰਮਕੋਟ: 4 ਕੰਮਾਂ ਦੇ ₹ 1.35 ਕਰੋੜ; (v) ਖਰੜ: 4 ਕੰਮਾਂ ਦੇ ₹ 1.67 ਕਰੋੜ; ਅਤੇ ਨਗਰ ਪੰਚਾਇਤ: (vi) ਢਿੱਲਵਾਂ: 3 ਕੰਮਾਂ ਦੇ ₹ 0.70 ਕਰੋੜ।

ਹਾਲਤ ਦਾ ਮੁਲਾਂਕਣ ਕਰਨ ਲਈ, ਐਮ ਸੀ ਦੀ ਵੈਬਸਾਇਟ ਤੇ ਗਲੀਆਂ ਦੀ ਵੀਡੀਓਗ੍ਰਾਫੀ ਅਪਲੋਡ ਨਹੀਂ ਕੀਤੀ ਗਈ ਸੀ। ਐਮ ਸੀ, ਲੁਧਿਆਣਾ ਨੇ ਕਿਹਾ (ਜੂਨ 2017) ਕਿ ਭਵਿੱਖ ਵਿੱਚ ਇਸ ਦੀ ਪਾਲਣਾ ਕੀਤੀ ਜਾਵੇਗੀ।

➢ ਸਥਾਨਕ ਸਰਕਾਰ ਵਿਭਾਗ ਦੁਆਰਾ ਅਪ੍ਰੈਲ 2013 ਵਿੱਚ ਇਸ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਵਿੱਚ, 10 ਚੁਣ ਹੋਏ ਯੂ ਐਲ ਬੀਜ਼ ਵਿੱਚੋਂ ਐਮ ਸੀ ਖੰਨਾ, ਧਰਮਕੋਟ, ਗੜ੍ਹਸ਼ੰਕਰ, ਜੀਰਕਪੁਰ, ਢਿੱਲਵਾਂ ਅਤੇ ਨਗਰ ਪੰਚਾਇਤ ਨਡਾਲਾ ਵਿੱਚ, 4.21 ਕਰੋੜ[13] ਦੇ ਮੁੱਲ ਦੇ 19 ਕੰਮ ਕੰਕਰੀਟ ਇੰਟਰਲਾਕਿੰਗ ਪੇਵਰਜ਼ ਲਾਉਣ ਦੇ ਠੇਕੇਦਾਰਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੇ ਇਸੇ ਤਰ੍ਹਾਂ ਦੇ ਅਕਾਰ ਅਤੇ ਦਾਇਰੇ ਦੇ ਪ੍ਰੋਜੈਕਟਾਂ ਦੇ, ਪੰਜ ਸਾਲਾ ਤਜਰਬਾ ਪ੍ਰਮਾਣ ਪੱਤਰ ਲਏ ਬਗੈਰ ਕੀਤੇ ਗਏ ਸਨ। ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ, ਭਾਰਤੀ ਮਾਣਕ ਬਿਊਰੋ (ਬੀ ਆਈ ਐਸ) ਦੁਆਰਾ ਪ੍ਰਵਾਨਿਤ ਬਣਤਰ ਅਤੇ ਭਾਰਤੀ ਮਾਣਕ ਸੰਸਥਾ (ਆਈ ਐਸ ਆਈ) ਦੇ ਮਾਰਕੇ ਵਾਲੀਆਂ ਪੇਵਰ ਟਾਇਲਾਂ ਦੀ ਪੁਸ਼ਟੀ ਕਰਨ ਲਈ, ਇੰਟਰਲਾਕਿੰਗ ਟਾਇਲਾਂ ਦੀ ਇਨਵਾਇਸ ਵੀ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੀ ਗਈ ਸੀ। ਇਸ ਦੇ ਨਤੀਜੇ ਵੱਜੋਂ, ਲੋੜੀਂਦੇ ਪੱਧਰ ਤੱਕ ਕੀਤੇ ਕੰਮ ਦੀ ਗੁਣਵੱਤਾ ਨੂੰ ਲੇਖਾ ਪ੍ਰੀਖਿਆ ਵਿੱਚ ਯਕੀਨੀ ਨਹੀਂ ਬਣਾਇਆ ਜਾ ਸਕਿਆ। ਨਮੂਨਾ ਜਾਂਚੀਆਂ ਯੂ ਐਲ ਬੀਜ਼ ਨੇ ਕਿਹਾ (ਅਗਸਤ 2017) ਕਿ ਉਕਤ ਦਿਸ਼ਾ ਨਿਰਦੇਸ਼ਾਂ ਦੀ ਭਵਿੱਖ ਵਿੱਚ ਪਾਲਣਾ ਕੀਤੀ ਜਾਵੇਗੀ।

ਵਿਭਾਗ ਤੋਂ ਉੱਕਤ ਬਿੰਦੂਆਂ ਤੇ ਬਾਅਦ ਦਾ ਜਵਾਬ/ਕੀਤੀ ਕਾਰਵਾਈ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.1.6 ਮਨੁੱਖੀ ਸ਼ਕਤੀ ਦਾ ਪ੍ਰਬੰਧਨ

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ 10 ਨਮੂਨਾ ਜਾਂਚ ਕੀਤੀਆਂ ਯੂ ਐਲ ਬੀਜ਼ ਵਿੱਚੋਂ ਐਮ ਸੀ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਨਗਰਪਾਲਿਕਾ ਇੰਜਨਿਅਰਿੰਗ ਸ਼ਾਖਾ ਅਧੀਨ 173 ਮਨਜ਼ੂਰਸ਼ੁਦਾ ਅਸਾਮੀਆਂ ਦੇ ਵਿਰੁੱਧ 74 ਅਸਾਮੀਆਂ[14] ਭਰੀਆਂ ਗਈਆਂ ਸਨ ਜਿਸ ਦੇ ਨਤੀਜੇ ਵੱਜੋਂ ਵੱਖ-ਵੱਖ ਕੇਡਰਾਂ ਵਿੱਚ (ਐਸ ਡੀ ਓ ਅਤੇ ਜੇ ਈ) ਵਿੱਚ 99 ਅਸਾਮੀਆਂ ਖਾਲੀ ਸਨ। 31 ਮਾਰਚ 2017 ਦੀ ਸਥਿਤੀ ਅਨੁਸਾਰ ਵੱਖ-ਵੱਖ ਕਾਡਰਾਂ ਵਿੱਚ ਸਟਾਫ ਦੀ ਥੁੜ੍ਹ 42 ਅਤੇ 79 *ਪ੍ਰਤੀਸ਼ਤ* ਵਿਚਕਾਰ ਸੀ ਜਿਸ ਨੇ ਯੂ ਐਲ ਬੀਜ਼ ਦੀ ਅਸਰਦਾਰ ਢੰਗ ਨਾਲ ਕੰਮ ਕਰਨ ਦੀ ਕਾਬਲੀਅਤ ਨੂੰ ਕਮਜ਼ੋਰ ਕੀਤਾ। ਯੂ ਐਲ ਬੀਜ਼ ਨੇ ਕਿਹਾ (ਜੂਨ 2017) ਕਿ ਖਾਲੀ ਅਸਾਮੀਆਂ ਭਰਨ ਲਈ ਮਾਮਲਾ ਉੱਚ ਅਧਿਕਾਰੀਆਂ ਕੋਲ ਉਠਾਇਆ ਜਾਵੇਗਾ। ਵਿਭਾਗ ਤੋਂ ਇਸ ਸਬੰਧੀ ਜਵਾਬ/ਕੀਤੀ ਗਈ ਕਾਰਵਾਈ ਦਾ ਇੰਤਜਾਰ ਸੀ (ਅਗਸਤ 2021)।

## 4.1.7 ਮਾਨੀਟਰਿੰਗ

### *4.1.7.1 ਨਾਕਾਫੀ ਗੁਣਵੱਤਾ ਜਾਂਚ*

ਇਕਰਾਰਨਾਮੇ ਦੀ ਧਾਰਾ ਅਤੇ ਠੇਕੇ ਦੀ ਸ਼ਰਤ ਇਹ ਵਿਵਸਥਾ ਕਰਦੀ ਹੈ ਕਿ ਯੂ ਐਲ ਬੀ ਦਾ ਇੰਜੀਨੀਅਰ-ਇਨ-ਚਾਰਜ ਨੇ ਕੰਮ ਦੀ ਗੁਣਵੱਤਾ ਯਕੀਨੀ ਬਣਾਉਣੀ ਹੈ ਅਤੇ ਉਹ ਆਪਣੇ ਪੱਧਰ

---

13 ਨਗਰ ਕੌਂਸਲ: ਖੰਨਾ: (i) 4 ਕੰਮਾਂ ਦੇ ₹ 0.99 ਕਰੋੜ; (ii) ਧਰਮਕੋਟ: 3 ਕੰਮਾਂ ਦੇ ₹ 0.60 ਕਰੋੜ; (iii) ਗੜ੍ਹਸ਼ੰਕਰ: 3 ਕੰਮਾਂ ਦੇ ₹ 0.32 ਕਰੋੜ; (iv) ਜ਼ੀਰਕਪੁਰ: 2 ਕੰਮਾਂ ਦੇ ₹ 1.21 ਕਰੋੜ;(v) ਢਿੱਲਵਾਂ: 3 ਕੰਮਾਂ ਦੇ ₹ 0.07 ਕਰੋੜ; ਅਤੇ ਨਗਰ ਪੰਚਾਇਤ: (vi) ਨਡਾਲਾ: 4 ਕੰਮਾਂ ਦੇ ₹1.02 ਕਰੋੜ।

14 ਨਗਰ ਨਿਗਮ: (i) ਅੰਮ੍ਰਿਤਸਰ: 48 ਵਿੱਚੋਂ 19;(i) ਜਲੰਧਰ: 44 ਵਿੱਚੋਂ 16 ਅਤੇ; (iii) ਲੁਧਿਆਣਾ: 81 ਵਿੱਚੋਂ 39 ।

ਤੇ ਅਧਿਕਾਰਤ ਪ੍ਰਯੋਗਸ਼ਾਲਾਵਾਂ ਤੋਂ ਜਾਂਚ ਰਿਪੋਰਟਾਂ ਦੀ ਵਿਵਸਥਾ ਕਰੇਗਾ, ਜਿਸ ਦਾ ਭੁਗਤਾਨ ਠੇਕੇਦਾਰ ਦੁਆਰਾ ਠੇਕੇਦਾਰ ਦੇ ਬਿਲਾਂ ਤੋਂ ਕਟੌਤੀ ਰਾਹੀਂ ਕੀਤਾ ਜਾਵੇਗਾ।

ਰਿਕਾਰਡਾਂ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ₹ 8.97 ਕਰੋੜ[15] ਦੀ ਅਨੁਮਾਨਤ ਲਾਗਤ ਵਾਲੇ ਛੇ ਕੰਮਾਂ ਦੇ ਸਬੰਧ ਵਿੱਚ ਚਾਰ ਯੂ ਐਲ ਬੀਜ਼ ਦੁਆਰਾ ਉਕਤ ਧਾਰਾ ਵਿੱਚ ਨਿਰਧਾਰਤ ਕੀਤੀ ਪ੍ਰਣਾਲੀ ਦੀ ਪਾਲਣਾ ਨਹੀਂ ਕੀਤੀ ਗਈ ਸੀ ਕਿਉਂਜੋ ਨਾ ਤਾਂ ਠੇਕੇਦਾਰ ਕੋਲੋਂ ਕੋਈ ਜਾਂਚ ਰਿਪੋਰਟ ਨੱਥੀ ਕੀਤੀ ਗਈ ਸੀ ਅਤੇ ਨਾ ਹੀ ਬਾਹਰੀ ਏਜੰਸੀ ਤੋਂ ਕਰਵਾਈ ਜਾਂਚ ਦੇ ਭੁਗਤਾਨ ਦੇ ਬਿਲਾਂ ਸਬੰਧੀ ਕੋਈ ਸਬੂਤ ਲੇਖਾ ਪ੍ਰੀਖਿਆ ਨੂੰ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਦਸਤਾਵੇਜ਼ਾਂ ਦੀ ਗੈਰ-ਮੌਜੂਦਗੀ ਵਿੱਚ, ਸੜ੍ਹਕਾਂ ਦੇ ਨਿਰਮਾਣ ਵਿੱਚ ਵਰਤੀ ਸਮੱਗਰੀ ਦੀ ਗੁਣਵੱਤਾ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀਂ ਲਗਾਇਆ ਜਾ ਸਕਿਆ ਸੀ। ਸਬੰਧਤ ਯੂ ਐਲ ਬੀਜ਼ ਨੇ ਭਵਿੱਖ ਪਾਲਣਾ ਲਈ ਨੁਕਤਾ ਨੋਟ ਕਰ ਲਿਆ ਸੀ।

ਜਿਵੇਂ ਕਿ ਸਬੰਧਤ ਯੂ ਐਲ ਬੀਜ਼ ਨੇ ਭਵਿੱਖ ਵਿੱਚ ਨਿਰਦੇਸ਼ਾਂ ਦੀ ਪਾਲਣਾ ਲਈ ਭਰੋਸਾ ਦਿਵਾਇਆ ਸੀ, ਵਿਭਾਗ ਤੋਂ ਇਸ ਸਬੰਧ ਵਿੱਚ ਗੁਣਵੱਤਾ ਚੈਕ ਕਰਨ ਨੂੰ ਯਕੀਨੀ ਬਣਾਉਣ ਵਾਰੇ ਕੀਤੀ ਕਾਰਵਾਈ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.1.8 ਸਿੱਟਾ

ਯੋਜਨਾਬੰਦੀ ਤਰੁਟੀਪੂਰਣ ਸੀ ਕਿਉਂਜੋ ਡਾਟਾਬੇਸ ਦੀ ਗੈਰ-ਮੌਜੂਦਗੀ ਵਿੱਚ ਸੜ੍ਹਕਾਂ ਦੇ ਨਿਰਮਾਣ/ਸਾਂਭ-ਸੰਭਾਲ ਦੀ ਅਸਲ ਲੋੜ ਦਾ ਪੱਕਾ ਪਤਾ ਨਹੀਂ ਲਗਾਇਆ ਜਾ ਸਕਿਆ ਸੀ। ਕੰਮਾਂ 'ਤੇ ਅਮਲ ਕਰਨ ਵਿੱਚ ਢਿੱਲ-ਮੱਠ ਕਾਰਣ ਯੋਜਿਤ ਫੰਡਾਂ ਦੇ 16 *ਪ੍ਰਤੀਸ਼ਤ* ਦੀ ਵਰਤੋਂ ਕਰਨ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨਾਕਾਮ ਰਹੀਆਂ। ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀਆਂ ਘੱਟ ਸਨ ਕਿਉਂਜੋ 2014-17 ਦੌਰਾਨ ਸੜ੍ਹਕ ਦੇ ਕੰਮ ਕੇਵਲ 43 *ਪ੍ਰਤੀਸ਼ਤ* ਹੀ ਮੁਕੰਮਲ ਹੋਏ ਸਨ। ਕੰਮਾਂ ਨੂੰ ਕਰਨ ਵਿੱਚ ਕਈ ਤਰ੍ਹਾਂ ਦੀਆਂ ਅਸੰਗਤੀਆ ਦੇਖੀਆਂ ਗਈਆਂ। ਵੱਖ-ਵੱਖ ਕਾਡਰਾਂ ਵਿੱਚ ਸਟਾਫ ਦੀ ਕਮੀ 42 *ਪ੍ਰਤੀਸ਼ਤ* ਅਤੇ 79 *ਪ੍ਰਤੀਸ਼ਤ* ਦੇ ਵਿਚਕਾਰ ਸੀ ਜੋ ਕਿ ਯੂ ਐਲ ਬੀਜ਼ ਦੀ ਆਪਣੇ ਕੰਮਾਂ ਨੂੰ ਅਸਰਦਾਰ ਤਰੀਕੇ ਨਾਲ ਕਰਨ ਦੀ ਕਾਬਲੀਅਤ ਨੂੰ ਕਮਜ਼ੋਰ ਕੀਤਾ। ਚਾਰ ਨਮੂਨਾ ਜਾਂਚ ਕੀਤੇ ਯੂ ਐਲ ਬੀਜ਼ ਨੇ ਗੁਣਵੱਤਾ ਕੰਟਰੋਲ ਦੀ ਪਾਲਣਾ ਨਹੀਂ ਕੀਤੀ ਗਈ ਸੀ ਕਿਉਂਜੋ ਇੰਜੀਨੀਅਰ-ਇਨ-ਚਾਰਜ ਨੇ ਅਧਿਕਾਰਤ ਪ੍ਰਯੋਗਸ਼ਾਲਾਵਾਂ ਤੋਂ ਕੰਮ ਦੀ ਗੁਣਵੱਤਾ ਦੀ ਜਾਂਚ ਨਹੀਂ ਕਰਵਾਈ ਸੀ।

15 ਨਗਰ ਨਿਗਮ ਲੁਧਿਆਣਾ; (i)ਮਾਸਟਰ ਤਾਰਾ ਸਿੰਘ ਚੌਂਕ ਤੋਂ ਜਲੰਧਰ ਬਾਇਪਾਸ ਤੱਕ ਨਵੀਨੀਕਰਣ (₹1.69 ਕਰੋੜ); (ii) ਮੁੱਖ ਬਹਾਦੁਰਕੇ ਸੜ੍ਹਕ ਦਾ ਨਵੀਨੀਕਰਣ ਅਤੇ ਵਾਰਡ ਨੰ. 1, 2 ਵਿੱਚ ਗਰੇਵਾਲ ਕੋਠੀ ਤੋਂ ਨੂਰਵਾਲਾ ਸੜ੍ਹਕ ਤੱਕ ਫਾਮਰਾਂ ਸੜ੍ਹਕ ਦਾ ਨਿਰਮਾਣ (₹1.87 ਕਰੋੜ); (iii) ਪੁਰਾਣੀ ਜੀ ਟੀ ਰੋਡ, ਜਗਰਾਓਂ ਪੁਲ ਤੋਂ ਅੰਬੇਦਕਰ ਚੌਕ ਤੱਕ ਨਵੀਨੀਕਰਣ
(₹ 4.26 ਕਰੋੜ); ਨਗਰ ਪ੍ਰੀਸ਼ਦਾਂ:ਧਰਮਕੋਟ (iv) ਅਗਵਾੜ ਕਾਲੂਕਾ ਵਿਖੇ ਇੰਟਰਲਾਕਿੰਗ ਟਾਇਲਾਂ ਦੀ ਵਿਵਸਥਾ ਕਰਨੀ ਅਤੇ ਲਗਾਉਣਾ (₹ 0.09 ਕਰੋੜ); ਖਰੜ (v) ਪਿੰਡ ਦੇਸੂ ਮਾਜਰਾ ਵਿੱਚ ਪ੍ਰੀ ਮਿਕਸ ਵਿਛਾਉਣਾ (₹ 0.58 ਕਰੋੜ); ਅਤੇ (vi) ਵਾਰਡ ਨੰ. 2 ਵਿੱਚ ਪ੍ਰੀ ਮਿਕਸ ਵਿਛਾਉਣਾ (₹ 0.48 ਕਰੋੜ)।

## 4.2 ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ

- **ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ ਪ੍ਰੋਜੈਕਟ ਨੂੰ ਰਿਆਇਤੀ ਇਕਰਾਰਨਾਮਿਆਂ ਦੀ ਐਮ ਐਸ ਡਬਲਿਊ ਐਮ ਪ੍ਰੋਜੈਕਟ ਲਾਗੂ ਕਰਨ ਦੀ ਅਨੁਸੂਚੀ ਵਿੱਚ ਦਰਸਾਏ ਗਏ ਸਹਿਮਤ ਹੋਏ ਨਿਰਧਾਰਤ ਮੀਲ ਪੱਥਰਾਂ ਦੇ ਅਨੁਸਾਰ ਲਾਗੂ ਨਹੀਂ ਕੀਤਾ ਗਿਆ ਸੀ।**
- **ਮੁੱਢਲੇ ਕੁਲੈਕਸ਼ਨ ਪੁਆਇੰਟਾਂ ਤੇ ਡੋਰ ਟੂ ਡੋਰ ਕੁਲੈਕਸ਼ਨ ਕਰਨ ਅਤੇ ਐਮ ਐਸ ਡਬਲਿਊ ਦੇ ਸਰੋਤਾਂ ਨੂੰ ਵੱਖ ਕਰਨ ਲਈ ਪਰਿਵਾਰਾਂ ਦੀ ਸ਼ਤ *ਪ੍ਰਤੀਸ਼ਤ* ਕਵਰੇਜ ਪ੍ਰਾਪਤ ਨਹੀਂ ਕੀਤੀ ਗਈ ਸੀ।**
- **ਵਿੱਤੀ ਪ੍ਰਬੰਧਨ ਵਿੱਚ ਕਮੀਆਂ ਸਨ ਕਿਉਂਜੋ ਯੂ ਐਲ ਬੀਜ ਦੇਰੀ ਨਾਲ/ਘੱਟ ਫੰਡ ਜਾਰੀ ਕਰਨ ਦੇ ਉਦਾਹਰਣ ਸਨ।**

### 4.2.1 ਜਾਣ-ਪਛਾਣ

ਪੰਜਾਬ ਵਿੱਚ ਮਿਊਂਸਪਲ ਸੌਲਿਡ ਵੇਸਟ (ਐਮ ਐਸ ਡਬਲਿਊ) ਦਾ ਪ੍ਰਬੰਧਨ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀ) ਕੋਲ ਹੈ। 98 ਲੱਖ ਦੀ ਜਨਸੰਖਿਆ (ਜਨਗਣਨਾ 2011) ਵਾਲੇ ਪੰਜਾਬ ਵਿੱਚ ਯੂ ਐਲ ਬੀਜ਼, ਪ੍ਰਤੀ ਦਿਨ ਲਗਭਗ 4100 ਟਨ ਸੌਲਿਡ ਵੇਸਟ ਪੈਦਾ ਕਰਦੀਆਂ ਹਨ। ਪੰਜਾਬ ਸਰਕਾਰ (ਜੀ ਓ ਪੀ) ਨੇ 2014 ਵਿੱਚ, ਇੱਕ ਕਲੱਸਟਰ ਪਹੁੰਚ ਤਿਆਰ ਕੀਤੀ ਜਿਸ ਨਾਲ ਇੱਕ ਐਸ ਡਬਲਿਊ ਐਮ ਕਲੱਸਟਰ ਬਣਾਉਣ ਲਈ 10 ਤੋਂ 25 ਯੂ ਐਲ ਬੀਜ਼ ਜੋੜੇ ਗਏ ਸਨ ਅਤੇ ਸਾਰੇ ਯੂ ਐਲ ਬੀਜ਼ ਅੱਠ ਕਲਸੱਟਰਾਂ[16] ਵਿੱਚ ਵੰਡੇ ਗਏ ਸਨ। ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਸੌਲਿਡ ਵੇਸਟ ਪ੍ਰਬੰਧਨ (ਐਸ ਡਬਡਿਊ ਐਸ) ਨਿਯਮ, 2016 (ਅਪ੍ਰੈਲ 2016) ਨੂੰ ਅਧਿਸੂਚਿਤ ਕੀਤਾ ਅਤੇ ਐਸ ਡਬਲਿਯੂ ਐਮ ਦੇ ਪ੍ਰਬੰਧਨ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸ਼ਹਿਰੀ ਵਿਕਾਸ ਵਿਭਾਗ ਦੇ ਕਰਤੱਵਾਂ ਨੂੰ ਵੀ ਪਰਿਭਾਸ਼ਿਤ ਕੀਤਾ। ਭਾਰਤ ਦੇ ਸੰਵਿਧਾਨ ਦੀ 12ਵੀਂ ਸੂਚੀ ਵਿੱਚ, ਯੂ ਐਲ ਬੀਜ਼ ਵੱਲੋਂ ਕੀਤੇ ਜਾਣ ਵਾਲੇ ਚਿਤਵੇ ਗਏ ਕੰਮ ਤੈਅ ਕੀਤੇ ਗਏ ਹਨ ਅਤੇ ਸੌਲਿਡ ਵੇਸਟ ਪ੍ਰਬੰਧਨ ਨਿਯਮਾਵਲੀ, 2016 (ਨਿਯਮਾਵਲੀ) ਵਿੱਚ ਤੈਅ ਕੀਤੇ ਹੋਏ ਅਨੁਸਾਰ ਵਿਗਿਆਨਕ ਅਤੇ ਤਰਤੀਬਵਾਰ ਸੌਲਿਡ ਵੇਸਟ ਪ੍ਰਬੰਧਨ (ਐਸ ਡਬਲਿਊ ਐਮ) ਕਰਨਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਯੂ ਐਲ ਬੀਜ਼ ਵਲੋਂ ਰਾਜ ਵਿੱਚ ਸ਼ਹਿਰੀ ਸੇਵਾ ਡਿਲਿਵਰੀ ਅਤੇ ਖਾਸ ਕਰਕੇ ਐਮ ਐਸ ਡਬਲਿਊ ਦੀ, ਧਿਆਨਪੂਰਵਕ ਯੋਜਨਾ ਬਣਾਉਣਾ, ਲਾਗੂਕਰਨਾ, ਅਤੇ ਮਨੀਟਰ ਕਰਨਾ ਲੋੜੀਂਦਾ ਹੈ।

ਇਸ ਤੋਂ ਇਲਾਵਾ ਪੰਜਾਬ ਮਿਊਂਸਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ (ਪੀ ਐਮ ਆਈ ਡੀ ਸੀ), ਜੋ ਕਿ ਇਕ ਗੈਰ-ਮੁਨਾਫਾ ਕਮਾਉਣ ਵਾਲੀ ਕੰਪਨੀ ਹੈ, ਦਾ ਗਠਨ (ਮਾਰਚ 2009) ਸਥਾਨਕ ਸਰਕਾਰ ਵਿਭਾਗ ਦੁਆਰਾ ਕੰਪਨੀ ਐਕਟ ਦੇ ਅਧੀਨ ਪੰਜਾਬ ਰਾਜ ਵਿੱਚ ਸ਼ਹਿਰੀ ਗਰੀਬਾਂ ਸਮੇਤ ਸ਼ਹਿਰੀ ਆਬਾਦੀ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਕੀਤਾ ਗਿਆ। ਮੁੱਖ ਸਕੱਤਰ ਚੇਅਰਮੈਨ ਅਤੇ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਇਸ ਦਾ ਕਾਰਜਕਾਰੀ ਪ੍ਰਬੰਧਕ ਨਿਰਦੇਸ਼ਕ ਹੁੰਦਾ

---

[16] (i) ਅੰਮ੍ਰਿਤਸਰ; (ii) ਬਠਿੰਡਾ; (iii) ਫਿਰੋਜਪੁਰ; (iv) ਜਲੰਧਰ; (v) ਲੁਧਿਆਣਾ; (vi) ਮੋਹਾਲੀ; (vii) ਪਠਾਣਕੋਟ; ਅਤੇ (viii) ਪਟਿਆਲਾ।

ਹੈ। ਪੀ ਐਮ ਆਈ ਡੀ ਸੀ ਪੰਜਾਬ ਮਿਉਂਸਪਲ ਬੁਨਿਆਦੀ ਢਾਂਚਾ ਵਿਕਾਸ ਐਕਟ, 2011 ਦੇ ਅਧੀਨ ਬਣਾਏ ਗਏ ਪੰਜਾਬ ਮਿਉਂਸਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਪੀ ਐਮ ਆਈ ਡੀ ਐਫ) ਦਾ ਪੰਬੰਧਨ ਕਰਦਾ ਹੈ, ਵੈਟ ਤੇ ਵਾਧੂ ਟੈਕਸ (ਸਰਚਾਰਜ) ਦਾ 20 *ਪ੍ਰਤੀਸ਼ਤ* ਨਿਰਧਾਰਤ ਕਰਦਾ ਹੈ, ਰਾਜ ਵਿੱਚ ਜੇ ਐਨ ਐਨ ਯੂ ਆਰ ਐਮ, ਸਵੱਛ ਭਾਰਤ ਮਿਸ਼ਨ ਆਦਿ ਦੇ ਅਧੀਨ ਐਮ ਐਸ ਡਬਲਿਊ ਐਮ ਸਮੇਤ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟਾਂ ਲਈ ਨਗਰ ਪਾਲਿਕਾਵਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ ਨਾਲ ਰਾਸ਼ਟਰੀਕ੍ਰਿਤ ਜਾਂ ਅਨੁਸੂਚਿਤ ਬੈਂਕਾ ਜਾਂ ਵਿੱਤੀ ਸੰਸਥਾਵਾਂ ਤੋਂ ਸਰੋਤ ਜੁਟਾਏ ਜਾਂਦੇ ਹਨ।

ਪੰਜਾਬ ਵਿੱਚ ਯੂ ਐਲ ਬੀਜ਼ ਵੱਲੋਂ ਮਿਉਂਸਪਲ ਸੌਲਿਡ ਵੇਸਟ ਪ੍ਰਬੰਧਨ (ਐਮ ਐਸ ਡਬਲਿਊ ਐਮ) ਦੇ ਲਾਗੂਕਰਣ ਦੀ ਕੁਸ਼ਲਤਾ ਅਤੇ ਪ੍ਰਭਾਵਿਕਤਾ ਦੇ ਮੁਲਾਂਕਣ ਦੇ ਵਿਚਾਰ ਨਾਲ, ਪੰਜਾਬ ਵਿਚਲੀਆਂ 10 ਐਮ ਸੀਜ਼ ਵਿੱਚੋਂ ਤਿੰਨ ਮਿਉਂਸਪਲ ਕਾਰਪੋਰੇਸ਼ਨਾਂ (ਐਮ ਸੀਜ਼) ਦੀ ਉਨ੍ਹਾਂ ਦੀਆਂ 54 ਕਲੱਸਟਰ ਯੂ ਐਲ ਬੀਜ਼[17] ਵਿੱਚੋਂ 10 ਦੀ ਸਮੇਤ ਰਿਕਾਰਡ ਦੀ ਨਮੂਨਾ ਜਾਂਚ ਕਰਦੇ ਹੋਏ 2015-18 ਦੇ ਸਮੇ ਲਈ ਇਕ ਲੇਖਾ ਪ੍ਰੀਖਿਆ ਦਾ ਸੰਚਾਲਨ (ਅਪ੍ਰੈਲ 2018 ਤੋਂ ਜੁਲਾਈ 2018 ਤੱਕ) ਕੀਤਾ ਗਿਆ। ਲੇਖਾ ਪ੍ਰੀਖਿਆ ਵਲੋਂ, ਪੀ ਐਮ ਆਈ ਡੀ ਸੀ ਤੋਂ ਵੀ, ਇਸ ਦੇ ਐਮ ਐਸ ਡਬਲਿਊ ਐਮ ਕੰਮ ਦੇ ਤਾਲਮੇਲ ਲਈ ਇੱਕ ਰਾਜ ਪੱਧਰੀ ਨੋਡਲ ਏਜੰਸੀ ਹੋਣ ਨਾਤੇ, ਐਮ ਐਸ ਡਬਲਿਊ ਐਮ ਨਾਲ ਸਬੰਧਤ ਸੂਚਨਾ ਇੱਕਤਰ ਕੀਤੀ ਗਈ ਸੀ।

ਤਿੰਨ ਨਮੂਨਾ ਜਾਂਚ ਕੀਤੀਆਂ ਐਮ ਸੀਜ਼ ਵਿੱਚ, ਐਸ ਡਬਲਿਊ ਐਮ ਨਿਯਮ, 2016 ਨੂੰ ਸੂਚਿਤ ਕਰਨ ਤੋਂ ਪਹਿਲਾਂ ਸ਼ਹਿਰੀ ਸੌਲਿਡ ਵੇਸਟ ਪ੍ਰਬੰਧਨ ਦੇ ਪ੍ਰਬੰਧ ਲਈ ਸਬੰਧਤ ਐਮ ਸੀ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਮੋਡ ਤੇ ਕਨਸੈਸ਼ਨੇਅਰਜ਼ ਦੇ ਵਿੱਚਕਾਰ ਤਿੰਨ ਸਮਝੌਤੇ (ਜੂਨ-ਦਸੰਬਰ 2021) 25 ਸਾਲ ਲਈ ਕੀਤੇ ਗਏ ਸਨ ਜਿਵੇਂ ਕਿ ਹੇਠਾਂ ਵੇਰਵੇ ਦਿੱਤੇ ਗਏ ਹਨ:

(i) ਨਗਰ ਨਿਗਮ, ਲੁਧਿਆਣਾ (ਰਿਆਇਤੀ ਅਥਾਰਟੀ) ਅਤੇ ਮੈਸਰਜ਼ ਏ ਟੂ ਜ਼ੈਡ ਬੁਨਿਆਦੀ ਢਾਂਚਾ ਲਿਮਟਿਡ (ਕਨਸੈਸ਼ਨੇਅਰ) ਨਵੰਬਰ 2011 ਵਿੱਚ 13 ਯੂ ਐਲ ਬੀਜ਼ ਨੂੰ ਕਵਰ ਕਰਦਾ ਹੈ;

(ii) ਨਗਰ ਨਿਗਮ, ਬਠਿੰਡਾ (ਰਿਆਇਤੀ ਅਥਾਰਟੀ) ਅਤੇ ਮੈਸਰਜ਼ ਜੇ ਆਈ ਟੀ ਐਫ ਸ਼ਹਿਰੀ ਵੇਸਟ ਪ੍ਰਬੰਧਨ (ਬਠਿੰਡਾ) ਲਿਮਟਿਡ (ਕਨਸੈਸ਼ਨੇਅਰ) ਨਵੰਬਰ 2011 ਵਿੱਚ 18 ਯੂ ਐਲ ਬੀਜ਼ ਨੂੰ ਕਵਰ ਕਰਦਾ ਹੈ; ਅਤੇ

(iii) ਨਗਰ ਨਿਗਮ, ਜਲੰਧਰ (ਰਿਆਇਤੀ ਅਥਾਰਟੀ) ਅਤੇ ਮੈਸਰਜ਼ ਜੇ ਆਈ ਟੀ ਐਫ ਸ਼ਹਿਰੀ ਵੇਸਟ ਪ੍ਰਬੰਧਨ (ਜਲੰਧਰ) ਲਿਮਟਿਡ (ਕਨਸੈਸ਼ਨੇਅਰ) ਜਨਵਰੀ 2012 ਵਿੱਚ 23 ਯੂ ਐਲ ਬੀਜ਼ ਨੂੰ ਕਵਰ ਕਰਦਾ ਹੈ।

[17] ਐਮ ਸੀ ਬਠਿੰਡਾ: 18 ਵਿੱਚੋਂ 03 ਯੂ ਐਲ ਬੀਜ਼ ਜਿਵੇਂ ਕਿ (i) ਭੁੱਚੋ ਮੰਡੀ; (ii) ਮੌੜ; (iii) ਰਾਮਪੁਰਾ ਫੂਲ; ਐਮ ਸੀ ਜਲੰਧਰ: 23 ਵਿੱਚੋਂ 5 ਯੂ ਐਲ ਬੀਜ਼ ਜਿਵੇਂ ਕਿ (iv) ਭੋਗਪੁਰ; (v) ਦਸੂਹਾ; (vi) ਲੋਹੀਆ ਖਾਸ; (vii) ਸਾਹ ਕੋਟ; (viii) ਉੜਮੁੜ ਟਾਂਡਾ; ਐਮ ਸੀ ਲੁਧਿਆਣਾ: 18 ਵਿੱਚੋ 2 ਯੂ ਐਲ ਬੀਜ਼ ਜਿਵੇਂ ਕਿ (ix) ਜਗਰਾਓਂ; (x) ਰਾਏਕੋਟ, ਸਟੈਟਿਸਟੀਕਲ ਸੈਂਪਲਿੰਗ ਦੀ ਸਧਾਰਨ ਰੈਂਡਮ ਸੈਂਪਲਿੰਗ ਵਿੱਧੀ ਬਣਾ ਕੇ ਚੁਣਿਆ ਗਿਆ।

ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ ਦੇ ਸਬੰਧ ਵਿੱਚ ਰਿਆਇਤ ਸਮਝੌਤਿਆਂ ਨੂੰ ਲਾਗੂ ਕਰਨ ਵਿੱਚ ਧਿਆਨ ਵਿੱਚ ਆਈਆਂ ਅਸੰਗਤੀਆਂ/ਕਮੀਆਂ ਨੂੰ ਅਗਲੇ ਪੈਰਿਆਂ ਵਿੱਚ ਵਿਚਾਰਿਆ ਗਿਆ ਹੈ।

## ਲੇਖਾ ਪ੍ਰੀਖਿਆ ਲੱਭਤਾਂ

### 4.2.2 ਵਿੱਤੀ ਪ੍ਰਬੰਧਨ

ਭਾਰਤ ਸਰਕਾਰ (ਜੀ ਓ ਆਈ), ਸ਼ਹਿਰੀ ਵਿਕਾਸ ਮੰਤਰਾਲਾ, ਕੇਂਦਰੀ ਜਨ ਸਿਹਤ ਅਤੇ ਵਾਤਾਵਰਣ ਇੰਜਨੀਰਿੰਗ ਸੰਗਠਨ ( ਸੀ ਪੀ ਐਚ ਈ ਈ ਓ) ਦੇ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ ਮੈਨੂਅਲ 2016 ਦੇ ਪੈਰ੍ਹੇ 1.4.5.6.2 ਦੇ ਅਨੁਸਾਰ, ਐਮ ਐਸ ਡਬਲਿਓ ਐਮ ਲਈ ਫੰਡਾਂ ਦੇ ਸ੍ਰੋਤ ਮਿਊਂਸਪਲ ਫੰਡਾਂ ਅਤੇ ਕੇਂਦਰੀ ਅਤੇ ਰਾਜ ਸਰਕਾਰਾਂ ਤੋਂ ਗ੍ਰਾਂਟਾਂ ਤੇ ਅਧਾਰਤ ਹਨ। ਸਵੱਛ ਭਾਰਤ ਮਿਸ਼ਨ (ਐਸ ਬੀ ਐਮ) ਦੇ ਦਿਸ਼ਾ ਨਿਰਦੇਸ਼ਾਂ ( ਦਸੰਬਰ 2014) ਅਨੁਸਾਰ ਰਾਜ, ਕੇਂਦਰੀ ਗ੍ਰਾਂਟ ਦੇ 75 *ਪ੍ਰਤੀਸ਼ਤ* ਨੂੰ ਮੈਚ ਕਰਨ ਲਈ ਸਾਰੇ ਭਾਗਾਂ ਲਈ ਘੱਟੋ ਘੱਟ 25 *ਪ੍ਰਤੀਸ਼ਤ* ਦਾ ਯੋਗਦਾਨ ਦੇਵੇਗਾ। ਬਾਅਦ ਵਿੱਚ, ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲੇ ਮੰਤਰਾਲਾ (ਐਸ ਬੀ ਐਮ-1, ਮੰਡਲ), ਭਾਰਤ ਸਰਕਾਰ ਨੇ ਕੇਂਦਰੀ ਪ੍ਰਯੋਜਿਤ ਸਕੀਮਾਂ ਨੂੰ ਤਰਕਸੰਗਤ ਕੀਤਾ (ਜੁਲਾਈ 2017) ਅਤੇ ਐਸ ਬੀ ਐਮ (ਸ਼ਹਿਰੀ) ਅਧੀਨ ਫੰਡਿਗ ਪੱਧਤੀ ਨੂੰ 17 ਅਗਸਤ 2016 ਤੋਂ ਪ੍ਰਭਾਵਿਤ ਕਰਦੇ ਹੋਏ 60 *ਪ੍ਰਤੀਸ਼ਤ* ਕੇਂਦਰ ਦਾ ਹਿੱਸਾ ਅਤੇ 40 *ਪ੍ਰਤੀਸ਼ਤ* ਰਾਜ ਦੇ ਹਿੱਸੇ ਵੱਜੋਂ ਸੋਧਿਤ ਕੀਤਾ। ਅੱਗੇ, ਐਸ ਬੀ ਐਮ ਦੇ ਸੋਧੇ ਦਿਸ਼ਾ ਨਿਰਦੇਸ਼ਾਂ (ਅਕਤੂਬਰ 2017) ਅਨੁਸਾਰ, ਰਾਜ ਸਰਕਾਰ, ਕੇਂਦਰ ਦੇ ਹਿੱਸੇ ਦੇ 75 *ਪ੍ਰਤੀਸ਼ਤ* ਨੂੰ ਮੈਚ ਕਰਨ ਲਈ ਸਾਰੇ ਭਾਗਾਂ ਲਈ ਘੱਟੋ ਘੱਟ 25 *ਪ੍ਰਤੀਸ਼ਤ* ਫੰਡਾਂ ਦਾ ਯੋਗਦਾਨ ਕਰੇਗੀ।

ਐਮ ਐਸ ਡਬਲਿਊ ਐਮ ਨੂੰ ਲਾਗੂ ਕਰਨ ਲਈ, ਐਸ ਬੀ ਐਮ (ਯੂ) ਅਧੀਨ ਗ੍ਰਾਂਟਾਂ, ਚੁਣੀਆਂ ਯੂ. ਐਲ. ਬੀਜ਼ ਦੇ ਆਪਣੇ ਸ੍ਰੋਤ, ਕੇਂਦਰ ਅਤੇ ਰਾਜ ਗ੍ਰਾਂਟਾਂ ਦੀ ਪ੍ਰਾਪਤੀ ਅਤੇ ਖਰਚੇ ਨੂੰ ਕ੍ਰਮਵਾਰ **ਸਾਰਣੀ** 4.5, **ਸਾਰਣੀ** 4.6 ਅਤੇ **ਸਾਰਣੀ** 4.7 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 4.5: ਐਮ ਐਸ ਡਬਲਿਊ ਐਮ ਦੇ ਲਾਗੂਕਰਨ ਲਈ ਐਸ ਬੀ ਐਮ (ਯੂ) ਅਧੀਨ ਗ੍ਰਾਂਟਾਂ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਮੁਢਲਾ ਬਕਾਇਆ | ਰਾਜ ਦੇ ਮੈਚਿੰਗ ਹਿੱਸੇ ਸਮੇਤ ਭਾਰਤ ਸਰਕਾਰ ਦੇ ਫੰਡ | | ਵਿੱਤ ਵਿਭਾਗ (ਪੰਜਾਬ ਸਰਕਾਰ) ਵੱਲੋਂ ਪੀ ਐਮ ਆਈ ਡੀ ਸੀ ਨੂੰ ਜਾਰੀ ਫੰਡ | | | ਵਿੱਤ ਵਿਭਾਗ (ਐਫ ਡੀ) ਵੱਲੋਂ ਪੀ ਐਮ ਆਈ ਡੀ ਸੀ ਨੂੰ ਜਾਰੀ ਹੋਣ ਵਾਲੇ ਬਕਾਇਆ ਫੰਡ | | | ਪੀ ਐਮ ਆਈ ਡੀ ਸੀ ਵੱਲੋਂ ਯੂ ਐਲ ਬੀਜ਼ ਨੂੰ ਜਾਰੀ ਫੰਡ | | | |
|---|---|---|---|---|---|---|---|---|---|---|---|---|---|
| | | ਰਾਜ ਨੂੰ ਜਾਰੀ ਭਾਰਤ ਸਰਕਾਰ ਦਾ ਹਿੱਸਾ | ਰਾਜ ਵਲੋਂ ਮਨਜ਼ੂਰ ਕੀਤਾ ਮੈਚਿੰਗ ਹਿੱਸਾ | ਭਾਰਤ ਸਰਕਾਰ ਦਾ ਹਿੱਸਾ | ਰਾਜ ਦਾ ਮੈਚਿੰਗ ਹਿੱਸਾ | ਕੁੱਲ ਫੰਡ (v)+(vi) | ਭਾਰਤ ਸਰਕਾਰ ਦਾ ਹਿੱਸਾ | ਰਾਜ ਦਾ ਹਿੱਸਾ | ਕੁੱਲ ਫੰਡ (viii) + (ix) | ਭਾਰਤ ਸਰਕਾਰ ਹਿੱਸਾ | ਰਾਜ ਦਾ ਹਿੱਸਾ | ਕੁੱਲ (xi)+(xii) | ਅੰਤਮ ਬਕਾਇਆ (vii+ ii) - (xiii) |
| (i) | (ii) | (iii) | (iv) | (v) | (vi) | (vii) | (viii) | (ix) | (x) | (xi) | (xii) | (xiii) | (xiv) |
| 2013-14 | 0.00 | 12.23 | 4.89 | 0.00 | 0.00 | 0.00 | 12.23 | 4.89 | 17.12 | 0.00 | 0.00 | 0.00 | 0.00 |
| 2014-15 | 0.00 | 23.00 | 7.67 | 12.23 | 4.89 | 17.12 | 23.00 | 7.67 | 30.67 | 0.00 | 0.00 | 0.00 | 17.12 |
| 2015-16 | 17.12 | 0.00 | 0.00 | 23.00 | 0.00 | 23.00 | 0.00 | 7.67 | 7.67 | 17.36 | 4.89 | 22.25 | 17.87 |
| 2016-17 | 17.87 | 0.00 | 0.00 | 0.00 | 7.67 | 7.67 | 0.00 | 0.00 | 0.00 | 17.87 | 5.19 | 23.06 | 2.48 |
| 2017-18 | 2.48 | 97.38 | 64.92 | 40.00 | 2.52* | 42.52 | 57.38 | 64.92 | 122.30 | 0.67 | 4.37 | 5.04 | 39.96 |
| **Total** | | | | | | **90.31** | | | | | | **50.35** | |

*ਸ੍ਰੋਤ: ਪੀ ਐਮ ਆਈ ਡੀ ਸੀ ਵੱਲੋਂ ਭੇਜੀ ਗਈ ਸੂਚਨਾ*

** ਐਸ ਬੀ ਐਮ ਗ੍ਰਾਂਟ ਅਧੀਨ ਮਾਰਚ 2018 ਵਿੱਚ ਰਾਜ ਦੇ ਮੈਚਿੰਗ ਹਿੱਸੇ ਦੇ, ਜਾਰੀ ₹ 2.52 ਕਰੋੜ ਅੰਮ੍ਰਿਤਸਰ ਸ਼ਹਿਰ ਵਿਖੇ ਐਸ ਡਬਲਿਊ ਐਮ ਪ੍ਰੋਜੈਕਟ ਸ਼ੁਰੂ ਨਾ ਹੋਣ ਕਰਕੇ, ਜੇ ਐਨ ਐਨ ਯੂ ਆਰ ਐਮ ਅਧੀਨ ਪੀ ਐਮ ਆਈ ਡੀ ਸੀ ਕੋਲ ਉਪਲੱਬਧ ਸੀ।*

ਸਾਰਣੀ 4.5 ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ :

➢ 2013-14 ਦੌਰਾਨ ਜਾਰੀ ਭਾਰਤ ਸਰਕਾਰ ਦੇ ₹ 12.23 ਕਰੋੜ ਦੇ ਹਿੱਸੇ ਵਿਰੁੱਧ, ਪੰਜਾਬ ਸਰਕਾਰ ਨੇ ਪੀ ਐਮ ਆਈ ਡੀ ਸੀ ਨੂੰ ਭਾਰਤ ਸਰਕਾਰ ਦਾ ਹਿੱਸਾ ₹ 4.89 ਕਰੋੜ ਰਾਜ ਦੇ ਮੈਚਿੰਗ ਹਿੱਸੇ, ਨਾਲ 2014-15 ਵਿੱਚ ਜਾਰੀ ਕੀਤਾ।

➢ 2014-15 ਦੌਰਾਨ ਭਾਰਤ ਸਰਕਾਰ ਵਲੋਂ ਜਾਰੀ ₹ 23.00 ਕਰੋੜ ਦੇ ਹਿੱਸੇ ਅਤੇ ਮਨਜ਼ੂਰ ਹੋਏ ਰਾਜ ਦੇ ਮੈਚਿੰਗ ਹਿੱਸੇ ਦੇ ₹ 7.67 ਕਰੋੜ ਦੇ ਵਿਰੁੱਧ, ਪੰਜਾਬ ਸਰਕਾਰ ਨੇ 2015-16 ਵਿੱਚ ₹ 23.00 ਕਰੋੜ ਅਤੇ 2016-17 ਵਿੱਚ ₹ 7.67 ਕਰੋੜ ਜਾਰੀ ਕੀਤੇ।

➢ 2017-18 ਦੌਰਾਨ ਭਾਰਤ ਸਰਕਾਰ ਵਲੋਂ ਜਾਰੀ ₹ 97.38 ਕਰੋੜ ਦੇ ਹਿੱਸੇ ਦੇ ਵਿਰੁਧ, ਪੰਜਾਬ ਸਰਕਾਰ ਨੇ ਸਿਰਫ ₹ 40.00 ਕਰੋੜ ਹੀ ਜਾਰੀ ਕੀਤੇ ਅਤੇ ਰਾਜ ਮੈਚਿੰਗ ਹਿੱਸੇ ਦੇ ₹ 64.92 ਕਰੋੜ ਭਾਵੇਂ ਮਨਜ਼ੂਰ ਹੋ ਗਏ ਸਨ, ਪਰ ਪੀ ਐਮ ਆਈ ਡੀ ਸੀ ਨੂੰ ਜਾਰੀ ਨਹੀਂ ਕੀਤੇ ਗਏ ਸਨ।

ਪੀ ਐਸ ਆਈ ਡੀ ਸੀ ਨੇ ਕਿਹਾ (ਅਗਸਤ 2021) ਕਿ ਅੱਜ ਤੱਕ ਵਿੱਤ ਵਿਭਾਗ ਕੋਲ ਕੋਈ ਮੰਨਜ਼ੂਰੀ/ਰਿਲੀਜ਼ ਕਰਨ ਲਈ ਫੰਡ ਬਕਾਇਆ ਨਹੀ ਹਨ। ਹਾਲਾਂਕਿ, ਰਾਜ ਸਰਕਾਰ ਤੋਂ ਪ੍ਰਾਪਤ ਬਕਾਇਆ ਫੰਡਾਂ ਦੇ ਵੇਰਵੇ ਪੇਸ਼ ਨਹੀਂ ਕੀਤੇ।

➢ 2015-18 ਦੌਰਾਨ ਪੀ ਐਮ ਆਈ ਡੀ ਸੀ ਵੱਲੋਂ ਯੂ ਐਲ ਬੀਜ਼ ਨੂੰ ₹ 90.31 ਕਰੋੜ ਦੇ ਉਪਲੱਬਧ ਫੰਡਾਂ ਵਿੱਚੋਂ ₹ 50.35 ਕਰੋੜ ਦੇ ਫੰਡ ਜਾਰੀ ਕੀਤੇ ਗਏ। ਹਾਲਾਂਕਿ, ₹ 39.96 ਕਰੋੜ ਦੇ ਬਕਾਇਆ ਫੰਡ ਨਵੰਬਰ 2018 ਤੱਕ ਵੰਡੇ ਗਏ ਸਨ।

**ਸਾਰਣੀ 4.6: ਐਮ ਐਸ ਡਬਲਿਊ ਐਮ ਦੇ ਲਾਗੂਕਰਣ ਲਈ ਚੋਣਵੀਆਂ ਯੂ ਐਲ ਬੀਜ਼ ਦੇ ਆਪਣੇ ਸ੍ਰੋਤਾਂ ਦਾ ਵੇਰਵਾ**

*(₹ ਕਰੋੜ ਵਿੱਚ)*

| ਸਾਲ | ਐਮ ਸੀ ਬਠਿੰਡਾ | | ਐਮ ਸੀ ਜਲੰਧਰ | | ਐਮ ਸੀ ਲੁਧਿਆਣਾ | |
|---|---|---|---|---|---|---|
| | ਬਜਟ | ਖਰਚਾ | ਬਜਟ | ਖਰਚਾ | ਬਜਟ | ਖਰਚਾ |
| 2015-16 | 1.50 | 1.64 | 2.10 | 1.86 | 28.00 | 27.94 |
| 2016-17 | 1.50 | 1.88 | 3.50 | 3.28 | 15.00 | 25.48 |
| 2017-18 | 2.00 | 1.32 | 3.75 | 2.43 | 25.00 | 17.76 |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ 4.7:ਸਵੱਛ ਭਾਰਤ ਮਿਸ਼ਨ ਅਧੀਨ ਐਮ ਐਸ ਡਬਲਿਊ ਐਮ ਲਈ ਕੇਂਦਰੀ ਅਤੇ ਰਾਜ ਗ੍ਰਾਂਟਾਂ ਦੀ ਪ੍ਰਾਪਤੀ ਅਤੇ ਖਰਚਾ**

*(₹ ਕਰੋੜ ਵਿੱਚ)*

| ਯੂ ਐਲ ਬੀ ਦਾ ਨਾਂਅ | | ਐਮ ਸੀ ਬਠਿੰਡਾ | | | ਐਮ ਸੀ ਜਲੰਧਰ | | | ਐਮ ਸੀ ਲੁਧਿਆਣਾ | | |
|---|---|---|---|---|---|---|---|---|---|---|
| ਸਾਲ | | 2015-16 | 2016-17 | 2017-18 | 2015-16 | 2016-17 | 2017-18 | 2015-16 | 2016-17 | 2017-18 |
| ਮੁਢਲਾ ਬਕਾਇਆ | | 0.01 | 0.19 | 0.89 | 0.00 | 0.00 | 0.86 | 0.00 | 10.81 | 0.08 |
| ਪ੍ਰਾਪਤ ਗ੍ਰਾਂਟ | ਭਾਰਤ ਸਰਕਾਰ ਦਾ ਹਿੱਸਾ | 0.50 | 1.71 | 0.00 | 0.00 | 3.71 | 0.00 | 12.23 | 1.08 | 3.33 |
| | ਰਾਜ ਦਾ ਹਿੱਸਾ | 0.00 | 0.00 | 1.73 | 0.00 | 0.00 | 0.00 | 4.89 | 0.00 | 0.00 |
| ਵਿਆਜ | | 0.00 | 0.00 | 0.04 | 0.00 | 0.00 | 0.00 | 0.06 | 0.25 | 0.04 |
| ਪ੍ਰਾਪਤ ਹੋਏ ਕੁੱਲ ਫੰਡ | | 0.51 | 1.90 | 2.66 | 0.00 | 3.71 | 0.86 | 17.18 | 12.14 | 3.45 |
| ਖਰਚਾ | | 0.32 | 1.01 | 02.11 | 0.00 | 2.85 | 0.00 | 6.37 | 12.06 | 3.44 |
| **ਅੰਤਮ ਬਕਾਇਆ** | | **0.19** | **0.89** | **0.55** | **0.00** | **0.86** | **0.86** | **10.81** | **0.08** | **0.01** |

*ਸ੍ਰੋਤ: ਵਿਭਾਗੀ ਡਾਟਾ*

ਉਪਰੋਕਤ ਸਾਰਣੀ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ:

- ਭਾਰਤ ਸਰਕਾਰ ਦੇ ਹਿੱਸੇ ਦੇ ₹ 0.50 ਕਰੋੜ ਅਤੇ ₹ 1.71 ਕਰੋੜ ਦੇ ਵਿਰੁੱਧ, ਕ੍ਰਮਵਾਰ 2015-16 ਅਤੇ 2016-17 ਦੌਰਾਨ, ਰਾਜ ਦਾ ਕੋਈ ਮੈਚਿੰਗ ਹਿੱਸਾ ਐਮ ਸੀ ਬਠਿੰਡਾ ਨੂੰ ਜਾਰੀ ਨਹੀਂ ਕੀਤਾ ਗਿਆ ਸੀ। 2017-18 ਦੌਰਾਨ ਭਾਰਤ ਸਰਕਾਰ ਦਾ ਕੋਈ ਹਿੱਸਾ ਜਾਰੀ ਨਹੀਂ ਕੀਤਾ ਗਿਆ ਸੀ।
- 2016-17 ਦੌਰਾਨ ਭਾਰਤ ਸਰਕਾਰ ਦੇ ਹਿੱਸੇ ਦੇ ₹ 3.71 ਕਰੋੜ ਦੇ ਵਿਰੁੱਧ ਰਾਜ ਦਾ ਕੋਈ ਮੈਚਿੰਗ ਹਿੱਸਾ ਐਮ ਸੀ, ਜਲੰਧਰ ਨੂੰ ਜਾਰੀ ਨਹੀਂ ਕੀਤਾ ਗਿਆ ਸੀ। 2017-18 ਦੌਰਾਨ, ਭਾਰਤ ਸਰਕਾਰ ਦਾ ਹਿੱਸਾ ਜਾਰੀ ਨਹੀਂ ਕੀਤਾ ਗਿਆ ਸੀ।
- ਸਾਲ 2016-17 ਅਤੇ 2017-18 ਦੌਰਾਨ ਭਾਰਤ ਸਰਕਾਰ ਦੇ ਹਿੱਸੇ ਦੇ ਜਾਰੀ ਹੋਏ ਕ੍ਰਮਵਾਰ ₹ 1.08 ਕਰੋੜ ਅਤੇ ₹ 3.33 ਕਰੋੜ ਦੇ ਵਿਰੁੱਧ, ਐਮ ਸੀ, ਲੁਧਿਆਣਾ ਨੂੰ ਰਾਜ ਦਾ ਕੋਈ ਮੈਚਿੰਗ ਹਿੱਸਾ ਜਾਰੀ ਨਹੀਂ ਕੀਤਾ ਗਿਆ ਸੀ।

  ਪੀ ਐਸ ਆਈ ਡੀ ਸੀ ਨੇ ਕਿਹਾ (ਅਗਸਤ 2021) ਯੂ ਐਲ ਬੀ ਕੋਲ ਫੰਡਾਂ ਦੀ ਪਾਰਕਿੰਗ ਤੋਂ ਬਚਣ ਲਈ ਮਨਜ਼ੂਰ ਕੀਤੇ ਕੰਮਾਂ ਦੇ ਵਿਰੁੱਧ ਯੂ ਐਲ ਬੀ ਨੂੰ ਟਰਾਂਸਫਰ ਕੀਤਾ ਗਿਆ ਸੀ ਅਤੇ ਅੱਜ ਤੱਕ ਯੂ ਐਲ ਬੀ ਦੁਆਰਾ ਐਸ ਡਬਲਿਊ ਐਮ ਫੰਡਾਂ ਦੀ ਮੰਗ ਦਾ ਕੋਈ ਪ੍ਰਸਤਾਵ ਪੀ ਐਮ ਆਈ ਡੀ ਸੀ ਕੋਲ ਲੰਬਿਤ ਨਹੀਂ ਸੀ।

### *4.2.2.1 ਫੰਡਾਂ ਦੀ ਅਨਿਯਮਤ ਵਰਤੋਂ*

(**i**) ਪੀ ਐਮ ਆਈ ਡੀ ਸੀ ਵੱਲੋਂ ਲਾਈਆਂ ਨਿਯਮ ਅਤੇ ਸ਼ਰਤਾਂ (ਅਪ੍ਰੈਲ ਅਤੇ ਜੁਲਾਈ 2016) ਅਨੁਸਾਰ, ਐਸ ਬੀ ਐਮ (ਯੂ) ਫੰਡ ਪ੍ਰਾਪਤੀ ਦੀ ਮਿਤੀ ਤੋਂ ਦੋ ਮਹੀਨਿਆਂ ਦੇ ਅੰਦਰ ਅੰਦਰ ਉਪਕਰਣ ਅਤੇ ਮਸ਼ੀਨਰੀ ਦੀ ਖਰੀਦ ਲਈ ਵਰਤੇ ਜਾਣੇ ਸਨ ਅਤੇ ਅਣਵਰਤਿਆ ਬਕਾਇਆ ਪੀ ਐਮ ਆਈ ਡੀ ਸੀ ਨੂੰ ਵਾਪਸ ਕਰਨਾ ਸੀ।

ਐਮ ਸੀ, ਬਠਿੰਡਾ ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਜੁਲਾਈ 2018) ਕਿ ਪੀ ਐਮ ਆਈ ਡੀ ਸੀ ਵੱਲੋਂ ₹ 1.71 ਕਰੋੜ ਦੀ ਰਾਸ਼ੀ (ਅਪ੍ਰੈਲ 2016 ਵਿੱਚ ₹ 0.30 ਕਰੋੜ ਅਤੇ ਜੁਲਾਈ 2016 ਵਿੱਚ ₹ 1.41 ਕਰੋੜ) ਮਸ਼ੀਨਰੀ ਅਤੇ ਉਪਕਰਣ ਦੀ ਖਰੀਦ ਲਈ ਐਮ ਸੀ ਨੂੰ ਜਾਰੀ ਕੀਤੀ ਗਈ ਸੀ। ਫੰਡ ਕ੍ਰਮਵਾਰ ਜੂਨ 2016 ਅਤੇ ਸਤੰਬਰ 2016 ਤੱਕ ਵਰਤੇ ਜਾਣੇ ਸਨ। ਪ੍ਰੰਤੂ, ਐਮ ਸੀ, ਬਠਿੰਡਾ ਨੇ ਉਪਕਰਣ ਅਤੇ ਮਸ਼ੀਨਰੀ ਦੀ ਖਰੀਦ ਤੋਂ ਫੰਡਾਂ ਦੀ ਦਿਸ਼ਾ ਬਦਲੀ ਕਰਦੇ ਹੋਏ, ₹ 0.61 ਕਰੋੜ (ਮਾਰਚ 2017) ਵਾਹਨਾਂ ਦੀ ਖਰੀਦ ਉੱਤੇ ਅਤੇ ₹ 0.41 ਕਰੋੜ (ਅਗਸਤ 2017) ਟਿਪਿੰਗ ਫੀਸ ਦੀ ਅਦਾਇਗੀ ਲਈ, ਅਤੇ ਉਹ ਵੀ 12 ਮਹੀਨਿਆਂ ਤੱਕ ਦੀ ਦੇਰੀ ਨਾਲ ਖਰਚ ਕੀਤੇ। ਉਪਰੋਕਤ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਵਿੱਚ, ₹ 0.69 ਕਰੋੜ ਦਾ ਅਣਵਰਤਿਆਂ ਬਕਾਇਆ ਜਮ੍ਹਾਂ ਇਸ ਉੱਤੇ ਬਣਦੇ ਵਿਆਜ ਸਮੇਤ, ਪੀ ਐਮ ਆਈ ਡੀ ਸੀ ਨੂੰ ਵਾਪਸ ਨਹੀਂ ਕੀਤਾ ਗਿਆ ਸੀ (ਜੂਨ 2018)।

ਐਮ ਸੀ, ਬਠਿੰਡਾ ਨੇ ਕਿਹਾ (ਜੁਲਾਈ 2018) ਕਿ ਨੈਸ਼ਨਲ ਗ੍ਰੀਨ ਟ੍ਰਿਬ੍ਰਿਨਲ (ਐਨ ਜੀ ਟੀ) ਦੇ ਨਿਰਦੇਸ਼ਾਂ 'ਤੇ ਕੁਲੈਕਸ਼ਨ ਅਤੇ ਢੋ ਢੋਆਈ ਓਪਰੇਸ਼ਨਾਂ ਲਈ ਲੋੜੀਂਦੇ ਦੋ ਕੰਪੈਕਟਰਾਂ ਅਤੇ 50 ਰਿਕਸ਼ਿਆਂ ਦੀ ਖਰੀਦ ਲਈ 02 ਜੁਲਾਈ 2018 ਨੂੰ ਟੈਂਡਰ ਫਲੋਟ ਕੀਤਾ ਗਿਆ ਸੀ ਅਤੇ ਉਪਲਬੱਧ ਬਕਾਇਆ ਵਰਤਿਆ ਜਾਵੇਗਾ। ਉੱਤਰ ਮੰਨਣਯੋਗ ਨਹੀਂ ਸੀ, ਕਿਉਂਕਿ

ਐਸ ਡਬਲਿਯੂ ਐਮ ਦੁਆਰਾ ਫੰਡਾਂ ਦੀ ਵਰਤੋਂ ਤੈਅ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਵਿੱਚ ਸੀ। ਇਸ ਸਬੰਧ ਵਿੱਚ ਅੱਗੇ ਉੱਤਰ/ਕਾਰਵਾਈ ਦਾ ਇੰਤਜਾਰ ਸੀ (ਅਗਸਤ 2021)।

(**ii**) ਪੀ ਐਮ ਆਈ ਡੀ ਸੀ ਨੇ ਜੇ ਐਨ ਐਨ ਯੂ ਆਰ ਐਮ ਅਧੀਨ ਐਮ ਸੀ ਐਲ ਨੂੰ ₹ 17.12 ਕਰੋੜ ਦੀ ਗ੍ਰਾਂਟ (₹ 12.23 ਕਰੋੜ (ਭਾਰਤ ਸਰਕਾਰ ਹਿੱਸਾ) ਅਤੇ ₹ 4.89 ਕਰੋੜ (ਰਾਜ ਦਾ ਹਿੱਸਾ)) ਜਾਰੀ ਕੀਤੀ (ਅਗਸਤ 2015)। ਗ੍ਰਾਂਟ ਦੀ ਵਰਤੋਂ ਬਿਲਕੁਲ ਇੰਟੀਗ੍ਰੇਟਡ ਐਮ ਐਸ ਡਬਲਿਊ ਐਮ ਸਹੂਲਤਾਂ ਤੇ ਜੀ ਓ ਆਈ, ਸ਼ਹਿਰੀ ਵਿਕਾਸ ਮੰਤਰਾਲੇ, ਦੀ ਮਨਜ਼ੂਰੀ (21 ਫਰਵਰੀ 2014) ਅਨੁਸਾਰ ਕੀਤੀ ਜਾਣੀ ਸੀ।

ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਅਗਸਤ 2018) ਕਿ ਐਮ ਸੀ, ਲੁਧਿਆਣਾ ਨੇ ਭਾਰਤ ਸਰਕਾਰ ਦੀ ਮਨਜੂਰੀ ਦੀ ਉਲੰਘਣਾ ਵਿੱਚ ਰਾਜ ਦੇ ਹਿੱਸੇ ਦੇ ₹ 4.89 ਕਰੋੜ ਦੀ ਵਰਤੋਂ, ਵਾਹਨਾਂ ਅਤੇ ਮਸ਼ੀਨਰੀ ਦੀ ਖਰੀਦ ਲਈ ਕੀਤੀ।

ਐਮ ਸੀ, ਲੁਧਿਆਣਾ ਨੇ ਉੱਤਰ ਦਿੱਤਾ (ਅਗਸਤ 2018) ਕਿ ਜੀ ਓ ਪੀ ਦੇ ਹਿੱਸੇ ਦੇ ₹ 4.89 ਕਰੋੜ ਕਨਸੈਸ਼ਨੇਅਰ ਨੂੰ ਨਹੀਂ ਦਿਤੇ ਜਾ ਸਕੇ ਕਿਉਂਕਿ ਦੱਸੀ ਗਈ ਰਕਮ ਨਿਗਮ ਵਲੋਂ ਸੈਨੀਟੇਸ਼ਨ ਅਤੇ ਸੀਵਰੇਜ ਕੰਮ ਨਾਲ ਸਬੰਧਤ ਮਸ਼ੀਨਰੀ ਦੀ ਖਰੀਦ ਲਈ ਵਰਤੀ ਗਈ ਸੀ। ਨਿਗਮ ਕੋਲ ਫੰਡਾਂ ਦੀ ਘਾਟ ਕਾਰਣ ਪ੍ਰੋਜੈਕਟ ਲਈ ਕਨਸੈਸ਼ਨੇਅਰ ਨੂੰ ਫੰਡ ਟਰਾਂਸਫਰ ਨਹੀ ਕੀਤੇ ਜਾ ਸਕੇ ਸਨ। ਜੀ ਓ ਪੀ ਦੇ ਨਿਰਦੇਸ਼ਾਂ (15 ਜਨਵਰੀ 2018) ਅਨੁਸਾਰ, ਐਮ ਸੀ, ਲੁਧਿਆਣਾ ਨੇ ₹ ਚਾਰ ਕਰੋੜ ਦੀ ਗ੍ਰਾਂਟ ਕਨਸੈਸ਼ਨੇਅਰ ਨੂੰ ਟਰਾਂਸਫਰ ਕੀਤੀ ਅਤੇ ₹ 0.89 ਕਰੋੜ ਦਾ ਬਕਾਇਆ ਅਜੇ ਟਰਾਂਸਫਰ ਕਰਨਾ ਸੀ (ਅਗਸਤ 2018)। ਐਮ ਸੀ, ਲੁਧਿਆਣਾ ਦਾ ਜਵਾਬ ਭਾਰਤ ਸਰਕਾਰ ਦੀ ਮੰਨਜੂਰੀ ਦੇ ਅਧੀਨ ਉਪਬੰਧਾਂ ਅਨੁਸਾਰ ਨਹੀਂ ਸੀ।

ਇਸ ਸਬੰਧ ਵਿੱਚ ਮੌਜੂਦਾ ਸਥਿਤੀ (ਫਰਵਰੀ 2021) ਐਮ ਸੀ, ਲੁਧਿਆਣਾ ਤੋਂ ਮੰਗੀ ਗਈ ਸੀ; ਜਵਾਬ ਦੀ ਉਡੀਕ ਸੀ (ਅਗਸਤ 2021)।

### *4.2.2.2 ਭੂਮੀ ਪੱਟੇ ਦੇ ਕਿਰਾਏ ਦੀ ਵਸੂਲੀ ਨਾ ਕਰਨਾ*

ਨਗਰ ਨਿਗਮ, ਜਲੰਧਰ ਨੇ 23 ਅਪ੍ਰੈਲ 1999 ਨੂੰ ਪੰਜਾਬ ਗਰੋਅ ਮੋਰ ਫਰਟੀਲਾਈਜ਼ਰ (ਪੀ) ਲਿਮਟਡ ਜਲੰਧਰ (ਪੀ ਜੀ ਐਮ ਐਫ) ਨਾਲ ਇੱਕ ਇਕਰਾਰਨਾਮਾ ਸਹੀਬੱਧ ਕੀਤਾ ਜਿਸਨੇ ਈ ਐਕਸ ਸੀ ਈ ਐਲ ਨਾਲ ਇੱਕ ਇਕਰਾਰਨਾਮਾ ਕੀਤਾ (ਜਿਸਨੇ ਪੀ ਜੀ ਐਮ ਐਫ ਨੂੰ ਟੈਕਨੀਕਲ ਕੰਸਲਟੈਂਸੀ ਮੁਹੱਈਆ ਕਰਵਾਉਣੀ ਸੀ) ਐਮ ਸੀ ਜਲੰਧਰ ਅਤੇ ਪੀ ਜੀ ਐਮ ਐਫ ਨੇ ਈ ਐਕਸ ਸੀ ਈ ਐਲ ਨਾਲ ਮਿਲ ਨੇ ਜਲੰਧਰ ਵਿਖੇ ਐਕਸਲ ਦੀ ਟੈਕਨਾਲੋਜੀ ਦੀ ਵਰਤੋਂ ਕਰਦੇ ਹੋਏ ਸੋਇਲ ਐਨਰਿਚਰ (ਸੀ ਈ ਐਲ ਆਰ ਆਈ ਸੀ ਐਚ) ਵਿੱਚ ਐਮ ਐਸ ਡਬਲਿਊ ਦੇ ਬਾਇਓ-ਕਨਵਰਸ਼ਨ ਦੇ ਟਰੀਟਮੈਂਟ ਦੇ ਖੇਤਰ ਵਿੱਚ ਇੱਕਠੇ ਕੰਮ ਕਰਨ ਲਈ ਸਹਿਮਤੀ ਕੀਤੀ। ਐਮ ਸੀ ਜੇ ਨੇ ਈ ਐਕਸ ਸੀ ਈ ਐਲ ਨੂੰ ਇਕਰਾਰਨਾਮਾ ਕੀਤੇ ਜਾਣ ਦੀ ਮਿਤੀ ਤੋਂ 30 ਸਾਲਾਂ ਦੇ ਸਮੇਂ ਲਈ 14 ਏਕੜ ਜਮੀਨ ਉਤੇ ਰੋਜ਼ਾਨਾ 350 ਮੀਟਰਕ ਟੱਨ ਤਾਜਾ ਕੂੜਾ ਪ੍ਰੋਸੈਸ ਕਰਨ ਦੀ ਸਮਰੱਥਾ ਨਾਲ ਵੇਸਟ ਕਨਵਰਸ਼ਨ ਪਲਾਂਟ, ਵੇਅਰਹਾਊਸਿੰਗ ਅਤੇ ਬੁਨਿਆਦੀ ਢਾਂਚਾ ਸਹੂਲਤਾਂ ਦੀ ਸਥਾਪਤੀ ਲਈ ਪ੍ਰਵੇਸ਼ ਕਰਨ ਲਈ ਪੱਟਾ ਪ੍ਰਦਾਨ ਕੀਤਾ। ਪੀ ਜੀ ਐਮ ਐਫ, ਜਮੀਨ ਦੀ ਵਰਤੋਂ ਲਈ ₹ ਇੱਕ ਪ੍ਰਤੀ ਵਰਗ ਮੀਟਰ ਪ੍ਰਤੀ ਸਾਲ ਦੀ ਦਰ ਨਾਲ ਹਰੇਕ ਵਿੱਤੀ ਸਾਲ ਦੇ ਸ਼ੁਰੂ ਹੋਣ ਦੇ 30 ਦਿਨਾਂ ਦੇ ਅੰਦਰ ਅੰਦਰ ਅਡਵਾਂਸ ਵਿੱਚ ਪੱਟਾ ਕਿਰਾਏ ਦੀ ਅਦਾਇਗੀ ਕਰੇਗੀ। ਪੱਟਾ ਕਿਰਾਇਆ, ਇਕਰਾਰਨਾਮਾ ਕੀਤੇ ਜਾਣ ਦੀ ਮਿਤੀ ਤੋਂ ਅਦਾਇਗੀਯੋਗ ਸੀ। ਇਸ ਕਿਰਾਏ ਵਿੱਚ ਹਰੇਕ ਤਿੰਨ ਸਾਲਾਂ ਦੇ ਬਲਾਕ ਲਈ,

ਪਿਛਲੇ ਤਿੰਨ ਸਾਲਾਂ ਦੇ ਬਲਾਕ ਦੇ 15 *ਪ੍ਰਤੀਸ਼ਤ* ਦੀ ਦਰ ਨਾਲ ਵਾਧਾ ਹੋਣਾ ਸੀ। ਪ੍ਰੰਤੂ, ਐਮ ਸੀ, ਜਲੰਧਰ ਵੱਲ ਬਣਦੀ ਕਿਸੇ ਅਦਾਇਗੀ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਪੀ ਜੀ ਐਮ ਐਫ 18 *ਪ੍ਰਤੀਸ਼ਤ* ਸਾਲਾਨਾ ਦੀ ਦਰ ਨਾਲ ਵਿਆਜ ਦੀ ਅਦਾਇਗੀ ਕਰੇਗਾ।

ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਮਈ 2018 ਅਤੇ ਫਰਵਰੀ 2019) ਕਿ ਐਮ ਸੀ ਜੇ ਨੇ ਨਾ ਤਾਂ ਮਈ 1999 ਤੋਂ ਮਾਰਚ 2019 ਦੇ ਸਮੇਂ ਲਈ ₹ 0.17 ਕਰੋੜ ਦੇ ਕਿਰਾਏ ਦੀ ਵਸੂਲੀ ਕੀਤੀ ਅਤੇ ਨਾ ਹੀ ਇਕਰਾਰਨਾਮੇ ਅਨੁਸਾਰ ਏਜੰਸੀ ਤੋਂ ₹ 0.25 ਕਰੋੜ ਦੀ ਵਿਆਜ ਦੀ ਰਾਸ਼ੀ ਵਸੂਲ ਕੀਤੀ।

ਧਿਆਨ ਵਿੱਚ ਲਿਆਉਣ ਤੇ, ਐਮ ਸੀ, ਜਲੰਧਰ ਨੇ ਕਿਹਾ (ਸਤੰਬਰ 2018 ਅਤੇ ਫਰਵਰੀ 2019) ਕਿ ਪਲਾਂਟ ਕ੍ਰਿਆਸ਼ੀਲ ਨਹੀਂ ਸੀ ਅਤੇ ਪੀ ਜੀ ਐਮ ਐਫ ਅਜੇ ਤੱਕ ਕੋਈ ਜਮੀਨ ਦਾ ਪੱਟਾ ਕਿਰਾਇਆ ਨਹੀਂ ਦੇ ਰਿਹਾ ਸੀ। ਵਿਭਾਗ ਦਾ ਉਤੱਰ ਮੰਨਣਯੋਗ ਨਹੀਂ ਸੀ ਕਿਉਂਕਿ ਐਮ ਸੀ, ਜਲੰਧਰ, ਠੇਕਾ ਕਿਰਾਏ ਦੇ ₹ 0.42 ਕਰੋੜ ਦੇ ਨਾਲ ਨਾਲ ਇਕਰਾਰਨਾਮੇ ਅਨੁਸਾਰ ਉਸ ਤੇ ਵਿਆਜ ਦੀ ਵਸੂਲੀ ਕਰਨ ਵਿੱਚ ਅਸਫਲ ਰਹੀ ਸੀ।

ਐਮ ਸੀ, ਜਲੰਧਰ ਤੋਂ ਕਿਰਾਏ ਦੀ ਵਸੂਲੀ ਅਤੇ ਵੇਸਟ ਕਨਵਰਸ਼ਨ ਪਲਾਟ ਦੇ ਸੰਚਾਲਨ ਦੀ ਤਾਜਾ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021 ਅਤੇ ਅਗਸਤ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.2.3 ਪੋਸਟ ਕਲੋਜਰ ਪਰਫਾਰਮੈਂਸ ਲੇਖਾ ਨਾ ਬਣਾਉਣਾ*

ਠੇਕਾ ਇਕਰਾਰਨਾਮੇ (ਨਵੰਬਰ 2011) ਦਾ ਪੈਰ੍ਹਾ 7.4 (ਅਨੁਲੱਗ-13 ਐਫ) ਵਿਵਸਥਾ ਕਰਦਾ ਹੈ ਕਿ ਕਨਸੈਸ਼ਨਿੰਗ ਅਥਾਰਟੀ ਅਤੇ ਕਨਸੈਸ਼ਨੇਅਰ, ਕਮਿਸ਼ਨਿੰਗ-ਪ੍ਰੋਸੈਸਿੰਗ ਐਂਡ ਡਿਸਪੋਜਲ (ਸੀ ਓ ਡੀ-ਪੀ ਐਂਡ ਡੀ) ਦੀ ਮਿਤੀ ਤੋਂ ਘੱਟੋ ਘੱਟ 30 ਦਿਨ ਪਹਿਲਾਂ,ਕਨਸੈਸ਼ਨੇਅਰ ਦੀਆਂ ਕਾਰਗੁਜਾਰੀ ਜਿੰਮੇਵਾਰੀਆਂ ਲਈ ਗਰੰਟੀ ਵਜੋਂ ਸੰਯੁਕਤ ਰੂਪ ਵਿੱਚ ਪੋਸਟ ਕਲੋਜ਼ਰ ਪ੍ਰੋਫਾਰਮੈਂਸ ਲੇਖਾ ਨਾਮਕ ਇੱਕ ਫੰਡ ਲੇਖਾ ਬਣਾਏਗਾ। ਕਨਸੈਸ਼ਨਿੰਗ ਅਥਾਰਟੀ (ਪਾਜ਼ਿਟਿਵ ਟਿਪਿੰਗ ਫੀਸ ਦੇ ਮਾਮਲੇ ਵਿੱਚ) ਅਤੇ ਕਨਸੈਸ਼ਨੇਅਰ (ਨੈਗੇਟਿਵ ਟਿਪਿੰਗ ਫੀਸ ਦੇ ਮਾਮਲੇ ਵਿੱਚ), ਮਹੀਨਾਵਾਰ ਅਦਾਇਗੀ-ਪੀ ਐਂਡ ਡੀ ਦੇ 1.5 *ਪ੍ਰਤੀਸ਼ਤ* ਦੇ ਬਰਾਬਰ, ਪੋਸਟ ਕਲੋਜ਼ਰ ਗਤੀਵਿਧੀਆਂ ਨਾਲ ਸਬੰਧਤ ਖਰਚਿਆਂ ਦੀ ਪੂਰਤੀ ਲਈ ਕਨਸੈਸ਼ਨਿੰਗ ਅਥਾਰਟੀ ਵੱਲੋਂ ਇੱਕ ਵੱਖਰੇ ਬੈਂਕ ਖਾਤੇ ਵਜੋਂ ਰੱਖੇ 'ਪੋਸਟ ਕਲੋਜ਼ਰ ਪ੍ਰੋਫਾਰਮੈਂਸ ਲੇਖੇ' ਵਿੱਚ ਬਕਾਇਆ ਰਾਸ਼ੀ ਜਮ੍ਹਾਂ ਕਰਵਾਉਣਗੇ।

ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਜੁਲਾਈ 2018) ਕਿ ਐਮ ਸੀ, ਬਠਿੰਡਾ ਨੇ (ਅਕਤੂਬਰ 2015 ਤੋਂ ਜਨਵਰੀ 2018) ਕਨਸੈਸ਼ਨੇਅਰ ਨੂੰ ਟਿਪਿੰਗ ਫੀਸ ਵਜੋਂ ₹ 2.98 ਕਰੋੜ ਦੀ ਅਦਾਇਗੀ ਕੀਤੀ। ਪ੍ਰੰਤੂ, ਪੋਸਟ ਕਲੋਜਰ ਚਾਰਜਿਜ ਵਜੋਂ ਡਿਊ ₹ 4.47 ਲੱਖ (₹ 2.98 ਕਰੋੜ ਦੇ 1.5 *ਪ੍ਰਤੀਸ਼ਤ* ਦੀ ਦਰ ਨਾਲ) ਟਿਪਿੰਗ ਫੀਸ ਵਿੱਚੋਂ ₹ 2.33 ਲੱਖ ਦੀ ਕਟੌਤੀ, ₹ 2.14 ਲੱਖ ਦਾ ਬਕਾਇਆ ਛਡ ਕੇ, ਕਰ ਲਈ ਗਈ ਸੀ। ਇਸ ਤੋਂ ਇਲਾਵਾ ਐਸ ਸੀ, ਬਠਿੰਡਾ ਨੇ 'ਪੋਸਟ ਕਲੋਜ਼ਰ ਪ੍ਰੋਫਾਰਮੈਂਸ ਲੇਖਾ' ਦੇ ਨਾਂਅ ਹੇਠ ਇੱਕ ਸੰਯੁਕਤ ਫੰਡ ਅਕਾਊਂਟ ਨਹੀਂ ਖੋਲਿਆ ਸੀ।

ਐਮ ਸੀ, ਬਠਿੰਡਾ ਨੇ ਕਿਹਾ (ਜੁਲਾਈ 2018) ਕਿ ਪੋਸਟ ਕਲੋਜ਼ਰ ਪ੍ਰਫਾਰਮੈਂਸ ਚਾਰਜ਼ਿਜ ਦੀ ਕਟੌਤੀ ਕੀਤੀ ਗਈ ਸੀ ਪ੍ਰੰਤੂ ਇਹ ਐਸ ਡਬਲਿਊ ਐਮ ਫੰਡ ਦੇ ਬੈਂਕ ਖਾਤਾ ਨੰਬਰ 07532041003298 ਵਿੱਚ ਰੱਖਿਆ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਠੇਕਾ ਇਕਰਾਰਨਾਮੇ ਅਨੁਸਾਰ

₹ 2.14 ਲੱਖ ਦੀ ਬਕਾਇਆ ਰਾਸ਼ੀ (₹ 4.47 ਲੱਖ ਮਾਇਨਸ ₹ 2.33 ਲੱਖ) ਦੀ ਕਟੌਤੀ ਕਰਨਾ ਅਤੇ ਸਾਰੀ ਰਾਸ਼ੀ 'ਪੋਸਟ ਕਲੋਜ਼ਰ ਪ੍ਰਫਾਰਮੈਂਸ ਲੇਖਾ' ਦੇ ਨਾਂਅ ਅਧੀਨ ਸੰਯੁੱਕਤ ਫੰਡ ਖਾਤੇ ਵਿੱਚ ਜਮ੍ਹਾਂ ਕਰਾਉਣਾ ਅਜੇ ਬਾਕੀ ਸੀ।

ਇਸ ਮਾਮਲੇ ਵਿੱਚ ਐਸ ਸੀ, ਬਠਿੰਡਾ ਤੋਂ ਤਾਜਾ ਪੁੱਛਿਆ ਗਿਆ ਸੀ (ਫਰਵਰੀ 2021); ਉਤੱਰ ਦੀ ਉਡੀਕ ਸੀ (ਅਗਸਤ 2021)।

### *4.2.2.4 ਤਨਖਾਹ ਦੀ ਅਦਾਇਗੀ ਤੇ ਗੈਰ ਲਾਭਦਾਇਕ ਖਰਚਾ*

ਐਸ ਡਬਲਿਊ ਐਮ ਨਿਯਮਾਵਲੀ, 2016 ਵਿਵਸਥਾ ਕਰਦਾ ਹੈ ਕਿ ਹਰੇਕ ਮਿਊਂਸਪਲ ਅਥਾਰਟੀ, ਨਗਰਪਾਲਿਕਾ ਦੇ ਟੈਰੀਟੋਰੀਅਲ ਖੇਤਰ ਦੇ ਅੰਦਰ ਮਿਊਂਸਪਲ ਸੌਲਿਡ ਵੇਸਟ ਪ੍ਰਬੰਧਨ (ਐਮ ਐਸ ਡਬਲਿਊ ਐਮ) ਪ੍ਰੋਜੈਕਟ ਨੂੰ ਲਾਗੂਕਰਨ ਲਈ ਜਿੰਮੇਵਾਰ ਹੋਵੇਗੀ। ਐਮ ਸੀ, ਜਲੰਧਰ ਨੇ ਜਲੰਧਰ ਕਲੱਸਟਰ ਵਿੱਚ ਐਮ ਐਸ ਡਬਲਿਊ ਐਮ ਪ੍ਰੋਜੈਕਟ ਲਾਗੂ ਕਰਨ ਲਈ ਕਨਸੈਸ਼ਨੇਅਰ ਨਾਲ ਠੇਕਾ ਇਕਰਾਰਨਮਾ ਸਹੀਬੱਧ ਕੀਤਾ (ਜਨਵਰੀ 2012)।

ਐਮ ਸੀ, ਜਲੰਧਰ ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਮਈ 2018) ਕਿ ਪੀ ਐਮ ਆਈ ਡੀ ਸੀ ਨੇ ਜਲੰਧਰ ਵਿਖੇ ਐਸ ਡਬਲਿਊ ਐਮ ਪ੍ਰੋਜੈਕਟ ਨੂੰ ਲਾਗੂ ਕਰਨ ਲਈ ₹ ਇੱਕ ਲੱਖ ਪ੍ਰਤੀ ਮਹੀਨਾ ਦੀ ਠੇਕਾ ਫੀਸ ਤੇ ਇੱਕ ਪ੍ਰੋਜੈਕਟ ਮੈਨੇਜਰ (ਦਸੰਬਰ 2014) ਅਤੇ ₹ 60,000 ਪ੍ਰਤੀ ਮਹੀਨਾ ਦੀ ਠੇਕਾ ਫੀਸ ਤੇ ਇੱਕ ਸੀਨੀਅਰ ਅਸਿਸਟੈਂਟ ਮੈਨੇਜਰ (ਦਸੰਬਰ 2014) ਦੀ ਨਿਯੁਕਤੀ ਕੀਤੀ। ਹਾਲਾਂਕਿ, ਕਨਸੈਸ਼ਨੇਅਰ ਨੂੰ ਸਾਈਟ ਨਾਂ ਸੌਂਪਣ ਕਾਰਣ ਇਹ ਪ੍ਰੋਜੈਕਟ ਲਾਗੂ ਨਹੀਂ ਹੋ ਸਕਿਆ। ਇਸ ਤਰਾਂ, ₹ 44.87 ਲੱਖ (₹ 35.08 ਲੱਖ ਪ੍ਰੋਜੈਕਟ ਮੈਨੇਜਰ (ਦਸਬੰਰ 2014 ਤੋਂ ਨਵੰਬਰ 2017 ਅਤੇ ਦਸਬੰਰ 2014 ਤੋਂ ਅਪ੍ਰੈਲ 2016) ਅਤੇ ₹ 9.79 ਲੱਖ ਸੀਨੀਅਰ ਅਸਿਸਟੈਂਟ ਮੈਨੇਜਰ, ਦੀ ਤਨਖਾਹ/ਠੇਕਾ ਫੀਸ ਤੇ ਕੀਤਾ ਖਰਚਾ ਅਨਿਯਮਤ ਸੀ।

ਐਮ ਸੀ ਜੇ ਨੇ ਕਿਹਾ (ਸਤੰਬਰ 2018) ਕਿ ਇਹ ਅਮਲਾ ਪੀ ਐਮ ਆਈ ਡੀ ਸੀ ਵੱਲੋਂ ਸਿੱਧੇ ਤੌਰ ਤੇ ਨਿਯੁਕਤ ਕੀਤਾ ਗਿਆ ਸੀ ਅਤੇ ਜਲੰਧਰ ਕਲੱਸਟਰ ਪ੍ਰਜੈਕਟ ਨੂੰ ਭੇਜਿਆ ਗਿਆ ਸੀ। ਅੱਗੇ ਦੱਸਿਆ ਕਿ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ ਪ੍ਰੰਤੂ, ਸਥਾਨਕ ਲੋਕਾਂ ਦੇ ਵਿਰੋਧ ਕਾਰਣ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਸੀ । ਨਤੀਜੇ ਵਜੋਂ, ਇਕਰਾਰਨਾਮੇ ਨੂੰ ਖਤਮ ਕਰ ਦਿੱਤਾ ਗਿਆ ਅਤੇ ਮਾਮਲਾ ਆਰਬੀਟ੍ਰੇਸ਼ਨ ਅਧੀਨ ਚਲਾ ਗਿਆ। ਹਾਲਾਂਕਿ, ਤੱਥ ਇਹ ਹੈ ਕਿ ਪ੍ਰੋਜੈਕਟ ਨੂੰ ਲਾਗੂ ਨਾ ਕਰਨ ਕਾਰਣ ਪ੍ਰੋਜੈਕਟ ਮੈਨੇਜਰ ਅਤੇ ਸੀਨੀਅਰ ਐਸਿਸਟੈਂਟ ਮੈਨੇਜਰ ਦੀ ਤਨਖਾਹ/ਠੇਕਾ ਫੀਸ ਤੇ ਖਰਚ ਕੀਤੇ ₹ 44.87 ਲੱਖ ਦਾ ਖਰਚਾ ਗੈਰ ਲਾਭਦਾਇਕ ਸੀ।

### *4.2.2.5 ਪੀ ਐਂਡ ਡੀ ਸਹੂਲਤ ਦੀ ਪਾਲਣ ਮਿਤੀ ਦੀ ਗੈਰ ਪ੍ਰਾਪਤੀ ਕਾਰਣ ਟਿਪਿੰਗ ਫੀਸ ਦੀ ਉਚੇਰੀ ਦਰ ਤੇ ਅਦਾਇਗੀ*

ਠੇਕਾ ਇਕਰਾਰਨਾਮੇ ਦੀ ਅਨੁਲੱਗ-12 ਪ੍ਰੋਸੈਸਿੰਗ ਐਂਡ ਡਿਸਪੋਜਲ (ਸੀ ਓ ਡੀ- ਪੀ ਐਂਡ ਡੀ[18]) ਸਹੂਲਤ ਦੀ ਪਾਲਣਾ ਮਿਤੀ ਪ੍ਰਾਪਤੀ ਤੋਂ ਬਾਅਦ ₹ 395.00 ਪ੍ਰਤੀ ਐਮ ਟੀ ਦੀ ਬੇਸ ਟਿਪਿੰਗ ਫੀਸ ਵਿੱਚੋਂ ₹ 35.00 ਘੱਟ ਕਰਨ ਦੀ ਵਿਵਸਥਾ ਕਰਦੀ ਹੈ।

---

[18] ਸੀ ਓ ਡੀ - ਪੀ ਐਂਡ ਡੀ ਦਾ ਅਰਥ ਉਹ ਮਿਤੀ ਹੋਵੇਗਾ ਜਿਸ ਨੂੰ ਨਿਰਪੱਖ ਮਾਹਰ ਵਲੋਂ ਪ੍ਰੋਸੈਸਿੰਗ ਅਤੇ ਡਿਸਪੋਜ਼ਲ ਸਹੂਲਤਾਂ ਦੇ ਮੁਕੰਮਲ ਹੋਣ ਦਾ ਪ੍ਰਮਾਣ ਪੱਤਰ ਜਾਰੀ ਕੀਤਾ ਜਾਂਦਾ ਹੈ, ਜਿਸ ਤੇ ਕਨਸੈਸ਼ਨੇਅਰ ਵਲੋਂ ਐਮ ਐਸ ਡਬਲਿਊ ਏਰੀਆ ਦੇ ਸਬੰਧ ਵਿੱਚ ਪ੍ਰੋਸੈਸਿੰਗ ਸਹੂਲਤਾਂ ਦਾ ਵਣਜੀ ਓਪਰੇਸ਼ਨ ਸ਼ੁਰੂ ਕੀਤਾ ਜਾਂਦਾ ਹੈ।

ਲੇਖਾ ਪ੍ਰੀਖਿਆਂ ਨੇ ਦੇਖਿਆ (ਨਵੰਬਰ 2017) ਕਿ ਕਨਸੈਸ਼ਨੇਅਰ ਨੇ ਲੇਖਾ ਪ੍ਰੀਖਿਆ ਦੀ ਮਿਤੀ (ਅਗਸਤ 2018) ਤੱਕ ਸੀ ਓ ਡੀ - ਪੀ ਐੱਡ ਡੀ ਪ੍ਰਾਪਤ ਨਹੀਂ ਕੀਤੀ ਸੀ ਜਿਸਨੂੰ ਕਿ 23 ਅਪ੍ਰੈਲ 2013 ਭਾਵ ਇਕਰਾਰਨਾਮੇ ਦੀ ਮਿਤੀ (ਨਵੰਬਰ 2011) ਤੋਂ 510 ਦਿਨਾਂ ਤੱਕ ਪ੍ਰਾਪਤ ਕਰਨਾ ਸੀ। ਨਤੀਜੇ ਵਜ਼ੋਂ ਐਮ ਸੀ, ਲੁਧਿਆਣਾ ਨੂੰ ਟਿਪਿੰਗ ਫੀਸ ₹ 395.00 ਪ੍ਰਤੀ ਮੀਟਰਿਕ ਟਨ ਦੀ ਦਰ ਤੇ, ₹ 35.00 ਦੀ ਟਿਪਿੰਗ ਫੀਸ ਨੂੰ ਬਿੱਲਾਂ ਵਿੱਚੋਂ ਘਟਾਉਣ ਤੋਂ ਬਗੈਰ ਭੁਗਤਾਨ ਕਰਨਾ ਪਿਆ। ਇਸ ਦੇ ਸਿੱਟੇ ਵਜੋਂ 2015-18 ਦੌਰਾਨ ₹ 4.55 ਕਰੋੜ ਦੀ ਟਾਲਣਯੋਗ ਅਦਾਇਗੀ ਹੋਈ ਸੀ।

ਐਮ ਸੀ, ਲੁਧਿਆਣਾ ਨੇ ਸੀ ਓ ਡੀ-ਪੀ ਐੱਡ ਡੀ ਪ੍ਰਾਪਤ ਕਰਨ ਵਿੱਚ ਦੇਰੀ ਲਈ ਜਮੀਨ ਦੇ ਠੇਕਾ ਦਸਤਾਵੇਜ਼ ਹਸਤਾਖਰ ਕਰਨ ਵਿੱਚ ਦੇਰੀ (08 ਜੂਨ 2012) ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ[19] (ਏ ਏ ਆਈ) ਵਲੋਂ ਐਨ ਓ ਸੀ ਦੇਰੀ ਨਾਲ ਜਾਰੀ ਕਰਨ (19 ਨਵੰਬਰ 2013) ਨੂੰ ਇਸ ਦਾ ਕਾਰਣ ਦੱਸਿਆ (ਨਵੰਬਰ 2017- ਅਗਸਤ 2018) । ਐਮ ਸੀ, ਲੁਧਿਆਣਾ ਨੇ ਅੱਗੇ ਕਿਹਾ, ਕਿ ਪ੍ਰੋਸੈਸਿੰਗ ਪਲਾਂਟ ਤਿਆਰ ਸੀ ਪ੍ਰੰਤੂ ਕੰਪੋਸਟ ਪਲਾਂਟ ਅਤੇ ਐਸ ਐਲ ਐਫ ਦੀ ਕ੍ਰਮਵਾਰ ਅਪ੍ਰੈਲ 2018 ਅਤੇ ਜੁਲਾਈ 2018 ਤੱਕ ਕ੍ਰਿਆਸ਼ੀਲ ਹੋਣ ਦੀ ਸੰਭਾਵਨਾ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਜਮੀਨ ਦਾ ਠੇਕਾ ਇਕਰਾਰਨਾਮਾ ਸਹੀਬੱਧ ਹੋਣ (08 ਜੂਨ 2012) ਅਤੇ ਏ ਏ ਆਈ ਵੱਲੋਂ ਐਨ ਓ ਸੀ ਜਾਰੀ ਕਰਨ (19 ਨਵੰਬਰ 2013) ਦੇ ਬਾਵਜੂਦ, ਲੇਖਾ ਪ੍ਰੀਖਿਆ ਦੀ ਮਿਤੀ ਤੱਕ, ਸੀ ਓ ਡੀ-ਪੀ ਐੱਡ ਡੀ ਪ੍ਰਾਪਤ ਨਹੀਂ ਕੀਤਾ ਗਿਆ ਸੀ (ਅਗਸਤ 2018)। ਜੇਕਰ ਕਨਸੈਸ਼ਨੇਅਰ ਨੇ ਸੀ ਓ ਡੀ-ਪੀ ਐੱਡ ਡੀ (23 ਅਪ੍ਰੈਲ 2013) ਪ੍ਰਾਪਤ ਕਰ ਲਈ ਹੁੰਦੀ ਤਾਂ ਉਚੇਰੀ ਦਰ ਤੇ ਟਿਪਿੰਗ ਫੀਸ ਦੀ ਅਦਾਇਗੀ ਤੋਂ ਬਚਿਆ ਜਾ ਸਕਦਾ ਸੀ।

ਐਮ ਸੀ, ਲੁਧਿਆਣਾ ਤੋਂ ਕਨਸੈਸ਼ਨੇਅਰ ਦੁਆਰਾ ਸੀ ਓ ਡੀ - ਪੀ ਡੀ ਦੀ ਅਸਲ ਤਾਰੀਖ ਹਾਸਲ ਕਰਨ ਦੇ ਨਾਲ ਕੰਮ ਦੀ ਅੱਗੇ ਦੀ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021)। ਉੱਤਰ ਦੀ ਉਡੀਕ ਸੀ (ਅਗਸਤ 2021)।

### 4.2.3 ਪ੍ਰੋਜੈਕਟ ਲਾਗੂਕਰਣ

#### *4.2.3.1 ਐਮ ਐਸ ਡਬਲਿਊ ਐਮ ਪ੍ਰੋਜੈਕਟ ਸ਼ਡਿਊਲ ਨੂੰ ਲਾਗੂਕਰਨ ਵਿੱਚ ਦੇਰੀ*

ਐਮ ਸੀ, ਲੁਧਿਆਣਾ (ਨਵੰਬਰ 2011), ਐਮ ਸੀ, ਬਠਿੰਡਾ (ਨਵੰਬਰ 2011) ਅਤੇ ਐਮ ਸੀ, ਜਲੰਧਰ (ਜਨਵਰੀ 2012) ਨੇ 25 ਸਾਲਾਂ ਲਈ 54 ਯੂ ਐਲ ਬੀਜ਼ ਨੂੰ ਕਵਰ ਕਰਨ ਵਾਲੇ ਸ਼ਹਿਰੀ ਸੌਲੀਡ ਵੇਸਟ ਪ੍ਰਬੰਧਨ ਲਈ ਪੀ ਪੀ ਪੀ ਮੋਡ ਤੇ ਵੱਖ-ਵੱਖ ਠੇਕੇਦਾਰਾਂ ਨਾਲ ਸਮਝੌਤਾ ਕੀਤਾ।

ਕਨਸੈਸ਼ਨੇਅਰ ਇਕਰਾਰਨਾਮੇ (ਇਕਰਾਰਨਾਮਿਆਂ), ਦੇ ਅਨੁਛੇਦ 5.1 (ਏ) (v) ਅਨੁਸਾਰ ਕਨਸੈਸ਼ਨੇਅਰ ਨੂੰ ਕਨਸੈਸ਼ਨੇਅਰ ਇਕਰਾਰਨਾਮੇ (ਇਕਰਾਰਨਾਮਿਆਂ), ਦੇ ਅਨੁਲੱਗ-14 ਵਿੱਚ ਤੈਅ ਕੀਤੀ ਸਮੇ ਦੀ ਮਿਆਦ ਵਿੱਚ ਸੀ ਓ ਡੀ - ਪੀ ਐੱਡ ਡੀ ਅਤੇ ਸੀ ਓ ਡੀ- ਸੀ ਟੀ ਪੀ ਐੱਡ ਡੀ[20]

---

[19] ਸਮਝੋਤੇ ਦੇ ਅਨੁਸਾਰ ਐਮ ਸੀ, ਲੁਧਿਆਣਾ ਵਿੱਚ ਜਮਾਲਪੁਰ ਅਤੇ ਜੈਨਪੁਰ ਐਮ ਐਸ ਡਬਲਿਯੂ ਪ੍ਰੋਸੈਸਿੰਗ ਸਾਈਟਾਂ ਵਿੱਚ ਚਿਮਨੀ ਦੇ ਪ੍ਰਸਤਾਵਿਤ ਢਾਂਚੇ ਲਈ ਏ ਏ ਆਈ ਤੋਂ ਚਿਮਨੀ ਦੀ ਉਚਾਈ ਦੀ ਕਲੀਅਰੈਂਸ ਪ੍ਰਾਪਤ ਕੀਤੀ ਜਾਂਣੀ ਸੀ।

[20] ਸੀ ਓ ਡੀ- ਸੀ ਟੀ ਪੀ ਐੱਡ ਡੀ ਦਾ ਅਰਥ ਉਹ ਮਿਤੀ ਹੋਵੇਗਾ ਜਿਸ ਨੂੰ ਨਿਰਪੱਖ ਮਾਹਰ ਵਲੋਂ ਪ੍ਰੋਜੈਕਟ ਸਹੂਲਤਾਂ ਦੇ ਮੁਕੰਮਲ ਹੋਣ ਦਾ ਪ੍ਰਮਾਣ-ਪੱਤਰ ਜਾਰੀ ਕੀਤਾ ਜਾਂਦਾ ਹੈ, ਜਿਹੜੀ ਸੀ ਓ ਡੀ- ਪੀ ਐੱਡ ਡੀ ਤੋਂ 15 ਦਿਨਾਂ ਤੋਂ ਬਾਅਦ ਦੀ ਮਿਤੀ ਨਹੀ ਹੋਵੇਗੀ ਅਤੇ ਜਿਸ ਤੇ ਕੰਨਸੈਸ਼ਨੇਅਰ ਸਾਰੀਆਂ ਯੂ ਐਲ ਬੀਜ਼ ਦੇ ਸਬੰਧ ਵਿੱਚ ਪ੍ਰੋਜੈਕਟ ਸਹੂਲਤਾਂ ਦੇ ਵਣਜੀ ਓਪਰੇਸ਼ਨ ਸ਼ੁਰੂ ਕਰੇਗਾ।

ਪ੍ਰਾਪਤ ਕਰਨ ਲਈ, ਸਹਿਮਤ ਹੋਏ ਮੀਲ ਪੱਥਰ, ਪ੍ਰੋਜੈਕਟ ਲਾਗੂਕਰਣ ਸ਼ਡਿਊਲ ਵਿੱਚ ਤੈਅ ਸਮੇਂ ਵਿੱਚ ਪ੍ਰਾਪਤ ਕਰਨੇ ਲੋੜੀਂਦੇ ਸਨ।

ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਨਵੰਬਰ 2017 ਅਤੇ ਜੁਲਾਈ 2018) ਕਿ ਐਮ ਸੀ, ਲਧਿਆਣਾ ਅਤੇ ਐਮ ਸੀ, ਬਠਿੰਡਾ ਵੱਲੋਂ ਐਮ ਐਸ ਡਬਲਿਊ ਐਮ ਪ੍ਰੋਜੈਕਟ ਦੇ ਨਿਰਧਾਰਤ ਲਾਗੂਕਰਣ ਸ਼ਡਿਊਲ ਦੀ ਪਾਲਣਾ ਨਹੀਂ ਕੀਤੀ ਗਈ ਸੀ। ਐਮ ਸੀ, ਜਲੰਧਰ ਵਿੱਚ ਐਮ ਐਸ ਡਬਲਿਊ ਐਮ ਪ੍ਰੋਜੈਕਟ ਲਾਗੂ ਨਹੀਂ ਕੀਤਾ ਗਿਆ ਸੀ ਕਿਉਂਜੋਂ ਸਥਾਨਕ ਸਫਾਈ ਯੂਨੀਅਨਾਂ ਦੇ ਵਿਰੋਧ ਦੇ ਕਾਰਣ ਕੰਨਸੈਸ਼ਨੇਅਰ ਨੇ ਮਈ 216 ਨੂੰ ਕੰਮ ਬੰਦ ਕਰ ਦਿਤਾ ਸੀ ਨਤੀਜੇ ਵਜੋਂ ਇਕਰਾਰਨਾਮੇ ਨੂੰ ਖਤਮ ਕਰ ਦਿੱਤਾ ਗਿਆ ਅਤੇ ਮਾਮਲਾ ਆਰਬੀਟਰੇਸ਼ਨ ਅਧੀਨ ਚਲਾ ਗਿਆ। ਪ੍ਰੋਜੈਕਟ ਗਤੀਵਿਧੀਆ ਲਾਗੂਕਰਨ ਦੀ ਸੂਚੀ ਵਿੱਚ ਤੈਅ ਕੀਤੇ ਮੀਲ ਪੱਥਰ ਪ੍ਰਾਪਤ ਕਰਨ ਵਿੱਚ ਦੇਰੀ 17 ਦਿਨਾਂ ਤੋਂ 2,193 ਦਿਨਾਂ ਦੀ ਰੇਂਜ ਵਿੱਚ ਸੀ ***(ਅੰਤਿਕਾ-4.4)***।

ਐਮ ਸੀ, ਲੁਧਿਆਣਾ ਨੇ ਉਤੱਰ ਦਿੱਤਾ (ਨਵੰਬਰ 2017) ਕਿ ਲੀਜ਼ ਦਸਤਾਵੇਜ਼ ਤੇ ਹਸਤਾਖਰ ਕਰਨ ਅਤੇ ਭਾਰਤੀ ਏਅਰਪੋਰਟ ਅਥਾਰਟੀ (ਏ ਏ ਆਈ) ਵੱਲੋਂ ਐਨ ਓ ਸੀ ਜਾਰੀ ਕਰਨ ਵਿੱਚ ਦੇਰੀ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਕਰਾਰਨਾਮੇ ਦੇ ਅਨਲੱਗ-7 ਅਨੁਸਾਰ ਐਨ ਓ ਸੀ ਪ੍ਰਾਪਤੀ ਦੀ ਜਿੰਮੇਵਾਰੀ ਕਨਸੈਸ਼ਨੇਅਰ ਅਤੇ ਐਮ ਸੀ, ਲੁਧਿਆਣਾ ਦੀ ਸੀ। ਐਮ ਸੀ, ਬਠਿੰਡਾ ਨੇ ਦੇਰੀ ਦਾ ਕਾਰਣ ਇੱਕ ਅਪੀਲ ਨੂੰ ਦੱਸਿਆ ਜੋ ਕਿ ਪ੍ਰੋਜੈਕਟ ਨੂੰ ਮਾਨੀਟਰ ਕਰ ਰਹੇ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਕੋਲ ਲਟਕੀ ਪਈ ਸੀ (ਜੁਲਾਈ 2018)। ਐਮ ਸੀ, ਬਠਿੰਡਾ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਐਨ ਜੀ ਟੀ ਨੇ ਕਿਸੇ ਅਥਾਰਟੀ, ਨਿਗਮ ਜਾਂ ਪ੍ਰੋਜੈਕਟ ਪ੍ਰੋਪੋਨੈਂਟ ਵਲੋਂ ਮਾਡਲ ਐਕਸ਼ਨ ਪਲਾਨ ਵਿੱਚ ਕਿਸੇ ਤਬਦੀਲੀ (ਤਬਦੀਲੀਆਂ) ਨਾ ਕਰਨ ਦੇ ਆਦੇਸ਼ ਦਿੱਤੇ ਸਨ (ਨਵੰਬਰ 2014) ਅਤੇ ਉਨ੍ਹਾਂ ਵਲੋਂ ਪ੍ਰੋਜੈਕਟ ਨੂੰ ਸ਼ਡਿਊਲ ਅਨੁਸਾਰ ਮੁਕੰਮਲ ਕੀਤੇ ਜਾਣਾ ਸੀ। ਐਮ ਸੀ, ਜਲੰਧਰ ਨੇ ਕਿਹਾ (ਮਈ-ਸਤੰਬਰ 2018) ਕਿ ਮਾਮਲਾ ਆਰਬੀਟ੍ਰੇਸ਼ਨ ਅਧੀਨ ਹੈ।

ਪ੍ਰੋਜੈਕਟ ਦੇ ਮੁਕੰਮਲ ਹੋਣ ਸਬੰਧੀ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.2 ਕਨਸੈਸ਼ਨੇਅਰ ਵੱਲੋਂ ਐਮ ਐਸ ਡਬਲਿਊ ਦੀ ਡੋਰ-ਟੂ-ਡੋਰ ਕੁਲੈਕਸ਼ਨ ਲਈ ਪਰਿਵਾਰਾਂ ਦੀ 100 ਪ੍ਰਤੀਸ਼ਤ ਕਵਰੇਜ਼ ਦੀ ਪਾਲਣਾ ਨਾ ਕਰਨਾ*

ਨਗਰ ਨਿਗਮ (ਐਮ ਸੀ), ਜਲੰਧਰ, ਨਗਰ ਕੌਂਸਲ ਰਾਮਪੁਰਾ ਫੂਲ ਅਤੇ ਮੌੜ ਦੇ ਠੇਕਾ ਇਕਰਾਰਨਾਮਾ (ਇਕਰਾਰਨਾਮਿਆਂ) ਦੇ ਅਨੁਲੱਗ-17 ਵਿੱਚ ਦਿੱਤੇ ਕਾਰਗੁਜਾਰੀ ਪੈਰਾਮੀਟਰਾਂ ਅਨੁਸਾਰ, ਕਨਸੈਸ਼ਨੇਅਰ (ਕਨਸੈਸ਼ਨੇਅਰਾਂ) ਵੱਲੋਂ ਸੀ ਟੀ ਐਂਡ ਡੀ ਦੀ ਪਾਲਣਾ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਐਮ ਐਸ ਡਬਲਿਊ ਖੇਤਰ ਵਿੱਚ ਵੇਸਟ ਜੈਨਰੇਟਰਾਂ ਦਾ 100 *ਪ੍ਰਤੀਸ਼ਤ* ਕਵਰ ਕਰਨਾ ਸੀ। ਐਮ ਸੀ, ਲੁਧਿਆਣਾ, ਨਗਰ ਕੌਂਸਲ, ਜਗਰਾਓਂ ਅਤੇ ਰਾਏਕੋਟ ਦੇ ਮਾਮਲੇ ਵਿੱਚ ਕਨਸੈਸ਼ਨੇਅਰ (ਕਨਸੈਸ਼ਨੇਅਰਾਂ) ਨੇ ਇਹ ਸਭ ਕੁੱਝ ਛੇ ਮਹੀਨਿਆਂ ਦੇ ਅੰਦਰ ਕਵਰ ਕਰਨਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਨਵੰਬਰ 2017 ਤੋਂ ਅਗਸਤ 2018) ਸਬੰਧਤ ਯੂ ਐਲ ਬੀਜ਼ ਦੇ ਸਬੰਧ ਵਿੱਚ ਕਨਸੈਸ਼ਨੇਅਰਾਂ ਦੁਆਰਾ ਕਵਰੇਜ ਵਿੱਚ 49-100 ਪ੍ਰਤੀਸਤ ਕੀ ਕਮੀ, ਜਿਵੇਂ ਕਿ **ਸਾਰਣੀ** 4.8 ਵਿੱਚ ਦਿੱਤਾ ਗਿਆ ਹੈ:

**ਸਾਰਣੀ 4.8: ਐਮ ਐਸ ਡਬਲਿਊ ਦੀ ਡੋਰ ਟੂ ਡੋਰ ਕੁਲੈਕਸ਼ਨ ਦਾ ਵੇਰਵਾ**

| ਯੂ ਐਲ ਬੀ ਦਾ ਨਾਂਅ | ਸੀ ਟੀ ਐਂਡ ਡੀ-ਪਾਲਣਾ ਮਿਤੀ | 100 *ਪ੍ਰਤੀਸ਼ਤ* ਵੇਸਟ ਜਨਰੇਟਰਾਂ ਨੂੰ ਕਵਰ ਕਰਨ ਦੀ ਤੈਅ ਮਿਤੀ | ਕਮੀ (ਪ੍ਰਤੀਸ਼ਤਤਾ ਵਿੱਚ) | ਯੂ ਐਲ ਬੀਜ਼ ਦੁਆਰਾ ਦਿੱਤੇ ਉੱਤਰ/ਕਾਰਣ |
|---|---|---|---|---|
| ਜਲੰਧਰ | 05 ਨਵੰਬਰ 2014 | 04 ਫਰਵਰੀ 2015 | 100 | ਯੂ ਐਲ ਬੀਜ਼ ਨੇ ਆਡਿਟ ਨਿਰੀਖਣ ਨੂੰ ਸਵੀਕਾਰ ਕੀਤਾ, ਪਰ ਜਵਾਬ/ਕਾਰਣ ਪੇਸ਼ ਨਹੀਂ ਕੀਤੇ। |
| ਰਾਮਪੁਰਾ ਫੂਲ | 13 ਜਨਵਰੀ 2012 | 12 ਅਪ੍ਰੈਲ 2012 | 49 | ਕਨਸੈਸ਼ਨੇਅਰ ਦੇ ਬਾਕੀ ਬਿੱਲਾਂ ਤੇ ਜੁਰਮਾਨਾ ਲਗਾਇਆ ਜਾਵੇਗਾ। |
| ਮੌੜ | 07 ਫਰਵਰੀ 2012 | 06 ਮਈ 2012 | 50 | ਮਾਮਲਾ ਉੱਚ ਅਧਿਕਾਰੀਆਂ ਕੋਲ ਉਠਾਇਆ ਜਾਵੇਗਾ। |
| ਲੁਧਿਆਣਾ | 15 ਫਰਵਰੀ 2012 | 14 ਅਗਸਤ 2012 | 80 | ਸਥਾਨਕ ਯੂਨੀਅਨਾਂ ਦੇ ਦਖਲ ਕਾਰਣ ਘਰ-ਘਰ ਇੱਕਠਾ ਕਰਨਾ ਮੁਸ਼ਕਲ ਸੀ। |
| ਜਗਰਾਓਂ | 04 ਮਈ 2012 | 03 ਨਵੰਬਰ 2012 | 100 | ਯੂ ਐਲ ਬੀਜ਼ ਨੇ ਆਡਿਟ ਨਿਰੀਖਣ ਨੂੰ ਸਵੀਕਾਰ ਕੀਤਾ, ਪਰ ਜਵਾਬ/ਕਾਰਣ ਪੇਸ ਨਹੀਂ ਕੀਤੇ। |
| ਰਾਏਕੋਟ | 14 ਮਈ 2012 | 13 ਨਵੰਬਰ 2012 | 100 | |

ਸ੍ਰੋਤ: ਵਿਭਾਗੀ ਸੂਚਨਾ

ਨਗਰ ਕੌਂਸਲ ਭੋਗਪੁਰ, ਦਸੂਹਾ, ਸ਼ਾਹਕੋਟ ਅਤੇ ਲੋਹੀਆਂ ਖਾਸ, ਵਿੱਚ ਐਮ ਐਸ ਡਬਲਿਊ ਐਮ ਲਈ ਠੇਕਾ ਇਕਰਾਰਨਾਮਾ (ਇਕਰਾਰਨਾਮੇ) ਨਹੀਂ ਹੋਇਆ ਸੀ। ਇਸ ਤਰ੍ਹਾਂ, ਇਹਨਾਂ ਮਾਮਲਿਆਂ ਵਿੱਚ ਕਾਰਗੁਜਾਰੀ ਪੈਰਾਮੀਟਰ ਤੈਅ ਨਹੀਂ ਕੀਤੇ ਗਏ ਸਨ। ਐਮ ਸੀ, ਜਲੰਧਰ ਅਤੇ ਨਗਰ ਕੌਂਸਲ, ਉੜਮੁੜ ਟਾਂਡਾ ਵਿੱਚ, ਮਾਮਲੇ ਆਰਬੀਟ੍ਰੇਸ਼ਨ ਅਧੀਨ ਸਨ। ਕਿਸੇ ਵੀ ਥਾਂ ਤੇ ਇਕਰਾਰਨਾਮੇ ਦੀ ਅਣਹੋਂਦ ਵਿੱਚ, ਐਸ ਡਬਲਿਯੂ ਐਮ ਨੂੰ ਸਬੰਧਤ ਯੂ ਐਲ ਬੀਜ਼ ਦੁਆਰਾ ਆਪਣੇ ਤੌਰ ਤੇ ਕੀਤਾ ਜਾ ਰਿਹਾ ਸੀ।

ਕੰਨਸੈਸ਼ਨੇਅਰ ਦੁਆਰਾ ਐਮ ਐਸ ਡਬਲਿਯੂ ਦੀ 100 *ਪ੍ਰਤੀਸ਼ਤ* ਡੋਰ-ਟੂ-ਡੋਰ ਕੁਲੈਕਸ਼ਨ ਦੀ ਪਾਲਣ ਦੀ ਤਾਜਾ ਸਥਿਤੀ ਬਾਰੇ ਸਬੰਧਤ ਐਮ ਸੀਜ਼ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.3 ਮੁਢਲੇ ਕੁਲੈਕਸ਼ਨ ਪੁਆਇੰਟਾਂ ਤੇ ਐਮ ਐਸ ਡਬਲਿਊ ਨੂੰ ਸ੍ਰੋਤ ਤੇ ਛਾਂਟੀ ਕਰਨ ਦੀ ਪਾਲਣਾ ਨਾ ਕਰਨਾ*

ਨਿਯਮਾਵਲੀ ਦੇ ਨਿਯਮ 15 (ਬੀ) ਅਨੁਸਾਰ, ਸਥਾਨਕ ਅਥਾਰਟੀਆਂ (ਯੂ ਐਲ ਬੀਜ਼), ਸਲੱਮਜ਼ ਅਤੇ ਆਰਜੀ ਬਸਤੀਆਂ, ਵਪਾਰਕ, ਸੰਸਥਾਗਤ ਅਤੇ ਹੋਰ ਵੱਡੇ ਹਾਊਸਿੰਗ ਕੰਪਲੈਕਸਾਂ ਆਦਿ ਸਮੇਤ ਸਾਰੇ ਘਰਾਂ ਤੋਂ ਛਾਂਟੀ ਕੀਤੇ ਸੌਲਿਡ ਵੇਸਟ ਦੇ ਡੋਰ-ਟੂ-ਡੋਰ ਕੁਲੈਕਸ਼ਨ ਕਰਨ ਦਾ ਇੰਤਜਾਮ ਕਰਨ ਲਈ ਜਿੰਮੇਵਾਰ ਹਨ। ਅੱਗੇ, ਇਕਰਾਰਨਾਮੇ ਦੇ ਅਨੁਲੱਗ-3.1 (ਏ) ਅਨੁਸਾਰ, ਕੰਨਸੈਸ਼ਨੇਅਰ ਨੇ ਐਮ ਐਸ ਡਬਲਿਊ ਸਪਲਾਈ ਖੇਤਰ ਅਤੇ ਹੋਰ ਕਲੱਸਟਰ ਯੂ ਐਲ ਬੀ ਖੇਤਰ ਵਿੱਚ ਵੇਸਟ ਜਨਰੇਟਰਾਂ ਤੋਂ, ਸ੍ਰੋਤ ਤੇ ਛਾਂਟੀ ਕੀਤੇ ਐਮ ਐਸ ਡਬਲਿਊ ਦੀ ਡੋਰ-ਟੂ-ਡੋਰ ਕੁਲੈਕਸ਼ਨ ਕਰਨ ਨੂੰ ਯਕੀਨੀ ਬਣਾਉਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਮਈ–ਅਗਸਤ 2018) ਕਿ 10 ਕਲੱਸਟਰ ਯੂ ਐਲ ਬੀਜ਼[21] ਵਿੱਚ ਐਮ ਐਸ ਡਬਲਿਊ ਦੀ ਸ੍ਰੋਤ ਤੇ ਛਾਂਟੀ ਨਹੀ ਕੀਤੀ ਗਈ ਸੀ ਜਦੋਂਕਿ ਐਮ ਸੀ, ਬਠਿੰਡਾ ਦੇ 50 ਵਾਰਡਾਂ ਵਿੱਚੋ 35 ਵਿੱਚ ਸ੍ਰੋਤ ਤੇ ਛਾਂਟੀ ਕੀਤੀ ਗਈ ਸੀ (ਅਪ੍ਰੈਲ 2018)।

ਜ਼ਿਆਦਾਤਰ ਸਬੰਧਤ ਯੂ ਐਲ ਬੀਜ਼ ਨੂੰ ਕਿਹਾ (ਜੂਨ ਅਤੇ ਸਤੰਬਰ 2018) ਕਿ ਨਿਰਧਾਰਤ ਪਾਲਣਾ ਨਿਯਮਤ ਸਮੇਂ ਅਨੁਸਾਰ ਕੀਤੀ ਜਾਵੇਗੀ। ਨਗਰ ਕੌਂਸਲ ਜਗਰਾਉਂ ਅਤ ਰਾਏਕੋਟ ਅਤੇ ਐਮ ਸੀ, ਲੁਧਿਆਣਾ ਨੇ ਮੰਨਿਆ (ਅਪ੍ਰੈਲ ਅਤੇ ਅਗਸਤ 2018) ਕਿ ਪ੍ਰਾਇਮਰੀ ਪੱਧਰ ਤੇ ਸਰੋਤਾਂ ਦੀ ਛਾਂਟੀ ਨਹੀਂ ਕੀਤੀ ਜਾ ਰਹੀ ਸੀ। ਉੱਤਰ ਮੰਨਣਯੋਗ ਨਹੀਂ ਸਨ ਕਿਉਂਜੋਂ ਪ੍ਰਾਇਮਰੀ ਕੁਲੈਕਸ਼ਨ ਪ੍ਰਆਇਟਾਂ ਤੇ ਐਮ ਐਸ ਡਬਲਿਊ ਦੀ ਸ੍ਰੋਤ ਤੇ ਛਾਂਟੀ ਦੀ ਅਣਹੋਂਦ ਵਿੱਚ ਸਾਰੇ ਪ੍ਰੀਵਾਰਾਂ ਤੋਂ ਛਾਂਟੀ ਕੀਤੇ ਕੜੇ ਦੀ ਕੁਲੈਕਸ਼ਨ ਦਾ ਮੰਤਵ ਪੂਰਾ ਨਹੀਂ ਹੋਇਆ ਸੀ (ਅਗਸਤ 2018)।

ਯੂ ਐਲ ਬੀਜ਼ ਦੁਆਰਾ ਸ੍ਰੋਤ ਤੇ ਛਾਂਟੀ ਹੋਈ ਵੇਸਟ ਦੀ ਡੋਰ ਟੂ ਡੋਰ ਕੁਲੈਕਸ਼ਨ ਦੀ ਤਾਜਾ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021)। ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.4 ਜੈਨਪੁਰ ਸਾਈਟ ਵਿਖੇ ਐਮ ਐਸ ਡਬਲਿਊ ਪ੍ਰੋਸੈਸਿੰਗ ਅਤੇ ਡਿਸਪੋਜ਼ਲ ਸਹੂਲਤਾਂ ਦੀ ਸਥਾਪਨਾ ਨਾ ਹੋਣਾ*

ਭਾਰਤ ਸਰਕਾਰ, ਸ਼ਹਿਰੀ ਵਿਕਾਸ ਮੰਤਰਾਲੇ ਨੇ ਜੇ ਐਨ ਐਨ ਯੂ ਆਰ ਐਮ ਅਧੀਨ ₹ 97.85 ਕਰੋੜ ਦੀ ਪ੍ਰੋਜੈਕਟ ਲਾਗਤ ਨਾਲ 'ਇੰਟੀਗਰੇਟਿਡ ਮਿਊਂਸਪਲ ਸੌਲਿਡ ਵੇਸਟ ਮੈਨੇਜਮੈਂਟ ਫਿਸਿਲਟੀਜ਼ ਐਟ ਲੁਧਿਆਣਾ, ਪੰਜਾਬ' (ਜਮਾਲਪੁਰ ਅਤੇ ਜੈਨਪੁਰ ਸਾਈਟਾਂ) ਨਾਂਅ ਦੇ ਪ੍ਰੋਜੈਕਟ ਨੂੰ ਪ੍ਰਵਾਨਗੀ ਦਿੱਤੀ (ਫਰਵਰੀ 2014), ਇਸ ਵਿੱਚੋਂ, ₹ 26.51 ਕਰੋੜ[22] ਜੈਨਪੁਰ ਸਾਈਟ ਤੇ ਪ੍ਰੋਸੈਸਿੰਗ ਅਤੇ ਡਿਸਪੋਜਲ ਸਹੂਲਤਾਂ ਦੇ ਕੰਮ ਕਰਵਾਉਣ ਲਈ ਤਕਨੀਕੀ ਤੌਰ ਤੇ ਮਨਜੂਰ ਕੀਤੇ ਗਏ ਸਨ। ਭਾਰਤ ਸਰਕਾਰ, ਨੇ ₹ 48.93 ਕਰੋੜ (ਪ੍ਰਵਾਨਿਤ ਪ੍ਰੋਜੈਕਟ ਲਾਗਤ ਦੇ 50 *ਪ੍ਰਤੀਸ਼ਤ*) ਦੀ ਪ੍ਰਵਾਨਿਤ ਕੇਂਦਰੀ ਸਹਾਇਤਾ ਦੇ ਵਿੱਰੁਧ ₹ 12.23 ਕਰੋੜ ਦੀ ਪਹਿਲੀ ਕਿਸ਼ਤ ਜਾਰੀ ਕੀਤੀ (ਫਰਵਰੀ 2014)। ਸਕੱਤਰ, ਸਥਾਨਕ ਸਰਕਾਰ–ਕਮ–ਸੀ ਈ ਓ, ਪੀ ਐਮ ਆਈ ਡੀ ਸੀ ਨੇ ਅੱਗੇ ਐਮ ਸੀ, ਲੁਧਿਆਣਾ ਨੂੰ ਰਾਜ ਦੇ ਹਿੱਸੇ ਵਜੋਂ ₹ 4.89 ਕਰੋੜ ਸਮੇਤ ₹ 12.23 ਕਰੋੜ ਜਾਰੀ ਕੀਤੇ (ਅਗਸਤ 2015)। ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ (ਫਰਵਰੀ 2014) ਤੋਂ 24 ਮਹੀਨੀਆਂ ਅੰਦਰ ਪ੍ਰੋਜੈਕਟ ਲਾਗੂ ਕਰਨਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਨਵੰਬਰ 2017 ਅਤੇ ਅਗਸਤ 2018) ਕਿ ਐਮ ਸੀ, ਲੁਧਿਆਣਾ ਕੋਲ ਫੰਡਾਂ ਦੀ ਉਪਲਬਧਤਾ ਹੋਣ ਦੇ ਬਾਵਜੂਦ ਜੈਨਪੁਰ ਸਾਈਟ ਤੇ ਐਸ ਡਬਲਿਊ ਐਮ ਲਈ ਉਪਰੋਕਤ ਸਹੂਲਤਾਂ ਸਥਾਪਤ ਨਹੀ ਕੀਤੀਆਂ ਗਈਆ ਸਨ। ਇਹ ਵੀ ਵੇਖਿਆ ਗਿਆ ਕਿ ਐਮ ਸੀ, ਲੁਧਿਆਣਾ ਕੋਲ ਉਪਲਬਧ ਫੰਡਾਂ ਵਿੱਚੋਂ ₹ 4.89 ਕਰੋੜ ਦਾ ਰਾਜ ਦਾ ਹਿੱਸਾ ਵਾਹਨਾਂ ਆਦਿ ਦੀ ਖਰੀਦ ਲਈ ਵਰਤਿਆ ਗਿਆ, ਜਿਵੇਂ ਕਿ ਪੈਰਾ 4.2.2.1 ਵਿੱਚ ਦਰਸਾਇਆ ਗਿਆ ਹੈ।

---

[21] (i) ਰਾਮਪੁਰਾ ਫੂਲ; (ii) ਮੌੜ; (iii) ਭੁੱਚੋਂ ਮੰਡੀ; (iv) ਜਲੰਧਰ; (v) ਦਸੂਹਾ; (vi) ਸ਼ਾਹਕੋਟ; (vii) ਉੜਮੁੜ ਟਾਂਡਾ; (viii) ਲੁਧਿਆਣਾ; (ix ਜਗਰਾਓਂ; ਅਤੇ (x) ਰਾਏਕੋਟ।

[22] (i) ਖਾਦ ਸਹੂਲਤ–(₹ 9.35 ਕਰੋੜ); (ii) ਲੈਂਡਫਿਲ ਵਿਦ ਸ਼ਿਫਟਿੰਗ ਆਫ ਰਿਜੈਕਟਸ– (₹ 8.99 ਕਰੋੜ); (iii) ਉਪਚਾਰ–(₹ 6.31 ਕਰੋੜ); (iv) ਭਵਨ ਅਤੇ ਢਾਂਚਾ–(₹ 0.14 ਕਰੋੜ); (v) ਕੰਡਿਆਲੀ ਤਾਰ–(₹ 0.08 ਕਰੋੜ); (vi) ਅੰਦਰੂਨੀ ਸੜ੍ਹਕਾਂ–(₹ 1.57 ਕਰੋੜ); ਅਤੇ (vii) ਲੈਂਡ ਸਕੇਪਿੰਗ–(₹ 0.07 ਕਰੋੜ)।

ਐਮ ਸੀ, ਲੁਧਿਆਣਾ ਨੇ ਉਤੱਰ ਦਿਤਾ (ਨਵੰਬਰ 2017) ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਵੱਲੋਂ ਵਾਤਾਵਰਣ ਕਲੀਅਰੈਂਸ ਨਹੀਂ ਦਿਤੀ ਗਈ ਸੀ, ਜਿਸ ਕਾਰਣ ਜਮਾਲਪੁਰ ਵਿਖੇ ਦੂਜੇ ਪਲਾਂਟ ਦੀ ਸਮਰੱਥਾ ਵਧਾਈ ਜਾ ਰਹੀ ਸੀ। ਉਤੱਰ ਮੰਨਣਯੋਗ ਨਹੀਂ ਸੀ ਕਿਉਂਜੋ ਭਾਰਤ ਸਰਕਾਰ ਨੇ ਪੀ ਪੀ ਸੀ ਬੀ ਦੀਆਂ ਸਿਫਾਰਸ਼ਾਂ (ਜਨਵਰੀ 2011) ਤੇ ਵਾਤਾਵਰਣ ਕਲੀਐਰਸ ਦਿੱਤੀ ਸੀ (ਅਪ੍ਰੈਲ 2013)। ਪੀ ਪੀ ਸੀ ਬੀ ਵੱਲੋਂ ਪ੍ਰੋਜੈਕਟ ਦੀ ਸਥਾਪਤੀ ਲਈ 'ਹਵਾ ਅਤੇ ਪਾਣੀ ਐਕਟ' ਅਧੀਨ ਸਿਰਫ ਮਨਜੂਰੀ ਪ੍ਰਾਪਤ ਕਰਨੀ ਸੀ ਜੋ ਕਿ ਐਮ ਸੀ ਐਲ ਵੱਲੋਂ ਨਹੀਂ ਲਈ ਗਈ ਸੀ। ਉਪਰ ਦੱਸੇ ਕਾਰਣਾਂ ਕਰਕੇ ਜਮਾਲਪੁਰ ਪਲਾਂਟ ਦਾ ਵਾਧਾ ਵੀ ਮੰਨਣਯੋਗ ਨਹੀ ਸੀ ਕਿਉਂਕਿ ਦਾਇਰਾ, ਡਿਜ਼ਾਇਨ, ਪ੍ਰੋਜੈਕਟ ਦੇ ਸੁਭਾਅ ਵਿੱਚ ਤਬਦੀਲੀ ਭਾਰਤ ਸਰਕਾਰ, ਸ਼ਹਿਰੀ ਵਿਕਾਸ ਮੰਤਰਾਲੇ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਹੀਂ ਕੀਤੀ ਜਾਣੀ ਸੀ। ਇਸ ਤਰ੍ਹਾਂ, ਐਮ ਸੀ, ਲੁਧਿਆਣਾ ਦੁਆਰਾ ਸ਼ਹਿਰ ਵਿੱਚ ਐਸ ਡਬਲਿਊ ਐਮ ਦੀਆਂ ਮੌਜੂਦ ਹਾਲਤਾਂ ਵਿੱਚ ਸੁਧਾਰ ਕਰਨ ਲਈ ਪ੍ਰੋਜੈਕਟ ਦੇ ਪ੍ਰਮੁੱਖ ਨਤੀਜੇ ਪ੍ਰਾਪਤ ਨਹੀ ਕੀਤੇ ਗਏ ਸਨ।

ਅਗੇ ਐਮ ਸੀ, ਲੁਧਿਆਣਾ ਤੋਂ ਕੰਮ ਦੀ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.5 ਜਮਾਲਪੁਰ ਵਿਖੇ ਐਮ ਐਸ ਡਬਲਿਊ ਦੇ ਪ੍ਰੋਸੈਸਿੰਗ ਓਪਰੇਸ਼ਨਾਂ ਵਿੱਚ ਖਾਮੀਆਂ*

ਐਮ ਸੀ, ਲੁਧਿਆਣਾ ਵਿੱਚ ਜਮਾਲਪੁਰ ਪ੍ਰੋਸੈਸਿੰਗ ਪਲਾਂਟ ਵਿਖੇ ਲੇਖਾ ਪ੍ਰੀਖਿਆ ਦੇ ਧਿਆਨ ਵਿੱਚ (ਨਵੰਬਰ 2017 ਅਤੇ ਅਗਸਤ 2018) ਹੇਠ ਲਿਖੀਆਂ ਖਾਮੀਆਂ ਆਈਆਂ ਸਨः

**(i)** ਨਿਯਮਾਵਲੀ ਦੀ ਸੂਚੀ-। ਦਾ ਪੈਰ੍ਹਾ, ਜੀ (ਈ) ਵਿਵਸਥਾ ਕਰਦਾ ਹੈ ਕਿ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਲਾਹ ਨਾਲ ਲੈਂਡ ਫਿਲ ਦੀ ਬਾਊਂਡਰੀ ਦੇ ਦੁਆਲੇ ਗ੍ਰੀਨ ਬੈਲਟਾਂ ਵਿਕਸਤ ਕੀਤੀਆਂ ਜਾਣਗੀਆਂ। ਲੇਖਾ ਪ੍ਰੀਖਿਆਂ ਨੇ ਵੇਖਿਆ (ਨਵੰਬਰ 2017) ਕਿ ਡੰਪਸਾਈਟ ਦੀ ਪੂਰੀ ਬਾਊਂਡਰੀ ਦੇ ਦੁਆਲੇ ਗ੍ਰੀਨ ਬੈਲਟ ਵਿਕਸਤ ਨਹੀ ਕੀਤੀ ਗਈ ਸੀ।

ਐਮ ਸੀ, ਲੁਧਿਆਣਾ ਨੇ ਦੱਸਿਆ (ਨਵੰਬਰ 2017) ਕਿ ਸਾਈਟ ਦੇ ਕੋਨਿਆਂ ਤੇ ਵੀ ਵੱਡੀ ਮਾਤਰਾ ਵਿੱਚ ਰਹਿੰਦ ਖੂੰਹਦ ਸੁੱਟਿਆ ਗਿਆ ਸੀ ਜਿਸ ਕਾਰਣ ਕੂੜੇ ਵਿੱਚ ਪੌਦੇ ਨਹੀਂ ਉੱਗੇ ਸਨ। ਉੱਤਰ ਨਿਯਮਾਂ ਅਨੁਸਾਰ ਨਹੀਂ ਸੀ।

**(ii)** ਇਕਰਾਰਨਾਮੇ ਦੇ ਆਰਟੀਕਲ 3.2 (9) ਨਾਲ ਪੜ੍ਹਦੇ ਹੋਏ ਆਰਟੀਕਲ 3.4.6 ਇਹ ਵਿਵਸਥਾ ਕਰਦਾ ਹੈ ਕਿ ਕੰਨਸੈਸ਼ਨਅਰ ਜਰੂਰੀ ਸਹੂਲਤਾਂ ਜਿਵੇਂ ਕਿ ਗੁਣਵੱਤਾ ਕੰਟਰੋਲ ਲੈਬਾਰਟਰੀ ਅਤੇ ਅੰਦਰੂਨੀ ਸੜਕਾਂ ਦਾ ਓਪਰੇਟ ਅਤੇ ਰੱਖ ਰਖਾਵ ਕਰੇਗਾ।

ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਅਗਸਤ 2018) ਕਿ ਸਾਈਟ ਤੇ ਅੰਦਰੂਨੀ ਸੜ੍ਹਕਾਂ ਅਤੇ ਗੁਣਵੱਤਾ ਕੰਟਰੋਲ ਲੈਬਾਰਟਰੀ ਦੀਆਂ ਜਰੂਰੀ ਸਹੂਲਤਾਂ ਸਥਾਪਤ ਨਹੀ ਕੀਤੀਆਂ ਗਈਆਂ ਸਨ ਜਿਸ ਦੇ ਕਾਰਣ ਐਮ ਐਸ ਡਬਲਿਊ ਕਰੈਕਟਰਾਈਜ਼ੇਸ਼ਨ, ਐਫਲੂਐਂਟ ਗੁਣਵੱਤਾ ਅਤੇ ਵਾਤਾਵਰਣ ਨਿਗਰਾਨੀ ਸਮੇਤ, ਸਾਈਟ ਲਈ ਐਮ ਐਸ ਡਬਲਿਊ ਦੀ ਕੁਲੈਕਸ਼ਨ ਅਤੇ ਢੋ ਢੁਆਈ ਲਈ ਸਹੀ ਮੈਕਾਨਿਜ਼ਮ ਵਿਕਸਤ ਨਹੀਂ ਹੋਇਆ ਸੀ।

ਐਮ ਸੀ, ਲੁਧਿਆਣਾ ਨੇ ਲੇਖਾ ਪ੍ਰੀਖਿਆ ਟਿਪਣੀਆਂ ਨੂੰ ਮੰਨਦੇ ਹੋਏ ਕਿਹਾ (ਅਗਸਤ 2018) ਕਿ ਲੇਬਾਰਟਰੀ ਕਮਰਿਆਂ ਦਾ ਨਿਰਮਾਣ ਕਰ ਲਿਆ ਗਿਆ ਸੀ ਪ੍ਰੰਤੂ ਲੈਬ ਦਾ ਲੋੜੀਂਦਾ ਸਾਜੋ ਸਮਾਨ ਨਹੀਂ ਖਰੀਦਿਆ ਗਿਆ ਸੀ। ਜਮਾਲਪੁਰ ਵਿਖੇ ਵਿਹਲੀ ਪਈ ਮਸ਼ੀਨਰੀ ਤੇ ਸਾਜ਼ੋਂ ਸਮਾਨ, ਗਰੀਨ

ਬੈਲਟ ਵਿਕਾਸ ਅੰਦਰੂਨੀ ਸੜਕਾਂ ਦਾ ਰਖ ਰਖਾਵ, ਅਤੇ ਕਵਾਲਟੀ ਕੰਟਰੋਲ ਲਬਾਰਟਰੀ ਦੀ ਤਾਜਾ ਸਥਿਤੀ ਬਾਰੇ ਐਮ ਸੀ, ਲੁਧਿਆਣਾ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.6 ਟਰਾਂਸਫਰ ਸਟੇਸ਼ਨਾਂ ਦਾ ਵਿਕਾਸ ਨਾ ਕਰਨਾ*

ਐਮ ਸੀ, ਲੁਧਿਆਣਾ, ਐਮ ਸੀ ਨੇ 25 ਸਾਲਾਂ ਦੀ ਮਿਆਦ ਲਈ 13 ਯੂ ਐਲ ਬੀਜ਼ ਨੂੰ ਕਵਰ ਕਰਨ ਲਈ ਸ਼ਹਿਰੀ ਸੋਲਿਡ ਵੇਸਟ ਪ੍ਰਬੰਧਨ ਲਈ ਪੀ ਪੀ ਪੀ ਮੋਡ ਤੇ ਇੱਕ ਠੇਕੇਦਾਰ ਨਾਲ ਇਕਰਾਰਨਾਮਾ ਸਹੀਬੱਧ ਕੀਤਾ (ਨਵੰਬਰ 2011)।

ਐਮ ਸੀ, ਲੁਧਿਆਣਾ ਦੇ ਇਕਰਾਰਨਾਮੇ ਦੇ ਅਨੁਲੱਗ-3 ਦੀ ਕਲਾਜ਼ 3.1 (i) ਵਿੱਚ ਵਿਵਸਥਾ ਹੈ ਕਿ ਐਮ ਐਸ ਡਬਲਿਯੂ ਨੂੰ ਅੱਗੇ ਪ੍ਰੋਸੈਸਿੰਗ ਸਹੂਲਤ ਕੇਂਦਰਾਂ ਵੱਲ ਢੋ ਢੁਆਈ ਕਰਨ ਲਈ, ਜਿਵੇਂ ਕਿ ਇਕਰਾਰਨਾਮੇ (ਇਕਰਾਰਨਾਮਿਆਂ) ਦੇ ਅਨੁਲੱਗ-5 ਦੀ ਤਰਜ਼ ਤੇ ਨੋਟੀਫਾਈ ਕੀਤਾ ਗਿਆ ਸੀ, ਸਾਈਟ (ਸਾਈਟਾਂ)[23] ਤੇ ਕਨਸੈਸ਼ਨੇਅਰ ਵਲੋਂ ਟਰਾਂਸਫਰ ਸਟੇਸ਼ਨਾਂ[24] ਦਾ ਵਿਕਾਸ, ਨਿਰਮਾਣ ਅਤੇ ਸੰਚਾਲਨ ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ (ਅਗਸਤ 2018) ਕਿ ਨਗਰ ਕੌਂਸਲ, ਜਗਰਾਓਂ ਅਤੇ ਖੰਨਾ ਵਿਖੇ ਜਮੀਨ ਉਪਲਬੱਧ ਹੋਣ ਦੇ ਬਾਵਜੂਦ, ਕਨਸੈਸ਼ਨੇਅਰ ਨੇ ਐਮ ਐਸ ਡਬਲਿਊ ਨੂੰ ਅੱਗੇ ਪ੍ਰੋਸੈਸਿੰਗ ਸੁਵਿਧਾਵਾਂ ਬੇਹਤਰ ਢੰਗ ਨਾਲ ਅੱਗੇ ਲਿਜਾਣ ਲਈ ਟਰਾਂਸਫਰ ਸਟੇਸ਼ਨਾਂ ਦਾ ਵਿਕਾਸ ਨਹੀਂ ਕੀਤਾ ਸੀ। ਐਮ ਸੀ, ਲੁਧਿਆਣਾ ਵਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ ਸੀ।

ਨਗਰ ਕੌਂਸਲ, ਜਗਰਾਉਂ ਅਤੇ ਖੰਨਾ ਵਿਖੇ-ਟਰਾਂਸਫਰ ਸਟੇਸ਼ਨਾਂ ਦੇ ਵਿਕਾਸ ਦੀ ਤਾਜਾ ਸਥਿਤੀ ਬਾਰੇ ਐਮ ਸੀ, ਲੁਧਿਆਣਾ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### *4.2.3.7 ਐਮ ਸੀ, ਜਲੰਧਰ ਅਧੀਨ ਵਰਿਆਣਾ ਡੰਪਸਾਈਟ ਵਿਖੇ ਖਾਮੀਆਂ*

ਐਮ ਸੀ, ਜਲੰਧਰ ਦੀ ਲੇਖਾ ਪ੍ਰੀਖਿਆਂ ਵੇਲੇ (ਮਈ 2018), ਵਰਿਆਣਾ ਐਮ ਐਸ ਡਬਲਿਊ ਡੰਪਸਾਈਟ ਵਿਖੇ ਹੇਠ ਲਿਖੀਆਂ ਕਮੀਆਂ ਧਿਆਨ ਵਿੱਚ ਆਈਆਂ ਸਨ:

- ਵਾਹਨਾਂ ਦੀ ਆਵਾਜਾਈ ਦੌਰਾਨ ਧੂੜ ਕਣਾਂ ਦੇ ਪੈਦਾ ਹੋਣ ਤੋਂ ਬਚਾਅ ਲਈ, ਨਿਯਮਾਵਲੀ ਦੇ ਸ਼ਡਿਊਲ-I ਦੇ ਪੈਰ੍ਹਾ ਬੀ (ii) ਅਨੁਸਾਰ, ਡੰਪਸਾਈਟ ਨੂੰ ਜੋੜਨ ਲਈ, ਕਿਸੇ ਉੱਚਿਤ ਪਹੁੰਚ ਸੜ੍ਹਕ ਦਾ ਨਿਰਮਾਣ ਨਹੀਂ ਕੀਤਾ ਗਿਆ ਸੀ।
- ਸੌਲਿਡ ਵੇਸਟ ਦੀ ਕੇਵਲ ਡੰਪਿੰਗ ਹੀ ਕੀਤੀ ਜਾ ਰਹੀ ਸੀ ਅਤੇ ਜਿਵੇਂ ਕਿ ਨਿਯਮਾਵਲੀ ਦੇ ਨਿਯਮ 15 (v) ਅਧੀਨ ਲੋੜੀਂਦਾ ਸੀ ਐਮ ਸੀ, ਜਲੰਧਰ ਵਲੋਂ ਐਮ ਐਸ ਡਬਲਿਊ ਦੀਆਂ ਕੋਈ ਪ੍ਰੋਸੈਸਿੰਗ ਗਤੀਵਿਧੀਆਂ ਨਹੀਂ ਕੀਤੀਆਂ ਗਈਆਂ ਸਨ।

---

23 ਉਨ੍ਹਾਂ ਪੁਆਇੰਟਾਂ, ਜਿਥੇ ਕੰਨਸੈਸ਼ਨਅਰ ਵੱਲੋਂ ਹੋਰ ਕਲੱਸਟਰ ਯੂ ਐਲ ਬੀਜ਼ ਤੋਂ ਐਮ ਐਸ ਡਬਲਿਊ ਇੱਕਠਾ ਕੀਤਾ ਗਿਆ, ਨੂੰ ਪ੍ਰੋਸੈਸਿੰਗ ਸਹੂਲਤਾਂ ਜਾਂ ਸੈਨੇਟਰੀ ਲੈਂਡ ਫਿਲ ਯੂਨਿਟ ਵਿੱਚ ਅੱਗੇ ਲਿਜਾਣ ਤੋਂ ਪਹਿਲਾ ਪੈਮਾਨੇ ਦੇ ਲਾਭ ਲੈਣ ਲਈ ਸਟੋਰ ਕੀਤਾ ਜਾਵੇਗਾ।

24 (i) ਜਗਰਾਓਂ; ਅਤੇ (ii) ਖੰਨਾ, ਵਿਖੇ ਸਬੰਧਤ ਪ੍ਰੀਸ਼ਦਾਂ ਵੱਲੋਂ ਟਰਾਂਸਫਰ ਸਟੇਸ਼ਨਾਂ ਦੀ ਉਸਾਰੀ ਲਈ ਹਰੇਕ ਵੱਲੋਂ ਦੋ ਏਕੜ ਜ਼ਮੀਨ ਦਾ ਏਰੀਆ ਮੁਹੱਈਆ ਕਰਵਾਇਆ ਗਿਆ ਸੀ।

- ਵਿੰਡੋ[25] ਖੇਤਰ ਵਿੱਚ ਜਿਵੇਂ ਕਿ ਨਿਯਮਾਵਲੀ ਦੇ ਸ਼ਡਿਊਲ-II ਏ (ਈ) ਵਿੱਚ ਵਿਵਸਥਾ ਕੀਤੀ ਗਈ ਹੈ, 50 ਸੈਃ ਮੀਃ ਮੋਟਾਈ ਦਾ ਠੋਸ ਜਾਂ ਸਖਤ ਚਿੱਕਣੀ ਮਿੱਟੀ ਨਾਲ ਬਣਿਆ ਇਮਪੈਰਮੀਏਬਲ (ਜਲ ਰੋਧਕ) ਅਧਾਰ ਮੁੱਹਈਆ ਨਹੀਂ ਕਰਵਾਇਆ ਗਿਆ ਸੀ।
- ਜਿਵੇਂ ਕਿ ਨਿਯਮਾਵਲੀ ਦੇ ਸ਼ਡਿਊਲ-I ਜੀ (ਈ) ਅਧੀਨ ਲੋੜੀਂਦਾ ਹੈ, ਹਰਿਆਵਲ ਅਤੇ ਸਿਹਤਮੰਦ ਵਾਤਾਵਰਣ ਵਾਸਤੇ ਡੰਪਸਾਈਟ ਦੀ ਪੂਰੀ ਬਾਊਂਡਰੀ ਦੇ ਨਾਲ ਨਾਲ ਕਿਸੇ ਹਰੀ ਪੱਟੀ ਦੀ ਸਿਰਜਣਾ ਨਹੀਂ ਕੀਤੀ ਗਈ ਸੀ।
- ਜਿਵੇਂ ਕਿ ਨਿਯਮਾਵਲੀ ਦੇ ਨਿਯਮ 15 (ਕਿਯੂ) ਅਤੇ (ਆਰ) ਵਿੱਚ ਵਿਵਸਥਾ ਹੈ, ਵਾਹਨ, ਸੌਲਿਡ ਵੇਸਟ ਨੂੰ ਰੀ-ਸਾਈਕਲੇਬਲ, ਬਾਇਓ-ਡੀਗ੍ਰੇਡਏਬਲ ਅਤੇ ਨਾਨ-ਬਾਇਓ-ਡੀਗ੍ਰੇਡਏਬਲ ਵਿਚਕਾਰ ਵੱਖ-ਵੱਖ ਕੀਤੇ ਬਗੈਰ ਡੰਪਸਾਈਟਾਂ ਤੇ ਲਿਆ ਰਹੇ ਸਨ।
- ਨਗਰ ਦੀ ਵੇਸਟ ਨੂੰ ਵਾਹਨ ਡੰਪਸਾਈਟ ਤੇ ਬਗੈਰ ਢਕਿਆਂ ਲਿਆ ਰਹੇ ਸਨ ਅਤੇ ਇਸ ਤਰ੍ਹਾਂ ਵਾਹਨਾਂ ਤੋਂ ਸੜ੍ਹਕਾਂ ਤੇ ਵੇਸਟ ਡਿੱਗ ਰਹੀ ਸੀ। ਇੰਜ, ਨਿਯਮਾਵਲੀ ਦੇ ਨਿਯਮ 3(52) ਅਧੀਨ, ਦੁਰਗੰਧ ਅਤੇ ਕੂੜਾ ਖਿੰਡਣ ਤੋਂ ਰੋਕਥਾਮ ਲਈ, ਵਿਸ਼ੇਸ਼ ਤੌਰ ਤੇ ਬਣਾਏ ਅਤੇ ਕਵਰ ਕੀਤੇ ਟਰਾਂਸਪੋਰਟ ਸਿਸਟਮ ਰਾਹੀਂ, ਵਾਤਾਵਰਣ ਦੇ ਲਿਹਾਜ਼ ਨਾਲ ਰਹਿੰਦ-ਖੂੰਹਦ ਦੀ ਢੋਆ ਢੋਆਈ ਵਧੀਆ ਤਰੀਕੇ ਨਾਲ ਯਕੀਨੀ ਨਹੀਂ ਬਣਾਈ ਗਈ ਸੀ।
- ਡੰਪਸਾਈਟ ਵਿਖੇ ਆਸੇ ਪਾਸੇ ਦੀ ਹਵਾ ਦੀ ਗੁਣਵੱਤਾ ਨੂੰ ਪ੍ਰਦੂਸ਼ਣ ਕਰਦਾ ਅੱਗ ਦਾ ਧੂੰਆਂ ਵੇਖਿਆ ਗਿਆ ਸੀ ਜੋ ਕਿ ਡੰਪਸਾਈਟ ਨੇੜਲੀ ਆਮ ਜਨਤਾ ਨੂੰ ਸਿਹਤ ਦੇ ਖਤਰੇ ਪੈਦਾ ਕਰ ਸਕਦਾ ਹੈ ਜਿਵੇਂ ਕਿ ਹੇਠਾਂ ਤਸਵੀਰ ਵਿੱਚ ਦਰਸਾਇਆ ਗਿਆ ਹੈਃ



**ਵਰਿਆਣਾ, ਜਲੰਧਰ ਵਿਖੇ ਸੌਲਿਡ ਵੇਸਟ ਡੰਪਸਾਇਟ (03 ਮਈ 2018)**

ਐਮ ਸੀ, ਜਲੰਧਰ ਨੇ ਕਿਹਾ (ਸਤੰਬਰ 2018) ਕਿ ਮਿਊਂਸਪਲ ਸੌਲਿਡ ਵੇਸਟ (ਮਨੇਜਮੈਂਟ ਅਤੇ ਹੈਂਡਲਿੰਗ) ਨਿਯਮਾਵਲੀ, 2000 ਅਧੀਨ, ਐਮ ਐਸ ਡਬਲਿਊ ਐਮ ਲਈ ਇੱਕ ਇਕਰਾਰਨਾਮੇ ਤੇ ਹਸਤਾਖਰ ਕੀਤੇ ਗਏ ਸਨ (ਜਨਵਰੀ 2012) ਅਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ (ਦਸੰਬਰ 2014)। ਹਾਲਾਂਕਿ, ਸਥਾਨਕ ਸਫਾਈ ਯੂਨਿਅਨਾਂ ਦੇ ਵਿਰੋਧ ਕਾਰਣ ਐਮ ਸੀ, ਜਲੰਧਰ ਅੜਿੱਕਾ ਰਹਿਤ ਪ੍ਰੋਜੈਕਟ ਸਾਇਟ ਨੂੰ ਕਨਸੈਸ਼ਨੇਅਰ ਨੂੰ ਨਹੀਂ ਸੌਂਪ ਸਕਿਆ। ਨਤੀਜੇ ਵਜੋਂ ਇਕਰਾਰਨਾਮਾ ਰੱਦ ਕਰ ਦਿੱਤਾ ਗਿਆ ਸੀ (ਮਈ 2016)।

ਐਮ ਸੀ, ਜਲੰਧਰ ਤੋਂ ਉਪਰੋਕਤ ਸਾਰੇ ਬਿੰਦੂਆਂ ਦੇ ਸਬੰਧ ਵਿੱਚ ਤਾਜਾ ਸਥਿਤੀ ਵਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

[25] ਏਰੋਬਿਕਲੀ ਕੰਪੋਜ਼ਿਟਿੰਗ ਸਮੱਗਰੀ ਦਾ ਇੱਕ ਵੱਡਾ ਢੇਰ, ਜਿਸ ਦੀ ਕੁਦਰਤੀ ਗਲਣਸ਼ੀਲਤਾ ਵਿੱਚ ਵਾਧਾ ਕਰਨ ਲਈ, ਸਮੇਂ ਸਮੇਂ ਤੇ ਸਮਗਰੀ ਨੂੰ ਆਕਸੀਜਨ ਦੇਣ ਵਾਸਤੇ ਅਤੇ ਤਾਪਮਾਨ ਕੰਟਰੋਲ ਕਰਨ ਵਾਸਤੇ ਉਪਰ-ਥੱਲੇ ਕੀਤਾ ਜਾਂਦਾ ਹੈ।

#### *4.2.3.8 ਸੈਨੀਟਰੀ ਲੈਂਡਫਿਲ ਫਸਿਲਟੀ ਦਾ ਅਣਉਚਿਤ ਰੱਖ ਰਖਾਵ*

ਐਮ ਸੀ, ਬਠਿੰਡਾ ਨੇ 25 ਸਾਲਾਂ ਦੀ ਮਿਆਦ ਲਈ 18 ਯੂ ਐਲ ਬੀਜ਼ ਨੂੰ ਕਵਰ ਕਰਨ ਲਈ ਸ਼ਹਿਰੀ ਸੋਲਿਡ ਵੇਸਟ ਪ੍ਰਬੰਧਨ ਲਈ ਪੀ ਪੀ ਪੀ ਮੋਡ ਤੇ ਇੱਕ ਠੇਕੇਦਾਰ ਨਾਲ ਇਕਰਾਰਨਾਮਾ ਸਹੀਬੱਧ ਕੀਤਾ (ਨਵੰਬਰ 2011)।

ਅਨੁਲੱਗ-3 ਦੇ ਪੈਰ੍ਹਾ 3.4.5 (ਬੀ) (i) ਨਾਲ ਪੜ੍ਹਦੇ ਹੋਏ ਠੇਕਾ ਇਕਰਾਰਨਾਮੇ ਦਾ ਅਨੁਛੇਦ 1.1.123 ਵਿਵਸਥਾ ਕਰਦਾ ਹੈ ਕਿ ਰੈਜ਼ੀਡੂਅਲ ਇਨਰਟ ਮੈਟਰ[26] ਜਿਸ ਨੂੰ ਕਿ ਸੈਨੀਟਰੀ ਲੈਂਡਫਿਲ ਫਸਿਲਟੀ (ਐਸ ਐਲ ਐਫ) ਵੱਲ ਲੈ ਕੇ ਜਾਣ ਦਾ ਪ੍ਰਸਤਾਵ ਹੋਵੇ, ਨੂੰ ਲੱਗਭਗ ਇੱਕੋ ਅਕਾਰ ਦੇ ਵੱਡੇ ਢੇਰਾਂ ਵਿੱਚ ਰੱਖਿਆ ਜਾਵੇਗਾ। ਇਨ੍ਹਾਂ ਢੇਰਾਂ ਵਿਚੋਂ ਹਰ ਇੱਕ ਤੋਂ ਕਮਿਸਟ ਵਲੋਂ ਦਸ ਰੈਂਡਮ ਸੈਂਪਲ ਲਏ ਜਾਣਗੇ। ਐਮ ਐਸ ਡਬਲਿਊ (ਮਨੇਜਮੈਂਟ ਅਤੇ ਹੈਂਡਲਿੰਗ) ਨਿਯਮ, 2000 ਅਨੁਸਾਰ ਇਨ੍ਹਾਂ ਰੈਂਡਮ ਸੈਂਪਲਾਂ ਨੂੰ ਫਿਰ ਚੰਗੀ ਤਰ੍ਹਾਂ ਮਿਲਾ ਦਿੱਤਾ ਜਾਵੇਗਾ ਅਤੇ ਇੱਕ ਸੈਂਪਲ ਲਿਆ ਜਾਵੇਗਾ ਅਤੇ ਟੈਸਟ ਕੀਤਾ ਜਾਵੇਗਾ।

ਲੇਖਾ ਪ੍ਰੀਖਿਆਂ ਦੇ ਧਿਆਨ ਵਿੱਚ ਆਇਆ (ਜੁਲਾਈ 2018) ਕਿ ਐਮ ਸੀ, ਬਠਿੰਡਾ ਵਿੱਚ ਐਸ ਐਲ ਐਫ ਨੂੰ ਵੇਸਟ ਭੇਜਣ ਤੋਂ ਪਹਿਲਾਂ ਕਨਸੈਸ਼ਨੇਅਰ ਵਲੋਂ ਰੈਜ਼ੀਡਿਊਅਲ ਇਨਰਟਮੈਟਰ ਦੇ ਸੈਂਪਲ ਨਹੀਂ ਲਏ ਗਏ ਸਨ, ਜਿਸ ਕਰਕੇ ਐਸ ਐਲ ਐਫ ਵਿੱਚ ਨਿਪਟਾਰਾ ਕੀਤੀ ਸਮਗਰੀ ਦੀ ਉਚਿਤਤਾ ਦਾ ਪਤਾ ਨਹੀਂ ਲਗਾਇਆ ਜਾ ਸਕਿਆ ਸੀ। ਕਨਸੈਸ਼ਨੇਅਰ ਨੇ ਨੋਡਲ ਅਫਸਰ ਕੋਲੋਂ ਇਕਰਾਰਨਾਮੇ ਦੇ ਪੈਰ੍ਹਾ 3.4.5 (ਬੀ) (ii) ਵਿੱਚ ਕੀਤੀ ਵਿਵਸਥਾ ਅਨੁਸਾਰ 'ਫਿਟ ਫਾਰ ਲੈਂਡ ਫਿਲਿੰਗ' ਸਰਟੀਫਿਕੇਟ ਹਾਸਲ ਕੀਤੇ ਬਗੈਰ ਐਸ ਐਲ ਐਫ ਨੂੰ ਰੈਜ਼ੀਡੂਅਲ ਇਨੈਰਟ ਸੈਂਟਰ ਵਿੱਚ ਭੇਜ ਦਿੱਤਾ। ਉਪਬੰਧਾਂ ਦੀ ਪਾਲਣਾ ਨਾ ਕਰਨ ਨਾਲ ਭੂਮੀਗਤ ਪਾਣੀ ਅਤੇ ਐਸ ਐਲ ਐਫਜ਼ ਦੇ ਆਸ-ਪਾਸ ਦੇ ਖੇਤਰ ਵਿੱਚ ਜਾਇਦਾਦਾਂ ਅਤੇ/ਜਾਂ ਜ਼ਮੀਨਾਂ ਦੇ ਮਾਲਕਾਂ ਅਤੇ ਕਬਜ਼ਾ ਕਰਨ ਵਾਲਿਆਂ ਸਮੇਤ ਵਾਤਾਵਰਣ ਤੇ ਮਾੜੇ ਪ੍ਰਭਾਵ ਪੈ ਸਕਦੇ ਹਨ।

ਐਮ ਸੀ, ਬਠਿੰਡਾ ਨੇ ਕਿਹਾ (ਜੁਲਾਈ 2018 ਅਤੇ ਜਨਵਰੀ 2019) ਕਿ ਹੁਣ ਪ੍ਰੋਜੈਕਟ ਚਲ ਰਿਹਾ ਸੀ ਅਤੇ ਕੇਵਲ ਪ੍ਰੋਸੈਸਿੰਗ ਉਪਰੰਤ ਇਨੈਰਟ ਰਿਜੈਕਟਸ ਨੂੰ ਹੀ ਐਸ ਐਲ ਐਫ ਫਸਿਲਟੀ ਵਿੱਚ ਭੇਜਿਆਂ ਗਿਆ ਸੀ। ਐਮ ਸੀ, ਬਠਿੰਡਾ ਕੋਲ ਕੋਈ ਸੈਂਪਲ ਟੈਸਟਿੰਗ ਰਿਪੋਰਟਾਂ ਉਪਲਬੱਧ ਨਹੀਂ ਸਨ। ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਉਕਤ ਉਪਬੰਧਾਂ ਦੀ ਉਲੰਘਣਾ ਵਿੱਚ ਐਸ ਐਲ ਐਫ ਵਿੱਚ ਭੇਜਣ ਤੋਂ ਪਹਿਲਾਂ ਇਨੈਰਟ ਰਿਜੈਕਟਸ ਦੀ ਜਾਂਚ ਨਹੀਂ ਕੀਤੀ ਗਈ ਸੀ।

ਅੱਗੇ ਐਮ ਸੀ, ਬਠਿੰਡਾ/ਵਿਭਾਗ ਤੋਂ ਜਵਾਬ/ਕੀਤੀ ਕਾਰਵਾਈ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### 4.2.4 ਐਮ ਐਸ ਡਬਲਿਊ ਐਮ ਪ੍ਰੋਜੈਕਟ ਦੀ ਮਾਨੀਟਰਿੰਗ

#### *4.2.4.1 ਨਿਰਪੱਖ ਮਾਹਰ ਦੀ ਨਿਯੁਕਤੀ ਨਾ ਕਰਨਾ*

ਕਨਸੈਸ਼ਨੇਅਰ ਇਕਰਾਰਨਾਮੇ ਦੇ ਅਨੁਛੇਦ 4.2 (ਅਨੁਲੱਗ -11) ਵਿੱਚ ਕਨਸੈਸ਼ਨੇਅਰ ਵਲੋਂ ਸੀ ਓ ਡੀ- ਸੀ ਟੀ ਪੀ ਐਂਡ ਡੀ ਪ੍ਰਾਪਤੀ ਤੋਂ ਤਿੰਨ ਮਹੀਨੇ (ਬਾਅਦ) ਤੱਕ ਦੇ ਸਮੇਂ ਲਈ ਐਮ ਸੀ ਬੀ

[26] ਸੋਲਿਡ ਵੇਸਟ ਪ੍ਰੋਸੈਸਿੰਗ ਫਸਿਲਿਟੀਆਂ ਤੋਂ ਵੇਸਟ ਅਤੇ ਰਿਜੈਕਟਸ, ਜਿਹੜੇ ਕਿ ਰੀਸਾਈਕਲਿੰਗ ਜਾਂ ਅੱਗੇ ਪ੍ਰੋਸੈਸਿੰਗ ਲਈ ਯੋਗ ਨਹੀਂ ਹਨ।

ਵੱਲੋਂ ਪਾਲਣਾ ਦੀ ਮਿਤੀ-ਪੀ ਐਂਡ ਡੀ ਨੂੰ ਜਾਂ ਉਸ ਤੋਂ ਪਹਿਲਾਂ ਇੱਕ ਅਜ਼ਾਦ ਮਾਹਰ (ਆਈ ਈ) ਦੀ ਨਿਯੁਕਤੀ ਕਰਨ ਦੀ ਵਿਵਸਥਾ ਹੈ ਜੋ ਕਿ ਕਨਸੈਸ਼ਨ ਇਕਰਾਰਨਾਮੇ ਦੇ ਉਪਬੰਧਾਂ ਵਿੱਚ ਵਿਵਸਥਾ ਕੀਤੀਆਂ ਭੂਮੀਕਾਵਾਂ, ਜਿੰਮੇਵਾਰੀਆਂ ਅਤੇ ਸੇਵਾਵਾਂ ਦੇ ਦਾਇਰੇ ਵਿੱਚ ਕੰਮ ਕਰੇਗਾ।

ਐਮ ਸੀ, ਬਠਿੰਡਾ ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ (ਜੁਲਾਈ 2018) ਕਿ ਭਾਵੇਂ ਕਨਸੈਸ਼ਨੇਅਰ ਨੇ 11 ਦਸੰਬਰ 2011 ਨੂੰ ਪਾਲਣਾ ਦੀ ਮਿਤੀ- ਪੀ ਐਂਡ ਡੀ ਪ੍ਰਾਪਤ ਕਰ ਲਈ ਸੀ ਪ੍ਰੰਤੂ ਐਮ ਸੀ, ਬਠਿੰਡਾ ਅਤੇ ਕਨਸੈਸ਼ਨੇਅਰ, ਇਕਰਾਰਨਾਮੇ ਦੇ ਉਪਬੰਧਾਂ ਅਨੁਸਾਰ ਆਈ ਈ ਦੀ ਨਿਯੁਕਤੀ ਕਰਨ ਵਿੱਚ ਨਾਕਾਮ ਰਹੇ, ਜਿਸ ਕਰਕੇ ਪ੍ਰੋਜੈਕਟ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਅਤੇ ਮਾਨੀਟਰਿੰਗ ਕਰਨ ਲਈ ਅਨੁਲੱਗ-11 ਵਿੱਚ ਦਿੱਤੀਆਂ ਭੁਕਿਮਾਵਾਂ ਅਤੇ ਜਿੰਮੇਵਾਰੀਆਂ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਿਆ ਸੀ।

ਐਮ ਸੀ, ਬਠਿੰਡਾ ਨੇ ਕਿਹਾ (ਜੁਲਾਈ 2018) ਆਈ ਈ ਦੀ ਨਿਯੁਕਤੀ ਲਈ ਐਮ ਸੀ ਨੇ ਤਿੰਨ ਵਾਰੀ ਟੈਂਡਰ ਮੰਗੇ ਸਨ ਪਰ ਯੋਗ ਪਾਰਟੀ ਨਹੀਂ ਮਿਲ ਸਕੀ। ਜਦੋਂਕਿ ਪ੍ਰੋਜੈਕਟ ਦੀ ਸਫਲਤਾ ਪੁਰਵਕ ਮਾਨੀਟਰਿੰਗ ਲਈ, ਦਸੰਬਰ 2012 ਤੋਂ ਐਮ ਸੀ ਦੇ ਦਫਤਰ ਵਿੱਚ ਨਿਗਮ ਇੰਜਨੀਅਰ ਕੰਮ ਕਰ ਰਿਹਾ ਸੀ। ਵਿਭਾਗ ਦਾ ਉਤੱਰ ਕੰਨਸੈਸ਼ਨੇਅਰ ਇਕਰਾਰਨਾਮੇ ਦੇ ਉਪਬੰਧਾਂ ਅਨੁਸਾਰ ਨਹੀਂ ਸੀ। ਨਿਗਮ ਇੰਜਨੀਅਰ ਅਤੇ ਆਈ ਈ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਅਨੁਲੱਗ-10 ਅਤੇ 11 ਵਿੱਚ ਵੱਖਰੇ ਤੌਰ ਤੇ ਦਿੱਤੀਆਂ ਗਈਆਂ ਹਨ। ਆਈ ਈ ਦੀ ਅਣਹੋਂਦ ਵਿੱਚ ਐਮ ਸੀ, ਬਠਿੰਡਾ ਦੁਆਰਾ ਪ੍ਰੋਜੈਕਟ ਨੂੰ ਸਹੀ ਢੰਗ ਨਾਲ ਲਾਗੂਕਰਣ ਅਤੇ ਮਾਨੀਟਰਿੰਗ ਕਰਨ ਦੀ ਮਾਹਰ ਦੀਆਂ ਭੂਮੀਕਰਣ ਅਤੇ ਜਿੰਮੇਵਾਰੀਆਂ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਿਆ।

ਐਮ ਸੀ, ਬਠਿੰਡਾ ਤੋਂ ਆਈ ਈ ਦੀ ਨਿਯੁਕਤੀ ਸਬੰਧੀ ਤਾਜਾ ਸਥਿਤੀ ਵਾਰੇ ਪੁੱਛਿਆ ਗਿਆ ਸੀ: (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.2.5 ਸਿੱਟਾ

ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਮਿਊਂਸਪਲ ਸੌਲਿਡ ਵੇਸਟ ਮਨੇਜਮੈਂਟ ਨੂੰ ਕਨਸੈਸ਼ਨ ਇਕਰਾਰਨਾਮਿਆਂ ਦੇ ਐਮ ਐਸ ਡਬਲਿਊ ਐਮ ਪ੍ਰੋਜੈਕਟ ਲਾਗੂਕਰਣ ਸ਼ਡਿਊਲ ਵਿੱਚ ਸਪੈਸੀਫਾਈ ਕੀਤੇ ਮੀਲਪੱਥਰਾਂ ਅਨੁਸਾਰ ਲਾਗੂ ਨਹੀਂ ਕੀਤਾ ਗਿਆ ਸੀ। ਵਿੱਤੀ ਪ੍ਰਬੰਧਨ ਦੀ ਘਾਟ ਸੀ ਕਿਉਂਜੋਂ ਰਾਜ ਸਰਕਾਰ ਵੱਲੋਂ ਨੋਡਲ ਏਜੰਸੀਆਂ ਨੂੰ ਅਤੇ ਨੋਡਲ ਏਜੰਸੀਆਂ ਤੋਂ ਯੂ ਐਲ ਬੀਜ਼ ਨੂੰ ਕੇਂਦਰੀ ਫੰਡ ਦੇਰੀ ਨਾਲ/ ਘੱਟ ਜਾਰੀ ਕਰਨ ਦੇ ਦ੍ਰਿਸ਼ਟਾਂਤ ਸਨ। ਫੰਡਾਂ ਦੀ ਅਣਉਚਿਤ ਵਰਤੋਂ, ਜ਼ਮੀਨ ਪੱਟਾ ਕਿਰਾਏ ਦੀ ਵਸੂਲੀ ਨਾ ਕਰਨ, ਤਨਖਾਹ ਦੇ ਭੁਗਤਾਨ ਤੇ ਗੈਰ-ਤਰਕਸੰਗਤ ਖਰਚਾ ਅਤੇ ਟਿਪਿੰਗ ਫੀਸ ਦੀ ਵੱਧ ਅਦਾਇਗੀ ਦੇ ਦ੍ਰਿਸ਼ਟਾਂਤਾਂ ਨੇ ਵਿੱਤੀ ਕੰਟਰੋਲ ਦੀ ਘਾਟ ਨੂੰ ਦਰਸਾਇਆ। ਕਨਸੈਸ਼ਨੇਅਰ ਵਲੋਂ ਐਮ ਐਸ ਡਬਲਿਊ ਨੂੰ ਘਰ ਘਰ ਤੋਂ ਇਕੱਠਾ ਕਰਨ ਲਈ 100 *ਪ੍ਰਤੀਸ਼ਤ* ਘਰਾਂ ਨੂੰ ਕਵਰ ਕਰਨ, ਪ੍ਰਾਇਮਰੀ ਕੁਲੈਕਸ਼ਨ ਬਿੰਦੂਆਂ ਤੇ ਐਮ ਐਸ ਡਬਲਿਊ ਦੀ ਸ੍ਰੋਤ ਤੇ ਵੱਖਰਾ ਕਰਨ ਦੀ ਪਾਲਣਾ ਨਾ ਕਰਨ, ਐਮ ਐਸ ਡਬਲਿਊ ਪ੍ਰੋਸੈਸਿੰਗ ਅਤੇ ਨਿਪਟਾਰਾ ਫਸੀਲਟੀਆਂ ਸਥਾਪਤ ਨਾ ਕਰਨ, ਅਤੇ ਠੇਕਾ ਇਕਰਾਰਨਾਮੇ ਅਨੁਸਾਰ ਉਚਿਤ ਲਾਗੂਕਰਣ ਅਤੇ ਮਾਨੀਟਰਿੰਗ ਲਈ ਆਈ ਈ ਦੀ ਨਿਯੁਕਤੀ ਨਾ ਕਰਨ ਦੇ ਮਾਮਲਿਆਂ ਕਰਕੇ ਯੂ ਐਲ ਬੀਜ਼ ਵਿੱਚ ਐਮ ਐਸ ਡਬਲਿਊ ਐਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

## 4.3 ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵੱਲ ਯੋਗਦਾਨ ਜਮਾਂ ਨਾ ਕਰਨਾ

ਪੰਜਾਬ ਸਰਕਾਰ (ਜੀ ਓ ਪੀ) ਨੇ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਐਕਟ, 2013(ਐਕਟ) ਕੈਂਸਰ ਅਤੇ ਨਸ਼ੇ ਦੇ ਇਲਾਜ ਲਈ ਬੁਨਿਆਦੀ ਢਾਂਚੇ ਦੇ ਨਿਰਮਾਣ ਦੀ ਸਹਾਇਤਾ ਲਈ ਅਤੇ ਇਸ ਨਾਲ ਜੁੜੇ ਮਾਮਲਿਆਂ ਅਤੇ ਇਸ ਸਬੰਧੀ ਮਾਮਲਿਆਂ ਦੇ ਇਕੋ ਉਦੇਸ਼ ਨਾਲ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ (ਫੰਡ) ਦੇ ਗਠਨ ਲਈ ਨੋਟੀਫਾਈ ਕੀਤਾ (ਅਪ੍ਰੈਲ 2013)।

ਕੈਬਨਿਟ ਮੀਟਿੰਗ (ਜੂਨ 2013) ਵਿੱਚ ਲਏ ਗਏ ਫੈਸਲੇ ਦੇ ਅਧਾਰ ਤੇ ਸਥਾਨਕ ਸਰਕਾਰ ਵਿਭਾਗ, ਪੰਜਾਬ ਸਰਕਾਰ ਨੇ ਡਾਇਰੈਕਟਰ ਸਥਾਨਕ ਅਤੇ ਨਗਰ ਨਿਗਮਾਂ/ਕੌਂਸਲਾਂ ਨੂੰ ਪ੍ਰਾਪ੍ਰਟੀ ਕਰ ਦੀ ਉਗਰਾਹੀ ਵਿੱਚੋਂ ਦੋ *ਪ੍ਰਤੀਸ਼ਤ* ਦਾ ਯੋਗਦਾਨ ਫੰਡ ਵਿੱਚ ਜਮ੍ਹਾਂ/ਟਰਾਂਸਫਰ ਕਰਨ ਲਈ ਨਿਰਦੇਸ਼ ਜਾਰੀ ਕੀਤੇ (ਮਈ 2014)। ਮੁੱਖ ਮੰਤਰੀ, ਪੰਜਾਬ ਦੀ ਚੇਅਰਮੈਨਸਿਪ ਅਧੀਨ ਨੌਂ ਮੈਂਬਰੀ ਫੰਡ ਉਪਰ ਕੰਟਰੋਲ ਰੱਖਣ ਵਾਲਾ ਬੋਰਡ ਐਕਟ ਦੇ ਉਪਬੰਧਾਂ ਦਾ ਪਾਲਣ ਕਰਨ ਲਈ ਜਿੰਮੇਵਾਰ ਹੈ।

2016-17 ਤੋਂ 2018-19 ਦੇ ਸਮੇਂ ਦੌਰਾਨ ਚੁਣੀਆਂ ਹੋਈਆਂ ਯੂ ਐਲ ਬੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ:

- 2016-18 ਦੇ ਲੇਖਾ ਪ੍ਰੀਖਿਆ ਸਮੇਂ ਦੌਰਾਨ 10-36 ਯੂ ਐਲ ਬੀਜ਼ ਨੇ ਅਪ੍ਰੈਲ 2011 ਅਤੇ ਮਾਰਚ 2017 ਵਿਚਕਾਰ ₹ 221.43 ਕਰੋੜ ਦੀ ਰਾਸ਼ੀ ਦਾ ਪ੍ਰਾਪ੍ਰਟੀ ਟੈਕਸ ਇੱਕਠਾ ਕੀਤਾ ਸੀ। ਪ੍ਰੰਤੂ, ₹ 4.43 ਕਰੋੜ[27] (₹ 221.43 ਕਰੋੜ ਦਾ ਦੋ *ਪ੍ਰਤੀਸ਼ਤ*) ਦੀ ਬਣਦੀ ਰਾਸ਼ੀ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ***(ਅੰਤਿਕਾ 4.5)*** ਵਿੱਚ ਜਮ੍ਹਾ/ਟਰਾਂਸਫਰ ਨਹੀਂ ਕੀਤੇ ਸੀ।

- 2018-19 ਦੇ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ 36 ਯੂ ਐਲ ਬੀਜ਼ ਨੇ 2013-19 ਦੌਰਾਨ ₹ 439.58 ਕਰੋੜ ਦੀ ਰਾਸ਼ੀ ਦਾ ਪ੍ਰਾਪ੍ਰਟੀ ਟੈਕਸ ਇੱਕਠਾ ਕੀਤਾ ਸੀ। ਪ੍ਰੰਤੂ, ₹ 8.79 ਕਰੋੜ (₹ 439.58 ਕਰੋੜ ਦਾ ਦੋ ਪ੍ਰਤੀਸ਼ਤ) ਦੀ ਬਣਦੀ ਰਾਸ਼ੀ ਵਿਚੋਂ ₹ 6.79 ਕਰੋੜ ***(ਅੰਤਿਕਾ 4.5)*** ਦਾ ਬਕਾਇਆ ਛੱਡਕੇ ਹੋਏ ਸਿਰਫ ₹ 2.00 ਕਰੋੜ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਜਮ੍ਹਾਂ/ਟਰਾਂਸਫਰ ਕਰਵਾਏ ਸੀ।

ਜਿਆਦਾਤਰ ਯੂ ਐਲ ਬੀਜ਼ ਨੇ ਜਰੂਰੀ ਕਾਰਵਾਈ ਕਰਨ ਦਾ ਭਰੋਸਾ ਦਿਤਾ। ਐਮ ਸੀਜ਼ ਅੰਮ੍ਰਿਤਸਰ ਅਤੇ ਜਲੰਧਰ ਨੇ ਕਿਹਾ (ਨਵੰਬਰ 2019 ਅਤੇ ਨਵੰਬਰ 2020) ਉਹਨਾ ਨੇ ਕ੍ਰਮਵਾਰ ਸਤੰਬਰ 2020 ਤੋਂ ਅਤੇ ਅਗਸਤ 2019 ਪ੍ਰਾਪ੍ਰਟੀ ਟੈਕਸ ਦੇ ਨਾਲ ਕੈਂਸਰ ਸੈੱਸ ਦੀ ਰਾਸ਼ੀ ਇੱਕਠੀ ਕਰਨੀ ਸ਼ੁਰੂ ਕੀਤੀ ਸੀ। ਐਮ ਸੀਜ਼ ਬਠਿੰਡਾ (ਜਨਵਰੀ 2020) ਅਤੇ ਸਨੌਰ (ਨਵੰਬਰ 2020) ਨੇ ਆਈ ਐਫ ਐਮ ਐਸ ਪੋਰਟਲ ਵਿੱਚ ਯੂਜਰ ਆਈ ਡੀ/ਤਕਨੀਕੀ ਸਮੱਸਿਆ ਨੂੰ ਜਮ੍ਹਾਂ ਨਾ ਕਰਾਉਣ ਦਾ ਕਾਰਣ ਦੱਸਿਆ। ਤੇਰ੍ਹਾਂ ਯੂ ਐਲ ਬੀਜ਼ (2016-17 ***ਅੰਤਿਕਾ 4.5*** ਅਨੁਸਾਰ 10 ਯੂ ਐਲ ਬੀਜ਼ ਅਤੇ 2018-19: ਤਿੰਨ[28] ਯੂ ਐਲ ਬੀਜ਼) ਨੇ ਕੋਈ ਉੱਤਰ ਨਹੀਂ ਦਿੱਤਾ।

---

[27] 2016-17: ₹ 0.58 ਕਰੋੜ (ਅਪ੍ਰੈਲ 2011 ਅਤੇ ਮਾਰਚ 2016 ਦਰਮਿਆਨ 10 ਯੂ ਐਲ ਬੀਜ਼ ਦੁਆਰਾ ਇੱਕਠੇ ਕਿੱਤੇ ₹ 29.04 ਕਰੋੜ ਦਾ ਦੋ *ਪ੍ਰਤੀਸਤ*); ਅਤੇ 2017-18: ₹ 3.85 ਕਰੋੜ (ਅਪ੍ਰੈਲ 2012 ਅਤੇ ਮਾਰਚ 2017 ਦਰਮਿਆਨ 36 ਯੂ ਐਲ ਬੀਜ਼ ਦੁਆਰਾ ਇੱਕਠੇ ਕਿੱਤੇ ₹ 192.39 ਕਰੋੜ ਦਾ ਦੋ *ਪ੍ਰਤੀਸਤ*)।

[28] (i) ਲੁਧਿਆਣਾ; (ii) ਬਢਲਾਡਾ; ਅਤੇ (iii) ਭਿਖੀ।

ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਗਠਨਾਂ (ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ) 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਸਲਾਨਾ ਤਕਨੀਕੀ ਅਤੇ ਨਿਰੀਖਣ ਰਿਪੋਰਟ ਵਿੱਚ ਪੰਜਾਬ ਰਾਰ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ (ਪੈਰ੍ਹਾ 4.1.4.1) ਵਿੱਚ ਯੋਗਦਾਨ ਜਮ੍ਹਾਂ ਨਾ ਕਰਵਾਉਣ ਬਾਰੇ ਜਿਕਰ ਕੀਤਾ ਗਿਆ ਸੀ। ਯੂ ਐਲ ਬੀਜ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਉਪਰੋਕਤ ਪੈਰਾਗਰਾਫ ਤੇ ਚਰਚਾ ਕਰਦੇ ਹੋਏ, ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਬਕਾਇਆ ਰਕਮ ਮਈ 2020 ਤੱਕ ਵਸੂਲੀ ਜਾ ਸਕਦੀ ਹੈ।

ਹਾਲਾਂਕਿ ਉਪਰੋਕਤ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਮੇਟੀ ਦੀਆ ਸਿਫਾਰਸ਼ਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਫੰਡ ਵਿੱਚ ਕਾਫੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਸੀ।

ਸਬੰਧਤ ਯੂ ਐਲ ਬੀਜ਼ ਦੁਆਰਾ ਉਕਤ ਫੰਡ ਵਿੱਚ ਬਕੀਇਆ ਰਾਸ਼ੀ ਜਮ੍ਹਾਂ/ਟਰਾਂਸਫਰ ਕਰਨ ਸਬੰਧੀ ਤਾਜਾ ਸਥਿਤੀ ਵਿਭਾਗ ਤੋਂ ਪੁੱਛੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.4 ਬਕਾਇਆ ਰੈਵੀਨਿਊ ਪ੍ਰਾਪਤੀਆਂ

ਪੰਜਾਬ ਮਿਊਂਸਪਲ ਅਕਾਊਟਿੰਗ ਮੈਨੂਅਲ 2017, ਦਾ ਪੈਰ੍ਹਾ 10.1 ਵਿਵਸਥਾ ਕਰਦਾ ਹੈ ਕਿ ਕਰ ਸ਼ਾਖਾ ਯਕੀਨੀ ਬਣਾਏਗੀ ਕਿ ਪ੍ਰਾਪ੍ਟੀ ਅਤੇ ਹੋਰ ਕਰਾਂ ਲਈ ਬਿੱਲ/ਮੰਗਾਂ ਮਹੀਨਾਵਾਰ/ਤਿਮਾਹੀ ਅਧਾਰ ਤੇ ਉਠਾਈਆ ਜਾਂਦੀਆਂ ਹਨ ਅਤੇ ਇਹ ਯਕੀਨੀ ਬਣਾਏਗੀ ਕਿ ਇਹ ਕਰ ਜਿਸ ਮਹੀਨੇ ਵਿੱਚ ਡਿਊ ਹੁੰਦੇ ਹਨ ਉਸ ਮਹੀਨੇ ਵਿੱਚ ਹੀ ਪ੍ਰਾਪਤ ਕੀਤੇ ਜਾਂਦੇ ਹਨ। ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਤੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਏ ਟੀ ਆਈ ਆਰ ਵਿੱਚ, ਬਕਾਇਆ ਰੈਵੀਨਿਊ ਪ੍ਰਾਪਤੀਆਂ (ਪੈਰ੍ਹਾ 4.1.3.1) ਨੂੰ ਉਜਾਗਰ ਕਰਦੇ ਹੋਏ, ਜਿਕਰ ਕੀਤਾ ਗਿਆ ਸੀ। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰ੍ਹਾ 4.1.3.1 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ 2017-18 ਤੱਕ ਬਣਦੀ ਰਾਸ਼ੀ ਦੀ 31 ਮਾਰਚ 2020 ਤੱਕ ਵਸੂਲੀ ਹੋ ਸਕਦੀ ਹੈ। ਕਮੇਟੀ ਨੇ ਅੱਗੇ ਦੱਸਿਆ ਕਿ ਇਨ੍ਹਾਂ ਚਾਰਜਿਜ ਦੀ ਉਗਰਾਹੀ ਲਈ ਆਨ ਲਾਈਨ ਸਿਸਟਮ ਵੀ ਤਿਆਰ ਕੀਤਾ ਜਾ ਸਕਦਾ ਹੈ।

ਚੁਣੀਆਂ ਹੋਈਆਂ ਯੂ ਐਲ ਬੀਜ਼ ਦੇ 2016-17 ਤੋਂ 2018-19 ਦੇ ਸਮੇਂ ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਜਲ ਸਪਲਾਈ ਅਤੇ ਸੀਵਰੇਜ ਚਾਰਜਿਜ਼, ਹਾਊਸ ਟੈਕਸ, ਦੁਕਾਨਾਂ ਦਾ ਕਿਰਾਇਆ ਅਤੇ ਮੋਬਾਇਲ ਟਾਵਰ ਚਾਰਜਿਜ ਦੇ ₹ 1,499.33 ਕਰੋੜ ਦੀ ਰਾਸ਼ੀ ਦੀਆਂ ਰੈਵੀਨਿਊ ਪ੍ਰਾਪਤੀਆਂ ਬਕਾਇਆ ਸਨ ***(ਅੰਤਿਕਾ 4.6)***।

ਜਿਆਦਾਤਰ ਯੂ ਐਲ ਬੀਜ਼ ਨੇ ਕਿਹਾ (ਅਪ੍ਰੈਲ 2017-ਦਸੰਬਰ 2020) ਕਿ ਬਕਾਇਆ ਰਾਸ਼ੀ ਵਸੂਲ ਕਰਨ ਲਈ ਕੋਸ਼ਿਸਾ ਕੀਤੀਆਂ ਜਾਂ ਰਹੀਆਂ ਸਨ। ਐਮ ਸੀ, ਲੁਧਿਆਣਾ ਨੇ ਵੱਡੀ ਬਕਾਇਆ ਰਾਸ਼ੀ ਲਈ ਡਿਫਾਲਫਰਾਂ ਵੱਲੋਂ ਵਿਆਜ ਦੀ ਮੁਆਫੀ ਦੀਆਂ ਉਮੀਦਾਂ ਦੇ ਕਾਰਣਾ ਨੂੰ ਜਿੰਮੇਵਾਰ ਦੱਸਿਆ (ਮਈ 2019) ਅਤੇ ਐਮ ਸੀ ਜਗਰਾਉ ਵਲੋਂ ਬਕਾਏ ਲਈ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਅਧੂਰਾ ਰਿਕਾਰਡ ਸਪੁਰਦ ਕਰਨ ਨੂੰ ਕਾਰਣ ਦੱਸਿਆ (ਨਵੰਬਰ 2020)। ਨਗਰ ਪੰਚਾਇਤ ਮੂਨਕ ਨੇ ਕਿਹਾ (ਦਸੰਬਰ 2020) ਕਿ ਮੋਬਾਇਲ ਟਾਵਰਾਂ ਦੇ ਮਾਲਕਾਂ ਵੱਲੋਂ ਇਸ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਰਜ ਕਰਵਾਏ ਗਏ ਸਨ।

ਸਬੰਧਤ ਯੂ ਐਲ ਬੀਜ਼ ਵੱਲੋਂ ਬਕਾਇਆ ਰੈਵੀਨਿਊ ਪ੍ਰਾਪਤੀਆਂ ਦੀ ਕੀਤੀ ਗਈ ਵਸੂਲੀ ਦੀ ਤਾਜਾ ਸਥਿਤੀ/ਵੇਰਵੇ ਬਾਰੇ ਵਿਭਾਗ ਤੋਂ ਪੁੱਛਿਆ (ਫਰਵਰੀ 2021) ਗਿਆ ਸੀ; ਉੱਤਰ ਦੀ ਉਡੀਕ ਸੀ (ਅਗਸਤ 2021)।

## 4.5 ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ

ਪੰਜਾਬ ਮਿਊਂਸਪਲ ਅਕਾਊਂਟ ਮੈਨੂਅਲ, 2017 ਦੇ ਪੈਰ੍ਹਾ 23.2(2) (ਬੀ) ਵਿਵਸਥਾ ਕਰਦਾ ਹੈ ਕਿ ਕਰਮਚਾਰੀ ਦੁਆਰਾ ਆਰਜੀ ਪੇਸ਼ਗੀ ਦੀ ਵਰਤੋਂ ਇਕ ਪੰਦਰਵਾੜੇ ਦੇ ਅੰਦਰ-ਅੰਦਰ ਕੀਤੀ ਜਾਵੇਗੀ, ਜਿਸਨੇ ਅਜਿਹੀ ਅਸਥਾਈ ਪੇਸ਼ਗੀ ਪ੍ਰਾਪਤ ਕੀਤੀ ਹੈ ਨਹੀਂ ਤਾਂ ਉਹ ਵਿਅਕਤੀ ਮਿਉਂਸਪਲ ਫੰਡ ਵਿੱਚ ਰਾਸ਼ੀ ਜਮ੍ਹਾਂ ਕਰਵਾਏਗਾ। ਜੇ ਕਰ ਰਕਮ ਵਾਪਸ ਨਹੀਂ ਕੀਤੀ ਜਾਂਦੀ ਹੈ, ਤਾਂ ਉਸ ਨੂੰ ਆਰਜ਼ੀ ਪੇਸ਼ਗੀ ਲੈਣ ਵਾਲੇ ਸ਼ਾਖਾ ਮੁਖੀ ਅਤੇ ਅਧਿਕਾਰੀ ਦੋਵਾਂ ਦੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਤੋਂ ਇਲਾਵਾ ਵਸੂਲੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਪੈਰਾ 23.2 (ਸੀ) ਉਪਬੰਧ ਕਰਦਾ ਹੈ ਕਿ ਹਰ ਇੱਕ ਛਿਮਾਈ ਦੀ ਸਮਾਪਤੀ ਤੇ ਬਕਾਇਆ ਪੇਸ਼ਗੀਆਂ ਦੀ ਰਾਸ਼ੀ ਨੂੰ ਬਕਾਇਆ ਪੇਸ਼ਗੀਆਂ ਦੀ ਸੂਚੀ ਤੇ ਸੰਖੇਪ ਕੀਤਾ ਜਾਵੇਗਾ, ਜੋ ਕਿ ਅਸਲ ਅਗਾਊਂ ਰਕਮ ਅਤੇ ਉਹ ਮਿਤੀ ਜਿਸ ਤੇ ਇਹ ਕੀਤੀ ਗਈ ਸੀ ਅਤੇ ਸੂਚੀ ਹੋਵੇਗੀ ਅਤੇ ਯੂ ਐਲ ਬੀ ਦੇ ਸਾਹਮਣੇ ਰੱਖਿਆ ਗਿਆ। 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਤੇ ਏ ਈ ਆਰ ਵਿੱਚ ਆਰਜੀ ਪੇਸ਼ਗੀਆਂ (ਪੈਰ੍ਹਾ 4.1.6.3) ਦੇ ਗੈਰ ਸਮਾਯੋਜਨ ਨੂੰ ਉਜਾਗਰ ਕਰਦੇ ਹੋਏ ਜ਼ਿਕਰ ਕੀਤਾ ਗਿਆ ਸੀ। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰਾ 4.1.6.3 ਤੇ ਚਰਚਾ ਕਰਦੇ ਹੋਏ, ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਆਰਜੀ ਪੇਸ਼ਗੀਆਂ ਨੂੰ ਸਮਾਯੋਜਨ ਨਾ ਕਰਨ ਲਈ ਗਲਤ ਕਰਮਚਾਰੀਆਂ/ਅਧਿਕਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਸਕਦੀ ਹੈ।

ਚੁਣੀਆਂ ਹੋਈਆਂ ਯੂ ਐਲ ਬੀਜ਼ ਦੇ 2016-17 ਤੋਂ 2018-19 ਦੇ ਸਮੇਂ ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 3-15 ਯੂ ਐਲ ਬੀਜ਼ ਦੇ ਮਾਮਲੇ ਵਿੱਚ ਵੱਖ-ਵੱਖ ਅਧਿਕਾਰੀਆਂ/ਕਰਮਚਾਰੀਆਂ ਨੂੰ ਅਗਸਤ 1971 ਤੋਂ ਜੁਲਾਈ 2019 ਦੇ ਸਮੇਂ ਦੌਰਾਨ ਮਨਜੂਰ ਕੀਤੇ ₹ 300.78 ਕਰੋੜ ਦੀ ਰਾਸ਼ੀ ਦੀਆਂ ਆਰਜੀ ਪੇਸ਼ਗੀਆਂ ਗੈਰ-ਸਮਾਯੋਜਿਤ ਪਈਆਂ ਸਨ *(ਅੰਤਿਕਾ 4.7)*।

ਜਿਆਦਾਤਰ ਯੂ ਐਲ ਬੀਜ਼ ਨੇ ਕਿਹਾ (ਮਈ 2017-ਦਸੰਬਰ 2020) ਕਿ ਆਰਜ਼ੀ ਪੇਸ਼ਗੀਆਂ ਨੂੰ ਸਮਾਯੋਜਨ/ਵਸੂਲ ਕਰਨ ਲਈ ਕੋਸ਼ਿਸਾ ਕੀਤੀਆਂ ਜਾ ਰਹੀਆਂ ਸਨ। ਐਮ ਸੀ, ਦੋਰਾਹਾ ਨੇ ਕਿਹਾ (ਅਗਸਤ 2020) ਕਿ ਸਬੰਧਤ ਵਿਅਕਤੀਆਂ ਦੀਆਂ ਬਦਲੀਆਂ ਨੂੰ ਗੈਰ-ਸਮਾਯੋਜਨ ਦਾ ਕਾਰਣ ਦੱਸਿਆ। ਸੱਤ ਯੂ ਐਲ ਬੀਜ਼[29] ਨੇ ਕੋਈ ਉੱਤਰ ਨਹੀਂ ਦਿੱਤਾ।

ਸਬੰਧਤ ਯੂ ਐਲ ਬੀਜ਼ ਵੱਲੋਂ ਆਰਜ਼ੀ ਪੇਸ਼ਗੀਆਂ ਦੇ ਸਮਾਯੋਜਨ ਦੀ ਤਾਜਾ ਸਥਿਤੀ/ਵੇਰਵੇ ਵਿਭਾਗ ਤੋਂ ਪੁੱਛੇ ਗਏ ਸਨ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

[29] 2016-17: ਐਮ ਸੀਜ਼ (i) ਹੋਸ਼ਿਆਰਪੁਰ; (ii) ਪਠਾਨਕੋਟ; (iii) ਐਸ ਏ ਐਸ ਨਗਰ; 2018-19: ਐਸ ਸੀਜ਼ (iv) ਰਾਜਪੁਰਾ; (v) ਦੀਨਾ ਨਗਰ; (vi) ਡੇਰਾ ਬੱਸੀ; ਅਤੇ (vii) ਨਗਰ ਪੰਚਾਇਤ, ਸਰਦੂਲਗੜ੍ਹ।

## 4.6 ਸਾਲਾਨਾ ਲੇਖੇ ਨਾ ਤਿਆਰ ਕਰਨਾ

ਪੰਜਾਬ ਮਿਊਂਸਪਲ ਅਕਾਊਂਟਿਗ ਮੈਨੂਅਲ, 2017 ਦਾ ਪੈਰ੍ਹਾ 27.4 (5) ਯੂ ਐਲ ਜੀ ਨੂੰ ਵਿੱਤੀ ਵਿਵਰਣੀਆਂ ਜਿਵੇਂ ਕਿ ਬੈਲੇਂਸ ਸੀਟ, ਆਮਦਨ ਅਤੇ ਖਰਚੇ ਦੀ ਵਿਵਰਣੀ ਕੈਸ਼ ਫਲੋਅ ਦੀ ਵਿਵਰਣੀ ਅਤੇ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਸਲਾਨਾ ਲੇਖੇ ਤਿਆਰ ਕਰਨ ਦੇ ਨਿਰਦੇਸ਼ ਦਿੰਦਾ ਹੈ।

ਸਾਲ 2017-18 ਤੋਂ 2018-19 ਦੇ ਸਮੇਂ ਦੌਰਾਨ ਚੁਣੀਆਂ ਗਈਆਂ ਯੂ ਐਲ ਬੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 29 ਯੂ ਐਲ ਬੀਜ਼ (2017-18: 17 ਯੂ ਐਲ ਬੀਜ਼ ਅਤੇ 2018-19: 12 ਯੂ ਐਲ ਬੀਜ਼) ਨੇ ਜਿਵੇਂ ਕਿ ਉਪਰੋਕਤ ਨਿਯਮਾਂ ਵਿੱਚ ਲੋੜੀਂਦਾ ਹੈ 2013 ਤੋਂ 2019 ਦੇ ਸਮੇਂ ਨਾਲ ਸਬੰਧਤ ਸਲਾਨਾ ਲੇਖੇ ਨਹੀਂ ਬਣਾਏ ਸਨ *(ਅੰਤਿਕਾ 4.8)*।

ਯੂ ਐਲ ਬੀਜ਼ (ਪੈਰ੍ਹਾ 4.1.6.4) ਵੱਲੋਂ ਸਲਾਨਾ ਲੇਖੇ ਤਿਆਰ ਨਾ ਕਰਨ ਨੂੰ ਉਜਾਗਰ ਕਰਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਜਿਕਰ ਕੀਤਾ ਗਿਆ ਸੀ। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰ੍ਹਾ 4.1.6.4 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ 31 ਮਈ 2020 ਤੱਕ ਡਬਲ ਐਂਟਰੀ ਸਿਸਟਮ ਤੇ ਅਧਾਰਤ ਸਲਾਨਾ ਲੇਖੇ ਤਿਆਰ/ਮੁਕੰਮਲ ਕੀਤੇ ਜਾ ਸਕਦੇ ਸਨ। ਹਾਲਾਂਕਿ, ਤੱਥ ਇਹ ਹੈ ਕਿ ਐਲ ਬੀਜ਼ ਅਤੇ ਪੀ ਆਰ ਆਈਜ਼ ਕਮੇਟੀ ਦੀਆਂ ਸਿਫਾਰਸਾਂ ਦੇ ਬਾਵਜੂਦ ਮਾਮਲਾ ਬਰਕਰਾਰ ਹੈ।

ਸਬੰਧਤ ਯੂ ਐਲ ਬੀਜ਼ ਨੇ ਪਾਲਣਾ ਕਰਨ ਦਾ ਭਰੋਸਾ ਦਵਾਇਆ (ਨਵੰਬਰ 2017-ਫਰਵਰੀ 2021)। ਇਸ ਸਬੰਧੀ ਤਾਜਾ ਸਥਿਤੀ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.7 ਰੈਵੀਨਿਊ ਦੀ ਉਗਰਾਹੀ ਨਾ ਕਰਨਾ

ਪੰਜਾਬ ਸਰਕਾਰ (ਜੀ ਓ ਪੀ) ਨੇ ਅਣਅਧਿਕਾਰਤ ਕਲੋਨੀਆਂ ਦੇ ਨਿਰਮਾਣ ਅਤੇ ਇਨ੍ਹਾਂ ਕਲੋਨੀਆਂ ਅੰਦਰ ਆਉਂਦੇ ਪਲਾਟਾਂ/ਇਮਾਰਤਾਂ ਦੀ ਨਿਯਮਤਤਾ ਲਈ ਅਪਰਾਧਾਂ ਨੂੰ ਹੱਲ ਕਰਨ ਨੋਟੀਫਾਈ ਕੀਤਾ (ਅਕਤੂਬਰ 2014) ਤਾਂ ਕਿ ਅਣਅਧਿਕਾਰਤ ਕਲੋਨੀਆਂ ਨੂੰ ਯੋਜਨੀਬੰਦੀ ਫਰੇਮਵਰਕ ਦੇ ਦਾਇਰੇ ਅੰਦਰ ਲਿਆਂਦਾ ਜਾਵੇ ਅਤੇ ਇਹਨਾਂ ਕਲੋਨੀਆਂ ਦੇ ਵਸਨੀਕਾਂ ਨੂੰ ਮੂਲ ਸਹੂਲਤਾਂ ਮੁਹੱਈਆ ਕੀਤੀਆਂ ਜਾਣ।

ਕੰਪੋਜੀਸ਼ਨ ਫੀਸ (ਪੈਰ੍ਹਾ 4.2.1) ਦੀ ਘੱਟ ਪ੍ਰਾਪਤੀ ਕੈਂਸਰ ਅਤੇ ਸਭਿਆਚਾਰਕ ਸੈੱਸ (ਪੈਰ੍ਹਾ 4.1.4.2) ਜਮ੍ਹਾਂ ਨਾ ਕਰਾਉਣ ਨੂੰ ਉਜਾਗਰ ਕਰਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਤੇ ਏ ਟੀ ਆਈ ਆਰ ਵਿੱਚ ਜਿਕਰ ਕੀਤਾ ਗਿਆ ਸੀ।

### 4.7.1 ਕੰਪੋਜੀਸ਼ਨ ਫੀਸ ਦੀ ਘੱਟ ਪ੍ਰਾਪਤੀ

ਨੋਟੀਫੀਕੇਸ਼ਨ (ਅਕਤੂਬਰ 2014) ਦਾ ਪੈਰ੍ਹਾ ਏ 2(v)(ਏ) ਹੋਰ ਗੱਲਾਂ ਦੇ ਨਾਲ ਨਾਲ ਵਿਵਸਥਾ ਕਰਦਾ ਹੈ ਕਿ ਕਲੋਨੀਆਂ ਦੀ ਕੰਮਪਾਊਡਿੰਗ ਲਈ ਡਿਪੈਵਲਪਰਾਂ/ਪਲਾਟ ਧਾਰਕਾਂ ਤੋਂ ਪ੍ਰਾਪਤ ਕੀਤਾ ਕੁੱਲ ਕੰਪੋਜੀਸ਼ਨ ਫੀਸ ਦਾ 10 *ਪ੍ਰਤੀਸ਼ਤ* ਬਿਨੈਪਤਰ (ਕਲੋਨੀਆਂ/ਪਲਾਟਾਂ/ਇਮਾਰਤਾਂ ਦੀ

ਕੰਪਾਉਡਿੰਗ ਲਈ) ਦੇ ਨਾਲ; 15 *ਪ੍ਰਤੀਸ਼ਤ* ਬਿਨੈਕਾਰ ਕਾਖਲ ਕਰਵਾਉਣ ਤੋਂ ਤਿੰਨ ਮਹੀਨੀਆਂ ਦੇ ਅੰਦਰ ਅੰਦਰ ਅਤੇ ਬਾਕੀ ਰਹਿੰਦਾ 75 *ਪ੍ਰਤੀਸ਼ਤ* ਇਕ ਸਾਲ ਵਿੱਚ ਤਿੰਨ ਬਾਰਬਰ ਤਿਮਾਹੀ ਕਿਸ਼ਤਾ ਵਿੱਚ 12 *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਖਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਜੇਕਰ ਅਣਅਧਿਕਾਰਤ ਕਲੋਨੀ ਦਾ ਡਿਵੈਲਪਰ ਜਾਂ ਪਲਾਟ ਧਾਰਕ ਜਿਵੇਂ ਵੀ ਮਾਮਲਾ ਹੋ ਸਕਦਾ ਇਸ ਪਾਲਿਸੀ ਅਧੀਨ ਸਰਕਾਰ ਵੱਲੋਂ ਤੈਅ ਕੀਤੀ ਕੰਪੋਜੀਸ਼ਨ ਫੀਸ ਅਦਾ ਕਰਨ ਵਿੱਚ ਅਸਫਲ ਹੁੰਦਾ ਹੈ, ਰਾਸ਼ੀ ਭੌਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਵੇਗੀ।

2016-17 ਅਤੇ 2017-18 ਦੌਰਾਨ ਰਿਕਾਰਡ ਦੀ ਨਮੂਨਾ ਚਾਂਚ ਨੇ ਦਰਸਾਇਆ ਕਿ ਅਣਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਲਈ ਲਗਾਈ ਗਈ ₹ 20.70 ਕਰੋੜ ਦੀ ਕੰਪੋਜੀਸ਼ਨ ਫੀਸ ਵਿੱਚੋਂ ਸਿਰਫ 14 ਯੂ ਐਲ ਬੀਜ਼ ਵੱਲੋਂ ਸਿਰਫ ₹ 8.54 ਕਰੋੜ ਇੱਕਠੇ ਕੀਤੇ ਗਏ ਸਨ, ਸਿੱਟੇ ਵੱਜੋਂ ₹ 12.16 ਕਰੋੜ ***(ਅੰਤਿਕਾ 4.9)*** ਦੀ ਰਾਸ਼ੀ ਦੀ ਕੰਪੋਜੀਸ਼ਨ ਫੀਸ ਦੀ ਘੱਟ ਪ੍ਰਾਪਤੀ ਹੋਈ।

ਸਬੰਧਤ ਯੂ ਐਲ ਬੀਜ਼ (ਸਿਵਾਏ ਹੁਸ਼ਿਆਰਪੁਰ ਦੇ) ਨੇ ਕਿਹਾ (ਅਕਤੂਬਰ ਅਤੇ ਦਸੰਬਰ 2017) ਕਿ ਦਿਸ਼ਾ ਨਿਰਦੇਸ਼ਾ ਅਨੁਸਾਰ ਨੋਟਿਸ ਪਹਿਲਾਂ ਹੀ ਜਾਰੀ ਕਰ ਦਿੱਤੇ ਗਏ ਸਨ ਅਤੇ ਰਕਮ ਵਸੂਲਣ ਲਈ ਜਰੂਰੀ ਕਾਰਵਾਈ ਕੀਤੀ ਜਾਵੇਗੀ। ਕੰਪੋਜੀਸ਼ਨ ਫੀਸ ਦੀ ਵਸੂਲੀ ਸਬੰਧੀ ਵਰਤਮਾਨ ਸਥਿਤੀ ਵਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### 4.7.2 ਕੈਂਸਰ ਸੈੱਸ ਅਤੇ ਸਭਿਆਚਰਕ ਸੈੱਸ ਜਮ੍ਹਾਂ ਨਾ ਕਰਾਉਣਾ

ਨੋਟੀਫੀਕੇਸ਼ਨ (ਅਕਤੂਬਰ 2014) ਦਾ ਪੈਰ੍ਹਾ ਏ 2(v)(ਬੀ) ਅਤੇ ਬੀ1(v)(ਸੀ) ਹੋਰ ਗੱਲਾਂ ਦੇ ਨਾਲ ਵਿਵਸਥਾ ਕਰਦਾ ਹੈ ਕਿ ਕੰਪੋਜੀਸ਼ਨ ਫੀਸ/ਨਿਯਮਤਤਾ ਚਾਰਜਿਜ ਭਾਵਾ ਇਕ ਅਣਅਧਿਕਾਰਤ ਕਲੋਨੀ ਦੀ ਕੰਪਾਉਡਿੰਗ ਲਈ ਚਾਰਜਿਜ ਦੀ ਕੁੱਲ ਆਮਦਨ ਹਰ ਇੱਕ ਲਈ ਇੱਕ ਪ੍ਰਤੀਸ਼ਤ ਕੈਂਸਰ ਸੈੱਸ ਅਤੇ ਸਭਿਆਚਾਰਕ ਸੈੱਸ ਵੱਜੋਂ ਜਮ੍ਹਾਂ ਕਰਵਾਇਆ ਜਾਵੇਗਾ।

2016-17 ਤੋਂ 2018-19 ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 2013 ਤੋਂ 2019 ਦੇ ਸਾਲਾਂ ਦੌਰਾਨ ਅਣ ਅਧਿਕਾਰਤ ਕਲੋਨੀਆਂ/ਪਲਾਟਾਂ ਦੇ ਨਿਯਮਤਤਾ ਚਾਰਜ਼ਿਜ ਵਜੋਂ 12 ਯੂ ਐਲ ਬੀਜ਼ ਨੇ ₹ 40.28 ਕਰੋੜ ਇੱਕਠੇ ਕੀਤੇ। ਪ੍ਰੰਤੂ, ਅਣ ਅਧਿਕਾਰਤ ਕਲੋਨੀਆਂ/ਪਲਾਟਾਂ ਦੇ ਨਿਯਮਤਤਾ ਚਾਰਜ਼ਿਜ ਦੀ ਕੁੱਲ ਬਣਦੀ ਰਾਸੀ ₹ 0.80 ਕਰੋੜ ਵਿੱਚੋਂ ਕੈਂਸਰ ਸੈੱਸ (₹ 0.40 ਕਰੋੜ) ਅਤੇ ਸਭਿਆਚਾਰਕ ਸੈੱਸ (₹ 0.40 ਕਰੋੜ) ਦੀ ₹ 1.08 ਕਰੋੜ ਦੀ ਬਣਦੀ ਰਾਸ਼ੀ ਸਰਕਾਰੀ ਲੇਖੇ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਸੀ ***(ਅੰਤਿਕਾ 4.10)***।

ਐਲ ਬੀਜ਼ ਅਤੇ ਪੀ ਆਰ ਆਈਜ ਤੇ ਕਮੇਟੀ ਨੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਦੇ ਪੈਰ੍ਹੇ 4.2.1 ਅਤੇ 4.1.4.2 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਸਤੰਬਰ 2019) ਕਿ ਕੰਪੋਜੀਸ਼ਨ ਫੀਸ ਦੀ ਬਕਾਇਆ ਰਾਸ਼ੀ ਦੀ ਵਸੂਲੀ ਕੀਤੀ ਜਾ ਸਕਦੀ ਹੈ ਅਤੇ ਕੈਂਸਰ ਸੈੱਸ ਅਤੇ ਸਭਿਆਚਾਰਕ ਸੈੱਸ ਦੀ ਬਣਦੀ ਰਾਸ਼ੀ 31 ਮਈ 2020 ਤੱਕ ਜਮ੍ਹਾਂ ਕਰਵਾਈ ਜਾ ਸਕਦੀ ਹੈ।

ਸਬੰਧਤ ਯੂ ਐਲ ਬੀਜ਼ ਨੇ ਕਿਹਾ (ਜੂਨ 2017-ਦਸੰਬਰ 2020) ਕਿ ਰਾਸ਼ੀ ਉੱਚਿਤ ਸਮੇਂ ਤੇ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਕੈਂਸਰ ਸੈੱਸ ਅਤੇ ਸਭਿਆਚਾਰਕ ਸੈੱਸ ਦੀ ਬਣਦੀ ਰਾਸ਼ੀ ਜਮ੍ਹਾਂ ਕਰਾਉਣ

ਸਬੰਧੀ ਵਰਤਮਾਨ ਸਥਿਤੀ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

### 4.7.3 ਸਮਾਜਿਕ ਬੁਨਿਆਦੀ ਢਾਂਚਾ ਫੰਡ ਵੱਲ ਰਾਸ਼ੀ ਜਮ੍ਹਾਂ ਨਾ ਕਰਾਉਣਾ

ਨੋਟੀਫੀਕੇਸ਼ਨ (ਅਕਤੂਬਰ 2014) ਇਹ ਵਿਵਸਥਾ ਕਰਦੀ ਹੈ ਕਿ ਕੰਪੋਜੀਸ਼ਨ ਫੀਸ ਦੀ ਕੁੱਲ ਆਮਦਨ ਵਿੱਚੋਂ ਪੰਜ ਪ੍ਰਤੀਸ਼ਤ ਮੁੱਖ ਪ੍ਰਸ਼ਾਸ਼ਨ, ਪੰਜਾਬ ਸ਼ਹਿਰੀ ਵਿਕਾਸ ਅਥਾਰਟੀ, ਮੋਹਾਲੀ ਕੋਲ ਸਮਾਜਿਕ ਬੁਨਿਆਦੀ ਢਾਂਚਾ ਫੰਡ ਵਜੋਂ ਜਮ੍ਹਾਂ ਕਰਵਾਇਆ ਜਾਵੇਗਾ।

2017-18 ਦੌਰਾਨ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਤਿੰਨ ਯੂ ਐਲ ਬੀਜ਼ ਨੇ ਭਾਵੇਂ ਬਿਨੈਕਾਰਾਂ ਤੋਂ ਪਲਾਟਾਂ/ਕਲੋਨੀਆਂ ਦੀ ਨਿਯਮਤਤਾ ਕਰਵਾਉਣ ਲਈ ₹ 19.33 ਕਰੋੜ ਦੀ ਕੰਪੋਜੀਸ਼ਨ ਫੀਸ ਦੀ ਰਾਸ਼ੀ ਵਿਕੱਠੀ ਕੀਤੀ ਪਰ ₹ 0.97 ਕਰੋੜ (ਕੰਪੋਜੀਸ਼ਨ ਫੀਸ ਦੇ ਪੰਜ *ਪ੍ਰਤੀਸ਼ਤ* ਦੀ ਦਰ ਨਾਲ) ਜਿਵੇਂ ਕਿ **ਸਾਰਣੀ** 4.9 ਵਿੱਚ ਵਿਸਥਾਰਤ ਕੀਤਾ ਗਿਆ ਹੈ, ਸਮਾਜਿਕ ਬੁਨਿਆਦੀ ਢਾਂਚਾ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਏ ਸਨ।

**ਸਾਰਣੀ 4.9: ਬਕਾਇਆ ਸਮਾਜਿਕ ਬੁਨਿਆਦੀ ਢਾਂਚਾ ਫੰਡ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਯੂ ਐਲ ਬੀ ਦਾ ਨਾਂਅ | ਇੱਕਠੀ ਕੀਤੀ ਕੰਪੋਜੀਸ਼ਨ ਫੀਸ | ਪੰਜ ਪ੍ਰਤੀਸ਼ਤ ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਫੰਡ ਦੀ ਰਾਸ਼ੀ |
|---|---|---|---|
| 1. | ਨਗਰ ਕੌਂਸਲ, ਆਦਮਪੁਰ | 0.54 | 0.03 |
| 2. | ਨਗਰ ਪੰਚਾਇਤ, ਮਾਹਿਲਪੁਰ | 1.11 | 0.06 |
| 3. | ਨਗਰ ਨਿਗਮ, ਹੁਸ਼ਿਆਰਪੁਰ | 17.68 | 0.88 |
| | **ਜੋੜ** | **19.33** | **0.97** |

*ਸ੍ਰੋਤ: ਵਿਭਾਗੀ ਡਾਟਾ*

ਸਬੰਧਤ ਯੂ ਐਲ ਬੀਜ਼ ਨੇ ਕਿਹਾ (ਜੂਨ 2017-ਦਸੰਬਰ 2017) ਕਿ ਸਮਾਜਿਕ ਬੁਨਿਆਦੀ ਢਾਂਚਾ ਫੰਡ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ। ਸਮਾਜਿਕ ਬੁਨਿਆਦੀ ਢਾਂਚਾ ਫੰਡ ਵਿੱਚ ਬਣਦੀ ਰਾਸ਼ੀ ਜਮ੍ਹਾਂ ਕਰਵਾਉਣ ਸਬੰਧੀ ਵਰਤਮਾਨ ਸਥਿਤੀ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.8 ਲੈਬਰ ਸੈੱਸ ਦੀ ਨਾ ਕਟੌਤੀ/ਜਮ੍ਹਾਂ ਨਾ ਕਰਾਉਣਾ

ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ ਐਕਟ, 1996 ਦਾ ਨਿਯਮ 3(1) ਵਿਵਸਥਾ ਕਰਦਾ ਹੈ ਕਿ ਭਵਨ ਅਤੇ ਹੋਰ ਨਿਰਮਾਣ ਕਾਮੇ (ਰੁਜ਼ਗਾਰ ਦੇ ਨਿਯਮ ਅਤੇ ਸੇਵਾ ਦੀਆਂ ਸ਼ਰਤਾ) ਐਕਟ, 1996 ਦੇ ਉਦੇਸ਼ ਲਈ ਸੈੱਸ ਅਜਿਹੀ ਦਰ ਨਾਲ ਇਕੱਠਾ ਕੀਤਾ ਜਾਵੇਗਾ ਕਿ ਉਸਾਰੀ ਲਾਗਤ ਦੇ ਦੋ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ ਤੇ ਇੱਕ ਪ੍ਰਤੀਸ਼ਤ ਤੋਂ ਘੱਟ ਨਾ ਹੋਵੇ। ਅੱਗੇ, ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ ਨਿਯਮਾਵਲੀ, 1998 ਦਾ ਨਿਯਮ 5(3) ਵਿਵਸਥਾ ਕਰਦਾ ਹੈ ਕਿ ਇੱਕਠਾ ਕੀਤਾ ਗਿਆ ਸੈੱਸ ਇਸਦੀ ਉਗਰਾਹੀ ਤੋਂ 30 ਦਿਨਾਂ ਦੇ ਅੰਦਰ ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ (ਬੋਰਡ) ਕੋਲ ਜਮ੍ਹਾਂ ਹੋਣਾ ਚਾਹੀਦਾ ਹੈ।

ਲੇਬਰ ਭਲਾਈ ਬੋਰਡ ਵਿੱਚ ਲੇਬਰ ਸੈੱਸ ਨਾ ਜਮ੍ਹਾਂ ਕਰਵਾਉਣ ਨੂੰ ਉਜਾਗਰ ਕਰਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾ 4.1.4.3)। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਦਾ ਪੈਰ੍ਹਾ 4.1.6.3 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਸਤੰਬਰ 2019) ਕਿ ਲੇਬਰ ਸੈੱਸ ਦੀ ਬਕਾਇਆ ਰਾਸ਼ੀ 31 ਮਈ 2020 ਤੱਕ ਲੇਬਰ ਫੰਡ ਵਿੱਚ ਜਮ੍ਹਾਂ ਕਰਵਾਈ ਜਾ ਸਕਦੀ ਹੈ।

ਸਾਲ 2016-17 ਤੋਂ 2018-19 ਦੌਰਾਨ ਚੁਣੀਆਂ ਹੋਈਆਂ ਯੂ ਐਲ ਬੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ:

- 2016-17 ਤੋਂ 2018-19 ਦੌਰਾਨ, 28 ਯੂ ਐਲ ਬੀਜ਼ ਨੇ ਲੇਬਰ ਸੈੱਸ ਦੇ ₹ 26.88 ਕਰੋੜ 2011-19 ਦੇ ਸਮੇਂ ਦੌਰਾਨ ਇੱਕਠੇ ਕੀਤੇ ਜਿਸ ਵਿੱਚੋਂ ਸਿਰਫ ₹ 11.17 ਕਰੋੜ ਬੋਰਡ ਨੂੰ ਜਮ੍ਹਾਂ ਕਰਵਾਏ ਸਨ ਅਤੇ ਹੁਣ ਤੱਕ ₹ 15.51 ਕਰੋੜ ਦੀ ਬਕਾਇਆ ਰਾਸ਼ੀ ਬੋਰਡ ਨੂੰ ਟਰਾਂਸਫਰ ਕਰਨੀ ਸੀ (*ਅੰਤਿਕਾ 4.11*)।

- 2018-19 ਦੌਰਾਨ, ਐਮ ਸੀਜ਼ ਮੰਡੀ ਗੋਬਿੰਦਗੜ੍ਹ ਅਤੇ ਰਾਏਕੋਟ ਨੇ ₹ 1.45 ਲੱਖ ਦੇ ਲੇਬਰ ਸੈੱਸ ਦੀ ਰਾਸ਼ੀ ਦੀ ਘੱਟ ਕਟੌਤੀ ਕੀਤੀ ਸੀ। ਜਦੋਂਕਿ, ਐਮ ਸੀਜ਼ ਤਪਾ ਅਤੇ ਪਾਇਲ ਨੇ 2016-17 ਦੌਰਾਨ ਅਤੇ ਐਮ ਸੀ, ਸਮਾਣਾ ਨੇ 2018-19 ਦੌਰਾਨ ਲੇਬਰ ਸੈੱਸ ਦੀ ਕਟੌਤੀ ਨਹੀਂ ਕੀਤੀ।

ਵਧੇਰੇ ਸਬੰਧਤ ਯੂ ਐਲ ਬੀਜ਼ ਨੇ ਲੋੜੀਂਦੀ ਪਾਲਣਾ ਕਰਨ ਦਾ ਭਰੋਸਾ ਦਵਾਇਆ (ਅਪ੍ਰੈਲ 2017-ਦਸੰਬਰ 2020)। ਲੇਬਰ ਸੈੱਸ ਦੀ ਕਟੌਤੀ/ਜਮ੍ਹਾਂ ਕਰਾਉਣ ਦੀ ਵਰਤਮਾਨ ਸਥਿਤੀ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.9 ਚਾਰਜਿਜ਼ ਦੀ ਨਾ/ਘੱਟ ਪ੍ਰਾਪਤੀ

ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ ਪੰਜਾਬ ਸਰਕਾਰ ਨੇ (i) ਪੰਜਾਬ ਵੈਲਿਊ ਐਡਡ ਟੈਕਸ ਐਕਟ, 2005 ਦੇ ਸੈਕਸ਼ਨ 27 ਵਿੱਚ ਸੋਧ ਕੀਤੀ ਅਤੇ 02 ਨਵੰਬਰ 2011 ਤੋਂ ਪ੍ਰਭਾਵਨਾਲ ਠੇਕੇਦਾਰਾਂ ਦੇ ਬਿਲਾਂ ਵਿੱਚੋਂ ਸ੍ਰੋਤ ਤੇ ਵੈਟ ਦੀ ਕਟੌਤੀ ਦੀ ਦਰ ਵਿੱਚ ਚਾਰ ਤੋਂ ਪੰਜ ਪ੍ਰਤੀਸ਼ਤ ਅਤੇ 09 ਅਪ੍ਰੈਲ 2013 ਤੋਂ ਪ੍ਰਭਾਵਨਾਲ ਨੋਟੀਫੀਕੇਸ਼ਨ (ਨਵੰਬਰ 2011 ਅਤੇ ਅਪ੍ਰੈਲ 2013) ਰਾਹੀ ਪੰਜ ਤੋਂ ਛੇ ਪ੍ਰਤੀਸ਼ਤ ਵਾਧਾ ਕੀਤਾ; (ii) ਕਿਰਤ ਵਿਭਾਗ ਦੀ ਨੋਟੀਫੀਕੇਸ਼ਨ (ਨਵੰਬਰ 2008) ਰਾਹੀ ਵਿਅਕਤੀ ਵੱਲੋਂ ਦਾਖਲ ਕੀਤੀਆਂ ਭਵਨ ਯੋਜਨਾਵਾ ਦੀ ਮਨਜ਼ੂਰੀ ਕਰਦੇ ਸਮੇਂ 10 ਲੱਖ ਤੋ ਵੱਧ ਦੀ ਇਮਾਰਤ ਦੀ ਉਸਾਰੀ ਦੀ ਲਾਗਤ 'ਤੇ ਇੱਕ ਪ੍ਰਤੀਸ਼ਤ ਦੀ ਦਰ ਨਾਲ ਲੇਅਰ ਸੈੱਸ ਦੀ ਕਟੌਤੀ ਦੀ ਵਿਵਸਥਾ ਕੀਤੀ; ਅਤੇ (iii) ਨਿਵੇਸ਼ ਪ੍ਰੋਤਸਾਹਨ (ਉਦਯੋਗ ਅਤੇ ਵਣਜ ਸ਼ਾਖਾ) ਵਿਭਾਗ ਪੰਜਾਬ ਵੱਲੋਂ ਨੋਟੀਫੀਕੇਸ਼ਨ (ਦਸੰਬਰ 2013) ਰਾਹੀ ਸਥਾਪਨਾ ਦੇ ਸਮੇਂ ਤੇ 1000 ਅਤੇ 2000 ਦੀ ਰੇਜ਼ ਵਿੱਚਕਾਰ ਪ੍ਰਤੀ ਛੱਤ ਦੇ ਖੰਭੇ ਲਈ ਇਕੋ ਵਾਰੀ ਛੱਤ ਦੇ ਖੰਭਿਆਂ (ਐਨਟੀਨਾਂ) ਦੇ ਸਥਾਪਤੀ ਚਾਰਜ਼ਿਜ ਨਿਰਧਾਰਤ ਕੀਤੇ।

ਯੂ ਐਲ ਬੀਜ਼ ਵੱਲੋਂ ਵੱਖ-ਵੱਖ ਚਾਰਜਿਜ਼ ਦੀ ਨਾ-ਪ੍ਰਾਪਤੀ ਨੂੰ ਉਜ਼ਾਗਰ ਕਰਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ

ਜਿਕਰ ਕੀਤਾ ਗਿਆ ਸੀ (ਪੈਰ੍ਹਾ 4.1.3.2)। ਐਲ ਬੀਜ਼ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰ੍ਹਾ 4.1.3.2 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਬਕਾਇਆ ਰਾਸ਼ੀ 31 ਮਈ 2020 ਤੱਕ ਵਸੂਲੀ ਜਾ ਸਕਦੀ ਹੈ ਅਤੇ ਇਸ ਸਬੰਧੀ ਦੋਸ਼ੀ ਕਰਮਚਾਰੀਆਂ/ਅਧਿਕਾਰੀਆਂ ਵਿਰੁੱਧ ਜਿੰਮੇਵਾਰੀ ਤੈਅ ਕੀਤੀ ਜਾ ਸਕਦੀ ਹੈ।

2016-17 ਅਤੇ 2017-18 ਦੌਰਾਨ ਚੁਣੀਆਂ ਹੋਈਆਂ ਯੂ ਐਲ ਬੀਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ₹33.06 ਲੱਖ ਦੀ ਰਾਸ਼ੀ ਦੇ ਚਾਰਜਿਜ਼, ਜਿਵੇਂ ਕਿ **ਸਾਰਣੀ** 4.1 ਵਿੱਚ ਵਿਸਥਾਰਤ ਕੀਤਾ ਗਿਆ ਹੈ, ਯੂ ਐਲ ਬੀਜ਼ ਵੱਲੋਂ ਪ੍ਰਾਪਤ ਨਹੀਂ ਕੀਤੇ ਗਏ ਸਨ।

**ਸਾਰਣੀ 4.10: ਚਾਰਜਿਜ਼ ਦੀ ਨਾ/ਘੱਟ ਪ੍ਰਾਪਤੀ ਦੇ ਵੇਰਵੇ**

*(₹ ਲੱਖ ਵਿੱਚ)*

| ਲੜੀ ਨੰ. | ਵੇਰਵੇ | ਐਮ ਸੀਜ਼ ਦੀ ਸੰਖਿਆ | ਬਕਾਇਆ ਰਾਸ਼ੀ |
|---|---|---|---|
| 1. | ਠੇਕੇਦਾਰਾਂ ਦੇ ਬਿੱਲਾਂ 'ਤੇ ਵੈੱਟ | 5[30] | 7.67 |
| 2. | ਲੇਅਰ ਸੈੱਸ | 2[31] | 24.01 |
| 3. | ਏ ਟੀ ਐਮਜ਼ ਤੇ ਲੱਗੇ ਛੱਤ ਦੇ ਖੰਭਿਆਂ (ਐਨਟੀਨਾਂ) ਦੇ ਸਥਾਪਨਾ ਚਾਰਜ਼ਿਜ਼ | 4[32] | 1.38 |
| **ਜੋੜ** | | | **33.06** |

*ਸ੍ਰੋਤ: ਵਿਭਾਗੀ ਡਾਟਾ*

ਸਬੰਧਤ ਐਮ ਸੀਜ਼ ਨੇ ਭਰੋਸਾ ਦਿਵਾਇਆ (ਮਈ-ਨਵੰਬਰ 2017) ਕਿ ਬਕਾਇਆ ਰਾਸ਼ੀ ਨੂੰ ਵਸੂਲਣ ਲਈ ਯਤਨ ਕੀਤੇ ਜਾਣਗੇ।

ਬਕਾਇਆ ਚਾਰਜਿਜ਼ ਦੀ ਵਸੂਲੀ ਸਬੰਧੀ ਵਰਤਮਾਨ ਸਥਿਤੀ ਬਾਰੇ ਵਿਭਾਗ ਤੋਂ ਪੁਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.10 ਕੰਮ ਦੀ ਮੁਕੰਮਲਤਾ ਵਿੱਚ ਦੇਰੀ ਦੇ ਸਿੱਟੇ ਵੱਜੋਂ ਗੈਰ-ਲਾਭਦਾਇਕ ਖਰਚਾ

ਕੇਂਦਰੀ ਚੌਕਸੀ ਕਮਿਸ਼ਨ, ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਪੈਰ੍ਹਾ 19.1 ਅਨੁਸਾਰ ਕੰਮ ਦੇ ਪੂਰਾ ਹੋਣ ਦਾ ਸਮਾਂ ਕਿਸੇ ਠੇਕੇ ਦਾ ਸਾਰ ਹੈ, ਪ੍ਰੰਤੂ, ਠੇਕਾ ਅਸਲ ਮੁਕੰਮਲਤਾ ਸੂਚੀ ਅਨੁਸਾਰ ਇਕਰਾਰਨਾਮਾ ਪੂਰਾ ਹੋਣਾ ਘੱਟ ਹੀ ਪਾਇਆ ਜਾਂਦਾ ਹੈ। ਇਹ ਵੇਖਿਆ ਗਿਆ ਹੈ ਕਿ ਜਿਆਦਾਤਰ ਸੰਗਠਨ ਉਦਾਰਤਾ ਅਤੇ ਰੁਟੀਨ ਦੇ ਢੰਗ ਸਮੇਂ ਵਿੱਚ ਵਾਧਾ ਪ੍ਰਦਾਨ ਕਰਦੇ ਹਨ। ਦੇਰੀ ਦੇ ਮਾਮਲਿਆਂ ਵਿੱਚ ਤਰਲਤਾ ਨੁਕਸਾਨ (ਐਲ ਡੀ) ਦੀ ਮੰਗ ਨਹੀਂ ਕੀਤੀ ਜਾਂਦੀ ਹੈ। ਅੱਗੇ, ਪੈਰ੍ਹਾ 19.2 ਅਨੁਸਾਰ, ਠੇਕੇ ਦੀ ਮੁਕੰਮਲਤਾ ਦੀ ਵਿਸ਼ੇਸ ਸੂਚੀ ਦੇ ਠੇਕੇ ਵਿੱਚ ਸਪਸ਼ਟ ਤਰੀਕੇ ਨਾਲ ਨਿਰਧਾਰਤ ਹੋਣਾ ਚਾਹੀਦਾ ਹੈ। ਵੱਡੇ ਪ੍ਰੋਜੈਕਟਾਂ ਵਿੱਚ ਠੇਕੇ ਦੀ ਮੁਕੰਮਲਤਾ ਦਾ ਅਰਥ ਠੇਕੇ ਦੇ ਸਾਰੇ ਕੰਮਾਂ ਦੀ ਸੱਮੁਚੀ ਮੁਕੰਮਲਤਾ ਹੋਣੀ ਚਾਹੀਦੀ ਹੈ ਅਤੇ ਕੰਮ ਦੀ ਮੁਕੰਮਲਤਾ ਵਿੱਚ ਦੇਰੀ ਦੇ ਮਾਮਲੇ ਵਿੱਚ ਐਲ ਡੀ ਕਲਾਜ ਨੂੰ ਠੇਕਾ ਇਕਰਾਰਨਾਮੇ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

---

[30] 2016-17: (i) ਧਨੌਲਾ (₹ 0.18 ਲੱਖ); (ii) ਰਾਏਕੋਟ (₹ 0.62 ਲੱਖ); (iii) ਜਗਰਾਓਂ (₹ 2.58 ਲੱਖ); 2017-18: (iv) ਕਪੂਰਥਲਾ (₹ 2.18 ਲੱਖ); ਅਤੇ (v) ਹਰਿਆਣਾ (₹ 2.11 ਲੱਖ)।

[31] 2016-17: (i) ਰਾਏਕੋਟ (₹ 17.88 ਲੱਖ); ਅਤੇ (ii) ਪਟਿਆਲਾ (₹ 6.13 ਲੱਖ)।

[32] 2016-17: (i) ਰਾਏਕੋਟ (₹0.14 ਲੱਖ); (ii) ਧਨੌਲਾ (₹0.12 ਲੱਖ); (iii) ਖੰਨਾ (₹0.48 ਲੱਖ); ਅਤੇ (iv) ਜਗਰਾਓਂ (0.64 ਲੱਖ)।

ਸਾਲ 2016-17 ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਨਵੰਬਰ 2016) ਕਿ ਨਗਰ ਨਿਗਮ (ਐਮ ਸੀ) ਮੋਗਾ ਦੇ ਗੁਰੂ ਨਾਨਕ ਪੂਰਾ ਮੁਹੱਲਾ ਧੀਰ ਕਲੋਨੀ ਵਾਰਡ-5 ਵਿੱਚ ਪੱਕੀ ਸੜ੍ਹਕ ਦੀ ਉਸਾਰੀ ਦਾ ਕੰਮ ₹ 34.90 ਲੱਖ ਦੀ ਅਨੁਮਾਨਤ ਰਾਸ਼ੀ ਲਈ ਠੇਕੇਦਾਰ ਨੂੰ ਸਤੰਬਰ 2016 (ਭਾਵ ਛੇ ਮਹੀਨਿਆਂ ਦੇ ਸਮੇਂ ਦੇ ਅੰਦਰ) ਨੂੰ ਮੁਕੰਮਲ ਕਰਨ ਲਈ ਅਲਾਟ ਕੀਤਾ (ਮਾਰਚ 2016)। ਅੱਗੇ, ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ₹ 18.48 ਲੱਖ ਦਾ ਖਰਚਾ ਕਰਨ ਦੇ ਬਾਅਦ 13 ਅਕਤੂਬਰ 2016 ਨੂੰ ਕੰਮ ਬੰਦ ਕਰ ਦਿੱਤਾ ਗਿਆ ਸੀ। ਨਾ ਹੀ ਸਮੇਂ ਵਾਧਾ ਮੰਗਿਆ/ਦਿੱਤਾ ਗਿਆ ਸੀ ਨਾ ਹੀ ਐਮ ਸੀ ਵੱਲੋਂ ਠੇਕੇਦਾਰ ਦੇ ਵਿਰੁੱਧ ਕੋਈ ਢੁੱਕਵੀਂ ਕਾਰਵਾਈ ਅਰੰਭੀ ਗਈ ਸੀ। ਇਸ ਤਰ੍ਹਾਂ ਇਸ ਵਿੱਚ ਕੰਮ ਬੰਦ ਹੋਣ ਤੋਂ 16 ਮਹੀਨੀਆਂ ਤੇ ਵਧੇਰੇ ਦੀ ਅਸਧਾਰਣ ਦੇਰੀ ਸੀ ਜਿਸਦੇ ਸਿੱਟੇ ਵਜੋਂ ₹ 18.48 ਲੱਖ ਦਾ ਗੈਰ-ਲਾਭਦਾਇਕ ਖਰਚਾ ਹੋਇਆ।

ਐਮ ਸੀ ਮੋਗਾ ਨੇ ਕਿਹਾ (ਸਤੰਬਰ 2017) ਕਿ ਸੀਵਰੇਜ਼ ਦੀ ਰੁਕਾਰਵਟ ਅਤੇ ਸਰਦੀ ਦੇ ਮੌਸਮ ਕਾਰਣ ਕੰਮ ਬੰਦ ਕੀਤਾ ਗਿਆ ਸੀ ਅਤੇ ਛੇਤੀ ਮੁਕੰਮਲ ਕਰ ਲਿਆ ਜਾਵੇਗਾ। ਐਮ ਸੀ/ਵਿਭਾਗ ਤੋਂ ਕੰਮ ਦੀ ਵਰਤਮਾਨ ਸਥਿਤੀ ਬਾਰੇ ਪੁਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.11 ਫੰਡਾਂ ਦੀ ਅਨਿਯਮਿਤ ਦਿਸ਼ਾ ਬਦਲੀ

**(i)** ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਸਿਫਾਰਸ਼ਾਂ ਦਾ ਪੈਰ੍ਹਾ 9.56 ਵਿਵਸਥਾ ਕਰਦਾ ਹੈ ਕਿ ਸਥਾਨਕ ਸੰਸਥਾਵਾ ਸਬੰਧਤ ਕਨੂੰਨਾਂ ਅਧੀਨ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਦੇ ਅੰਦਰ ਗ੍ਰਾਂਟਾਂ ਸਿਰਫ ਬੇਸਿਕ ਸੇਵਾਵਾਂ ਤੇ ਖਰਚ ਕਰਨਾ ਲੋੜੀਂਦੀਆਂ ਹਨ। ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਨੇ ਐਮ ਸੀ ਜ਼ੀਰਾ ਨੂੰ ₹ 61.55 ਲੱਖ (ਦਸੰਬਰ 2015) ਜਨਰਲ ਬੇਸਿਕ ਗ੍ਰਾਂਟ ਅਤੇ ₹ 68.33 ਲੱਖ (ਅਗਸਤ ਅਤੇ ਦਸੰਬਰ 2015 ਵਿੱਚਕਾਰ) ਐਮ ਸੀ, ਲਹਿਰਾਗਾਗਾ ਨੂੰ ਨਾਗਰਿਕ ਸੇਵਾਵਾਂ ਲਈ ਜਾਰੀ ਕੀਤਾ ਗਿਆ ਜਿਵੇਂ ਕਿ ਐਫ ਐਫ ਸੀ ਨੇ ਸਾਲ 2015-16 ਲਈ ਸਿਫਾਰਸ਼ ਕੀਤੀ ਸੀ।

ਐਮ ਸੀ, ਜ਼ੀਰਾ ਅਤੇ ਐਮ ਸੀ, ਲਹਿਰਾਗਾਗਾ ਦੇ ਰਿਕਾਰਡ ਦਾ ਨਮੂਨਾਂ ਜਾਂਚ ਨੇ ਦਰਸਾਇਆ (ਜੂਨ-ਸਤੰਬਰ 2016) ਕਿ ਦਿਸ਼ਾ ਨਿਰਦੇਸ਼ਾ ਦੀ ਉਲੰਘਣਾ ਵਿੱਚ ₹ 62.49 ਲੱਖ[33] ਅਗਸਤ 2015 ਅਤੇ ਫਰਵਰੀ 2016 ਦਰਮਿਆਨ ਬਿਜਲੀ ਦੇ ਬਿਲਾਂ, ਪ੍ਰੋਵੀਡੈਂਟ ਫੰਡ, ਤਨਖਾਹ ਅਤੇ ਪੀ ਓ ਐਲ ਆਦਿ ਦੇ ਭੁਗਤਾਨ ਲਈ ਵਰਤੇ ਗਏ ਸਨ। ਐਮ ਸੀ, ਲਹਿਰਾਗਾਗਾ (ਨਵੰਬਰ 2017) ਅਤੇ ਐਮ ਸੀ, ਜ਼ੀਰਾ (ਅਕਤੂਬਰ 2017) ਨੇ ਕਿਹਾ ਕਿ ਐਮ ਸੀਜ ਦੀ ਮਾੜੀ ਵਿੱਤੀ ਹਾਲਤ ਕਾਰਣ ਗ੍ਰਾਂਟ ਵਿਭਾਗੀ ਖਰਚ ਲਈ ਵਰਤੀ ਗਈ ਸੀ ਅਤੇ ਇਸ ਦੀ ਸਮੇਂ ਸਿਰ ਭਰਪਾਈ ਕੀਤੀ ਜਾਵੇਗੀ।

**(ii)** ਪੰਜਾਬ ਨਗਰ ਬੁਨਿਆਦੀ ਢਾਂਚਾ ਵਿਕਾਸ ਨਿਗਮ (ਪੀ ਐਮ ਆਈ ਡੀ ਸੀ) ਦੇ ਦਿਸ਼ਾ ਨਿਰਦੇਸ਼ਾ (ਅਕਤੂਬਰ 2011) ਦੀ ਮਨਜੂਰੀ ਅਨੁਸਾਰ ਫੰਡ ਸਿਰਫ ਪੀ ਐਮ ਆਈ ਡੀ ਸੀ ਵੱਲੋਂ ਮਨਜੂਰ ਕੰਮਾਂ ਦੇ ਵਿਕਾਸ ਪ੍ਰਤੀ ਵਰਤੇ ਜਾਣੇ ਚਾਹੀਦੇ ਹਨ ਅਤੇ ਅਜਿਹੀ ਗ੍ਰਾਂਟ ਦੀ ਬਕਾਇਆ ਰਾਸ਼ੀ, ਜੇਕਰ ਕੋਈ ਹੈ, ਪੀ ਐਮ ਆਈ ਡੀ ਸੀ ਦੀ ਪੂਰਵ ਪ੍ਰਵਾਨਗੀ ਨਾਲ ਹੋਰ ਕੰਮਾਂ ਤੇ ਵਰਤਣੀ ਚਾਹੀਦੀ ਹੈ।

---

[33] ਐਮ ਸੀ, ਜ਼ੀਰਾ: ਦਸੰਬਰ 2015 ਅਤੇ ਫਰਵਰੀ 2016 ਵਿੱਚਕਾਰ ₹ 45.49 ਲੱਖ; ਅਤੇ ਐਮ ਸੀ, ਲਹਿਰਾਗਾਗਾ: ਅਗਸਤ-ਨਵੰਬਰ 2015 ਵਿੱਚਕਾਰ ₹ 17.00 ਲੱਖ।

ਐਮ ਸੀ, ਜਗਰਾਓਂ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਮਈ 2016) ਕਿ ਪੀ ਐਮ ਆਈ ਡੀ ਸੀ ਨੇ ਮਨਜ਼ੂਰਸ਼ੁਦਾ ਵਿਕਾਸ ਕੰਮਾਂ ਦੀ ਪੂਰਤੀ ਲਈ ₹ 12.80 ਕਰੋੜ ਜਾਰੀ ਕੀਤੇ (ਅਕਤੂਬਰ 2011-ਮਾਰਚ 2012)। ਇਨ੍ਹਾਂ ਵਿੱਚ, ₹ 27 ਲੱਖ[34] ਬਿਜਲੀ ਦੇ ਬਿਲ ਦੀ ਅਦਾਇਗੀਆਂ ਅਤੇ ਸਟਾਫ ਮੈਬਰਾਂ ਦੀ ਤਨਖਾਹ ਲਈ ਖਰਚ ਕੀਤੇ ਗਏ ਸਨ। ਇਸ ਦੇ ਸਿੱਟੇ ਵਜੋਂ ਹੋਰ ਉਦੇਸ਼ਾਂ ਲਈ ਫੰਡਾਂ ਦੀ ਦਿਸ਼ਾ ਬਦਲੀ ਹੋਈ ਅਤੇ ਆਮ ਲੋਕਾਂ ਨੂੰ ਵਿਕਾਸ ਕੰਮਾਂ ਦੀਆਂ ਸਹੂਲਤਾਂ ਤੋਂ ਵਾਝੇਂ ਕੀਤਾ ਗਿਆ ਜਿਹੜੇ ਇਸ ਗ੍ਰਾਂਟ ਤੋਂ ਪੂਰੇ ਕੀਤੇ ਜਾਣੇ ਸਨ। ਐਮ ਸੀ, ਜਗਰਾਓਂ ਨੇ ਕਿਹਾ (ਸਤੰਬਰ 2017) ਕਿ ਫੰਡਾਂ ਦੀ ਉਪਲੱਬਧਤਤਾ ਹੋਣ ਤੇ ਰਾਸ਼ੀ ਪੀ ਐਮ ਆਈ ਡੀ ਸੀ ਨੂੰ ਵਾਪਸ ਕੀਤੀ ਜਾਵੇ ਸੀ।

ਐਮ ਸੀਜ਼, ਲਹਿਰਾਗਾਗਾ, ਜ਼ੀਰਾ ਅਤੇ ਜਗਰਾਓਂ ਤੋਂ ਫੰਡਾ ਦੀ ਭਰਪਾਈ ਦੀ ਵਰਤਮਾਨ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਮਾਰਚ 2018)।

## 4.12 ਵਿਕਾਸ ਚਾਰਜ਼ਿਜ ਘੱਟ ਲਗਾਉਣਾ

ਪੰਜਾਬ ਸਰਕਾਰ (ਜੀ ਓ ਪੀ), ਸਥਾਨਕ ਸਰਕਾਰ ਵਿਭਾਗ ਨੇ ਅਣਅਧਿਕਾਰਤ ਕਲੋਨੀਆਂ ਦੇ ਭਵਨ ਯੋਜਨਾਂ ਨੂੰ ਮਨਜ਼ੂਰ ਕਰਦੇ ਸਮੇਂ ਪਲਾਟਾਂ ਦੇ ਨਿਰਧਾਰਤ ਸਾਈਜ਼ ਦੇ ਅਨੁਸਾਰ ਨਿਰਧਾਰਤ ਦਰਾਂ[35] ਤੇ ਵਿਕਾਸ ਚਾਰਜ਼ਜ਼ ਲਗਾਉਣ ਲਈ ਯੂ ਐਲ ਬੀਜ਼ ਨੂੰ ਹਦਾਇਤਾਂ ਜਾਰੀ ਕੀਤੀਆਂ (ਜੁਲਾਈ 2005)। ਸਾਲ 2006 ਤੋਂ ਵਿਕਾਸ ਚਾਰਜ਼ਿਜ ਵਿੱਚ 10 *ਪ੍ਰਤੀਸ਼ਤ* ਦਾ ਸਲਾਨਾ ਵਾਧਾ ਹੋਣਾ ਸੀ।

ਨਗਰ ਨਿਗਮ, ਪਟਿਆਲਾ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਅਗਸਤ 2015) ਕਿ 2012-15 ਨਾਲ ਸਬੰਧਤ 242 ਮਾਮਲਿਆਂ ਵਿੱਚ ਪਿਛਲੇ ਸਾਲ ਦੀ ਦਰ ਤੇ 10 *ਪ੍ਰਤੀਸ਼ਤ* ਸਲਾਨਾ ਵਾਧੇ ਨਾ ਵਿਕਾਸ ਚਾਰਜ਼ਿਜ ਨਹੀਂ ਲਗਾਏ ਗਏ ਸਨ ਜਿਸਦੇ ਸਿੱਟੇ ਵਜੋਂ ₹ 50.72 ਲੱਖ ਦੇ ਵਿਕਾਸ ਚਾਰਜਿਜ ਘੱਟ ਲਗਾਏ ਗਏ।

ਐਮ ਸੀ, ਪਟਿਆਲਾ ਨੇ ਕਿਹਾ (ਸਤੰਬਰ 2017) ਕਿ ਜਨਰਲ ਹਾਊਸ ਵਿੱਚ ਸਤਾ ਪਾਸ ਹੋਣ ਤੋਂ ਬਾਅਦ ਵਿਕਾਸ ਚਾਰਜ਼ਿਜ ਦੀ ਉਗਰਾਹੀ ਕੀਤੀ ਜਾ ਰਹੀ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਫੈਸਲਾ ਪੰਜਾਬ ਸਰਕਾਰ ਦੀਆਂ ਉਪਰੋਕਤ ਹਦਾਇਤਾਂ ਦੇ ਵਿਰੁੱਧ ਸੀ। ਇਸ ਸਬੰਧੀ ਹੋਰ ਟਿੱਪਣੀਆਂ ਬਾਰੇ ਵਿਭਾਗ ਤੋਂ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.13 ਬੈਂਕ ਵੱਲੋਂ ਜਮਾਂਕਰਤਾ ਸਿੱਖਿਆ ਅਤੇ ਜਾਗਰੁਕਤਾ ਫੰਡ ਨੂੰ ਡੈਬਿਟ ਕੀਤੀ ਅਤੇ ਟਰਾਂਸਫਰ ਕੀਤੀ ਰਾਸ਼ੀ ਦੇ ਰਿਫੰਡ ਦਾ ਕਲੇਮ ਨਾ ਕਰਨਾ

ਰਿਜ਼ਰਵ ਬੈਂਕ ਆਫ ਇੰਡੀਆ ਦੀਆਂ ਸਾਰੇ ਸੂਜੀਬੱਧ ਵਧਾਨਕ ਬੈਂਕਾਂ ਨੂੰ ਹਦਾਇਤਾਂ ਅਨੁਸਾਰ ਕਿਸੇ ਵੀ ਬੈਂਕ ਦੇ ਨਾਲ, ਭਾਰਤ ਦੇ ਕਿਸੇ ਵੀ ਖਾਤੇ ਦੀ ਕ੍ਰੈਡਿਟ ਦੀ ਰਾਸ਼ੀ ਜਿਹੜਾ ਦਸ ਸਾਲਾਂ ਦੇ ਸਮੇਂ ਤੋਂ ਕ੍ਰਿਆਸ਼ੀਲ ਜਾ ਕੋਈ ਡਿਪਾਜਿਟ ਜਾਂ ਦਸ ਸਾਲਾਂ ਤੋਂ ਵੱਧ ਸਮੇਂ ਲਈ ਕਲੇਮ ਨਾ ਕੀਤੀ ਗਈ ਬਾਕੀ ਰਾਸ਼ੀ ਦਸ ਸਾਲਾਂ ਦੇ ਦੱਸੇ ਗਏ ਸਮੇਂ ਦੇ ਖਤਮ ਹੋਣ ਤੋਂ ਤਿੰਨ ਮਹੀਨੀਆ ਦੇ ਸਮੇਂ ਦੇ। ਅੰਦਰ ਅੰਦਰ ਡਿਪੋਜਟਰ ਸਿੱਖਿਆ ਅਤੇ ਜਾਗਰੂਕਤਾ ਫੰਡ (ਡੀ ਈ ਏ ਐਫ), ਵਿੱਚ ਜਮ੍ਹਾਂ ਹੋ ਜਾਵੇਗੀ। ਪ੍ਰੰਤੂ,

---

[34] ਚੈਕ ਨੰ. 357845 ਮਿਤੀ 20.02.2015 ਦੁਆਰਾ 17.00 ਲੱਖ ਅਤੇ ਚੈਕ ਨੰ. 357846 ਮਿਤੀ 24.02.2015 ਦੁਆਰਾ 10.00 ਲੱਖ।

[35] 250 ਵ.ਗ. ਤੋਂ ਵੱਧ: ₹ 175 ਪ੍ਰਤੀ ਵ. ਗ.; 125 ਵ.ਗ. ਤੋਂ ਵੱਧ 250 ਵ.ਗ. ਤੱਕ: ₹ 110 ਪ੍ਰਤੀ ਵ.ਗ.; ਅਤੇ 50 ਵ.ਗ. ਤੋਂ ਵੱਧ 125 ਵ.ਗ. ਤੱਕ: ₹ 65 ਪ੍ਰਤੀ ਵ.ਗ.।

ਜਮ੍ਹਾਂਕਰਤਾ ਉਸਦੇ ਡਿਪਾਜਟ ਨੂੰ ਬੈਂਕ ਤੇ ਕਲੇਮ ਕਰਨ ਜਾਂ ਕਲੇਮ ਨਾ ਕੀਤੀ ਕੋਈ ਹੋਰ ਰਾਸ਼ੀ ਜਾਂ ਦਸ ਸਾਲਾਂ ਦੇ ਸਮਾਪਤ ਹੋਣ ਬਾਅਦ ਖਾਤੇ ਦਾ ਸੰਚਾਲਨ ਕਰਨ ਭਾਵੇਂ ਕਿ ਅਜਿਹੀ ਰਾਸ਼ੀ ਫੰਡ ਨੂੰ ਟਰਾਂਸਫਰ ਹੋ ਚੁੱਕੀ ਹੈ, ਦਾ ਹੱਕਦਾਰ ਹੋਵੇਗਾ।

ਰਿਕਾਰਡ ਦੀ ਨਮੂਨਾ ਜਾਂਚ (2017-18) ਦੌਰਾਨ ਇਹ ਵੇਖਿਆ ਗਿਆ ਸੀ ਕਿ:

➢ ਨਗਰ ਕੌਂਸਲ ਆਦਮਪੁਰ ਸਿੰਡੀਕੇਟ ਬੈਂਕ ਵਿੱਚ ਦੋ ਬੱਚਤ ਬੈਂਕ ਖਾਤੇ (81322200000067 ਅਤੇ 81322200037970) ਰੱਖ ਰਿਹਾ ਸੀ ਜਿਸਨੇ ਇਨ੍ਹਾਂ ਦੇ ਖਾਤਿਆਂ ਵਿੱਚ ਪਿਆ 0.31 ਲੱਖ (₹ 0.09 ਲੱਖ ਅਤੇ ₹ 0.22 ਲੱਖ) ਦਾ ਬਕਾਇਆ ਡੈਬਿਟ ਕੀਤਾ ਅਤੇ ਉਹੀ ਡੀ ਈ ਏ ਐਫ ਨੂੰ ਟਰਾਂਸਫਰ ਕੀਤਾ (02 ਮਾਰਚ 2015) ਕਿਉਂਕਿ ਨਗਰ ਕੌਂਸਲ ਆਦਮਪੁਰ ਨੇ ਦਸ ਸਾਲਾਂ ਤੋਂ ਇਹ ਦੋ ਖਾਤਿਆਂ ਨੂੰ ਕ੍ਰਿਆਸ਼ੀਲ ਨਹੀਂ ਕੀਤਾ ਅਤੇ ਨਗਰ ਕੌਂਸਲ ਵੱਲੋਂ ਇਸ ਰਿਫੰਡ ਨੂੰ ਕਲੇਮ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ ਸਨ।

➢ ਇਸੇ ਤਰ੍ਹਾਂ, ਨਗਰ ਪੰਚਾਇਤ (ਐਨ ਪੀ), ਘਨੌਰ ਪੰਜਾਬ ਨੈਸ਼ਨਲ ਬੈਂਕ ਵਿੱਚ ਇੱਕ ਬੈਂਕ ਖਾਤਾ (0663000102503105) ਰੱਖ ਰਿਹਾ ਸੀ ਜਿਸਨੇ ਡੀ ਈ ਏ ਐਫ ਨੂੰ ₹ 0.52 ਲੱਖ ਦਾ ਬਕਾਇਆ ਡੈਬਿਟ ਤੇ ਟਰਾਂਫਸਰ ਕੀਤਾ (28 ਜੂਨ 2016) ਜਿਸ ਲਈ ਰਿਫੰਡ ਕਲੇਮ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ ਸਨ।

ਨਗਰ ਕੌਂਸਲ, ਆਦਮਪੁਰ (ਦਸੰਬਰ 2017) ਅਤੇ ਨਗਰ ਪੰਚਾਇਤ ਘਨੌਰ (ਫਰਵਰੀ 2018) ਨੇ ਕਿਹਾ ਕਿ ਜਰੂਰੀ ਕਾਰਵਾਈ ਕੀਤੀ ਜਾਵੇਗੀ। ਸਬੰਧਤ ਯੂ ਐਲ ਬੀਜ਼/ਵਿਭਾਗ ਤੋਂ ਰਿਫੰਡ ਦੇ ਕਲੇਮ ਸਬੰਧੀ ਵਰਤਮਾਨ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.14 ਸਰਕਾਰੀ ਲੇਖੇ ਵਿੱਚ ਜਨਮ ਅਤੇ ਮੌਤ ਰਜਿਸਟ੍ਰੇਸ਼ਨ ਫੀਸ ਪ੍ਰਾਪਤੀਆਂ ਜਮ੍ਹਾਂ ਨਾ ਕਰਾਉਣਾ

ਪੰਜਾਬ ਵਿੱਤੀ ਨਿਯਮਾਵਲੀ ਭਾਗ I (ਪੀ ਐਫ ਆਰ) ਦਾ ਨਿਯਮ 2.4 ਵਿਵਸਥਾ ਕਰਦਾ ਹੈ ਕਿ ਦਿਨ ਦੀ ਸਮਾਪਤੀ 'ਤੇ ਕੈਸ਼ ਬੁਕ ਸਾਈਨ ਕਰਦੇ ਸਮੇਂ ਦਫਤਰ ਦਾ ਮੁਖੀ ਇਹ ਵੇਖੇਗਾ ਕਿ ਦਿਨ ਦੇ ਦੌਰਾਨ ਇਕੱਠੀਆਂ ਹੋਈਆਂ ਵਿਭਾਗੀ ਪ੍ਰਾਪਤੀਆਂ, ਖਜ਼ਾਨੇ ਵਿੱਚ ਉਸੇ ਦਿਨ ਜਾ ਅਗਲੇ ਦਿਨ ਦੀ ਸਵੇਰ ਨੂੰ ਜਮ੍ਹਾਂ ਹੋ ਗਈਆਂ ਹਨ, ਜਿਸ ਦੀ ਪੰਜਾਬ ਖਜ਼ਾਨਾ ਨਿਯਮਾਵਲੀ ਅਧੀਨ ਖਰਚੇ ਪ੍ਰਤੀ ਵਰਤੋਂ ਕਰਨ ਦੀ ਸਖਤ ਮਨਾਹੀ ਹੈ, ਅਤੇ ਕੈਸ਼ ਬੁੱਕ ਦੇ ਭੁਗਤਾਨ ਵਾਲੇ ਪਾਸੇ ਬਰਾਬਰ ਇੰਦਰਾਜ ਹੁੰਦਾ ਹੈ। ਅੱਗੇ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਜੀ ਓ ਪੀ ਨੇ ਯੂ ਐਲ ਬੀਜ਼, ਜਨਤਾ ਨੂੰ ਜਾਰੀ ਕੀਤੇ ਜਾ ਰਹੇ ਜਨਮ ਅਤੇ ਮੌਤ ਦੇ ਸਰਟੀਫੀਕੇਟ ਲਈ ਉਨ੍ਹਾਂ ਵੱਲੋਂ ਇੱਕਠੇ ਕੀਤੇ ਜਾ ਰਹੇ ਚਾਰਜ਼ਿਜ ਨੂੰ ਰਾਜ ਸਰਕਾਰ ਲੇਖੇ ਵਿੱਚ ਜਮ੍ਹਾਂ ਕਰਾਉਣ ਲਈ ਨਿਰਦੇਸ਼ ਦਿਤੇ (ਦਸੰਬਰ 2011)।

ਜਨਮ ਅਤੇ ਮੌਤ ਦੀਆਂ ਰਜਿਸਟ੍ਰੇਸ਼ਨ ਫੀਸ ਦੀਆਂ ਪ੍ਰਾਪਤੀਆਂ ਨੂੰ ਸਰਕਾਰੀ ਲੇਖੇ (ਪੈਰ੍ਹਾ 4.5) ਜਮ੍ਹਾਂ ਨਾ ਕਰਵਾਉਣ ਨੂੰ ਉਜਾਗਰ ਕਰਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਉੱਤੇ ਏ ਟੀ ਆਈ ਆਰ ਵਿੱਚ ਜਿਕਰ ਕੀਤਾ ਗਿਆ ਸੀ। ਐਲ ਬੀਜ ਅਤੇ ਪੀ ਆਰ ਆਈਜ਼ ਤੇ ਕਮੇਟੀ ਨੇ ਪੈਰ੍ਹੇ 4.5 ਦੀ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਸਤੰਬਰ 2019) ਕਿ ਇਸ ਗਲਤੀ ਲਈ ਦੋਸ਼ੀ ਕਰਮਚਾਰੀਆ/ਅਧਿਕਾਰੀਆਂ ਦੀ ਜਿੰਮੇਵਾਰੀ ਤੈਅ ਹੋ ਸਕਦੀ ਹੈ ਅਤੇ ਯੂ ਐਲ ਬੀਜ਼ ਵੱਲੋਂ ਸਰਕਾਰੀ ਲੇਖੇ ਵਿੱਚ ਜਮ੍ਹਾਂ ਹੋਣ ਵਾਲੀ ਜਨਮ ਅਤੇ ਮੌਤ ਰਜਿਸਟ੍ਰੇਸ਼ਨ ਫੀਸ ਦੀ ਬਣਦੀ ਰਾਸ਼ੀ ਬਾਰੇ ਕਮੇਟੀ ਨੂੰ ਜਾਣੂ ਕਰਵਾਇਆ ਜਾਵੇਂ।

ਸਾਲ 2013-17 ਲਈ ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ ਫੀਸ ਦੀ ਉਗਰਾਹੀ ਨਾਲ ਸਬੰਧਤ ਰਿਕਾਰਡ (2017-18) ਦੇ ਨਮੂਨਾ ਜਾਂਚ ਨੇ ਦਰਸਾਇਆ ਕਿ ਦੋ ਯੂ ਐਲ ਬੀਜ਼ (ਨਗਰ ਪੰਚਾਇਤ, ਨਿਹਾਲ ਸਿੰਘ ਵਾਲਾ: ₹ 0.16 ਲੱਖ ਅਤੇ ਐਮ ਸੀ, ਗੁਰੂ ਹਰਸਹਾਏ ₹ 1.33 ਲੱਖ) ਵੱਲੋਂ ₹ 1.49 ਲੱਖ ਦੀ ਰਾਸ਼ੀ ਇੱਕਠਾ ਕੀਤੀ ਗਈ ਸੀ, ਪ੍ਰੰਤੂ ਉਪਰੋਕਤ ਕੋਡਲ ਉਪਬੰਧਾਂ ਦੀ ਉਲੰਘਣਾ ਵਿੱਚ ਇਸ ਨੂੰ ਸਰਕਾਰੀ ਲੇਖੇ ਵਿੱਚ ਜਮ੍ਹਾਂ ਨਹੀਂ ਕਰਵਾਇਆ ਗਿਆ ਸੀ।

ਨਗਰ ਪੰਚਾਇਤ, ਨਿਹਾਲ ਸਿੰਘ ਵਾਲਾ ਨੇ ਲੋੜੀਂਦੀ ਕਾਰਵਾਈ ਕਰਨ ਦਾ ਯਕੀਨ ਦਿਵਾਇਆ (ਮਈ 2017) ਜਦੋਂਕਿ ਐਮ ਸੀ, ਗੁਰੂ ਹਰਸਹਾਏ ਨੇ ਕਿਹਾ (ਦਸੰਬਰ 2017) ਕਿ ਰਿਕਾਰਡ ਦੀ ਤਸਦੀਕ ਕਰਨ ਤੋਂ ਬਾਅਦ ਜਵਾਬ ਭੇਜ ਦਿੱਤਾ ਜਾਵੇਗਾ।

ਸਬੰਧਤ ਯੂ ਐਲ ਬੀਜ਼ ਤੋਂ ਸਰਕਾਰੀ ਲੇਖੇ ਵਿੱਚ ਜਮ੍ਹਾਂ ਹੋਣ ਵਾਲੀ ਲੋੜੀਂਦੀ ਰਾਸ਼ੀ ਦੀ ਵਰਤਮਾਨ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.15 ਆਰਾਮ ਘਰ ਦਾ ਅਣਅਧਿਕਾਰਤ ਕਬਜਾ

ਨਗਰ ਨਿਗਮ ਆਪਣੇ ਮਤਦਾਤਾਵਾਂ ਲਈ ਬਹੁਤ ਸਾਰੀਆਂ ਸੇਵਾਵਾਂ ਦੀ ਵਿਵਸਥਾ ਕਰਦਾ ਹੈ ਜਿਨ੍ਹਾਂ ਲਈ ਇਹ ਕਰ ਇਕੱਠੇ ਕਰਦਾ ਹੈ ਅਤੇ ਹੋਰ ਸ੍ਰੋਤਾਂ ਜਿਵੇਂ ਜਾਇਦਾਦ ਦਾ ਕਿਰਾਇਆ ਜਾਂ ਠੇਕੇ ਤੇ ਦਿਤੀ ਜਾਇਦਾਦ ਤੋਂ ਪੈਸੇ ਕਮਾਉਂਦਾ ਹੈ। ਕੁਸ਼ਲ ਸੇਵਾਵਾਂ ਮੁਹੱਈਆਂ ਕਰਾਉਣ ਲਈ, ਐਮ ਸੀਜ਼ ਨੂੰ ਆਪਣੇ ਸ੍ਰੋਤਾਂ ਤੋਂ ਵੱਧ ਤੋਂ ਵੱਧ ਆਮਦਨ ਪ੍ਰਾਪਤ ਕਰਨ ਲਈ ਕੋਸ਼ਿਸਾ ਕਰਨੀਆਂ ਚਾਹੀਦੀਆਂ ਹਨ।

ਨਗਰ ਨਿਗਮ (ਐਮ ਸੀ), ਫਗਵਾੜਾ ਦੇ ਰਿਕਾਰਡ (2017-18) ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਇਸਦੇ ਕੈਂਪਸ ਵਿੱਚ ਸਥਿਤ ਅਰਾਮ ਘਰ[36] ਤੇ ਪੁਲਿਸ ਵਿਭਾਗ (ਉਪ ਕਪਤਾਨ ਪੁਲਿਸ ਦਾ ਦਫਤਰ) ਵੱਲੋਂ ਕਬਜਾ ਕੀਤਾ ਗਿਆ ਸੀ। ਨਿਗਮ ਨੇ ਅਰਾਮ ਘਰ ਦਾ ₹ 1.33 ਲੱਖ ਪ੍ਰਤੀ ਸਾਲ ਦੀ ਦਰ ਨਾਲ ਕਿਰਾਇਆ ਨਿਰਧਾਰਤ (ਅਕਤੂਬਰ 1994) ਕੀਤਾ ਸੀ। ਸਰਕਾਰੀ ਨੀਤੀ (ਜੁਲਾਈ 1986) ਅਨੁਸਾਰ ਸਲਾਨਾ ਕਿਰਾਏ ਦੀ ਦਰ ਵਿੱਚ ਹਰ ਤਿੰਨ ਸਾਲਾਂ ਬਾਅਦ 20 *ਪ੍ਰਤੀਸ਼ਤ* ਦੀ ਦਰ ਨਾਲ ਸੋਧੀ ਜਾਣੀ ਸੀ। ਪ੍ਰੰਤੂ, 1994-2017 ਦੇ ਸਮੇਂ ਲਈ ₹ 0.66 ਕਰੋੜ ਦੀ ਰਾਸ਼ੀ ਦਾ ਕਿਰਾਇਆ ਪੁਲਿਸ ਵਿਭਾਗ ਤੋਂ ਵਸੂਲਣਯੋਗ ਸੀ ਜਿਵੇਂ ਕਿ **ਸਾਰਣੀ** 4.11 ਵਿੱਚ ਵਿਸਥਾਰਤ ਕੀਤਾ ਗਿਆ ਹੈ।

**ਸਾਰਣੀ 4.11: ਪੁਲਿਸ ਵਿਭਾਗ ਤੋਂ ਵਸੂਲਣਯੋਗ ਕਿਰਾਇਆ**

*(ਰਾਸ਼ੀ ₹ ਵਿੱਚ)*

| ਲੜੀ ਨੰ. | ਸਮਾਂ | ਹਰ ਤਿੰਨ ਸਾਲਾਂ ਦੇ ਬਲਾਕ ਤੇ 20 ਪ੍ਰਤੀਸ਼ਤ ਦੀ ਦਰ ਨਾਲ ਵਾਧੇ ਤੋਂ ਬਾਅਦ ਪੱਟਾ ਕਿਰਾਇਆ | ਵਸੂਲਣਯੋਗ ਕੁੱਲ ਕਿਰਾਇਆ |
|---|---|---|---|
| 1 | 1994-96 | 1,32,750 | 3,98,250 |
| 2 | 1997-99 | 1,59,300 | 4,77,900 |
| 3 | 2000-02 | 1,91,160 | 5,73,480 |
| 4 | 2003-05 | 2,29,392 | 6,88,176 |
| 5 | 2006-08 | 2,75,270 | 8,25,810 |
| 6 | 2009-11 | 3,30,324 | 9,90,972 |
| 7 | 2012-14 | 3,96,389 | 11,89,167 |
| 8 | 2015-17 | 4,75,667 | 14,27,001 |
| **ਜੋੜ** | | | **65,70,756** |

*ਸ੍ਰੋਤ: ਵਿਭਾਗੀ ਡਾਟਾ*

[36] 425 ਵਰਗ ਗਜ ਦੇ ਜਮੀਨੀ ਖੇਤਰ ਤੇ 2800 ਵਰਗ ਫੁੱਟ ਕਵਰ ਕੀਤਾ ਹੋਇਆ।

ਐਮ ਸੀ, ਫਗਵਾੜਾ ਨੇ ਕਿਹਾ (ਜੂਨ 2017) ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸਬੰਧਤ ਯੂ ਐਲ ਬੀ ਤੋਂ ਕਿਰਾਏ ਦੀ ਵਸੂਲੀ ਦੀ ਵਰਤਮਾਨ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.16 ਬਕਾਇਆ ਦੇਣਦਾਰੀਆਂ

ਪੀ ਐਫ ਆਰ ਦਾ ਨਿਯਮ 17.18 ਵਿਵਸਥਾ ਕਰਦਾ ਹੈ ਕਿ ਕਿਸੇ ਵੀ ਹਾਲਾਤ ਵਿੱਚ, ਖਰਚਿਆਂ ਨੂੰ ਕਿਸੇ ਹੋਰ ਸਾਲ ਦੀ ਗ੍ਰਾਂਟ ਤੋਂ ਭੁਗਤਾਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਅੱਗੇ, ਨਿਯਮ 2.10(ਬੀ)(3) ਵਿਵਸਥਾ ਕਰਦਾ ਹੈ ਕਿ ਖਰਚ ਕੀਤੇ ਸਾਰੇ ਚਾਰਜਿਜ਼ ਤੁਰੰਤ ਕਢਵਾਏ ਅਤੇ ਅਦਾ ਕੀਤੇ ਜਾਂਦੇ ਹਨ ਅਤੇ ਫੰਡਾਂ ਦੀ ਘਾਟ ਕਾਰਣ ਅਤੇ ਅਗਲੇ ਸਾਲ ਦੀ ਗ੍ਰਾਂਟ ਵਿੱਚੋਂ ਭੁਗਤਾਨ ਕਰਨ ਲਈ ਮੁਲਤਵੀ ਕਰਨ ਦੀ ਇਜਾਜ਼ਤ ਨਹੀਂ; ਕਿ ਨਿਰਵਿਵਾਦ ਅਦਾਇਗੀਯੋਗ ਪੈਸਾ, ਜਿਥੋਂ ਤੱਕ ਸੰਭਵ ਹੋਵੇ, ਬਿਨਾਂ ਭੁਗਤਾਨ ਕੀਤੇ ਛੱਡਿਆ ਨਹੀਂ ਜਾਣਾ ਚਾਹੀਦਾ; ਅਤੇ ਛੇਤੀ ਤੋਂ ਛੇਤੀ ਸੰਭਵ ਤਾਰੀਖ ਤੇ ਅਤੇ ਸਾਰੀਆਂ ਅਟਲ ਅਦਾਇਗੀਆਂ ਦਾ ਪਤਾ ਲਗਾਇਆ ਅਤੇ ਖਤਮ ਕੀਤੀਆਂ ਜਾਂਦੀਆਂ ਹਨ।

ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਅਪ੍ਰੈਲ 2017-ਫਰਵਰੀ 2018) ਕਿ ਛੇ ਯੂ ਐਲ ਬੀਜ਼ ਵਿੱਚ 31 ਮਾਰਚ 2017 ਨੂੰ ਵੱਖ-ਵੱਖ ਅਦਾਇਗੀਆਂ ਦੇ ₹ 342.90 ਕਰੋੜ[37] ਦੀਆਂ ਦੇਣਦਾਰੀਆਂ ਬਕਾਇਆ ਸੀ। ਸਬੰਧਤ ਯੂ ਐਲ ਬੀਜ਼ ਨੇ ਕਿਹਾ ਕਿ ਦੇਣਦਾਰੀਆਂ ਚੁਕਤਾ ਕਰ ਦਿੱਤੀਆਂ ਜਾਣਗੀਆਂ। ਸਬੰਧਤ ਤੋਂ ਦੇਣਦਾਰੀਆਂ ਦੀ ਕਲੀਐਰੰਸ ਦੀ ਵਰਤਮਾਨ ਸਥਿਤੀ ਬਾਰੇ ਪੁੱਛਿਆ ਗਿਆ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

## 4.17 ਐਮ ਸੀ ਜਾਇਦਾਦਾਂ ਦਾ ਅਣਅਧਿਕਾਰਤ ਕਬਜ਼ਾ

ਮਿਊਂਸਪਲ ਐਕਟ, 1911 ਦਾ ਸੈਕਸ਼ਨ 172 ਵਿਵਸਥਾ ਕਰਦਾ ਹੈ ਕਿ ਜੋ ਵੀ ਕਿਸੇ ਜਮੀਨ, ਪਰਿਸਰ ਜਾ ਜਨਤਕ ਥਾਂ, ਜੋ ਨਿਜੀ ਜਾਇਦਾਦ ਨਹੀਂ ਭਾਵੇਂ ਅਜਿਹੀ ਜਮੀਨ, ਪਰਿਸਰ ਜਾਂ ਜਨਤਕ ਥਾਂ ਦਾ ਅਧਿਕਾਰ ਕਮੇਟੀ ਨਾਲ ਸਬੰਧਤ ਹੈ ਜਾ ਨਹੀਂ, ਉੱਤੇ ਆਰਜ਼ੀ ਜਾਂ ਸਥਾਈ ਢਾਂਚਾ ਬਣਾ ਕੇ ਨਜਾਇਜ਼ ਕਬਜਾ ਕਰਦਾ ਹੈ ਤਾਂ ਦੋਸ਼ੀ ਠਹਿਰਾਏ ਜਾਣ ਤੇ ਸਧਾਰਣ ਸਜ਼ਾ ਜੋ ਇੱਕ ਮਹੀਨੇ ਤੋਂ ਘੱਟ ਨਹੀਂ ਹੋਵੇਗੀ, ਪ੍ਰੰਤੂ, ਜਿਸ ਵਿੱਚ ₹ 20,000 ਤੱਕ ਦੇ ਜੁਰਮਾਨੇ ਨਾਲ ਤਿੰਨ ਸਾਲ ਤੱਕ ਦਾ ਵਾਧਾ ਹੋ ਸਕਦਾ ਹੈ। ਅੱਗੇ, ਕਾਰਜਸਾਧਕ ਅਧਿਕਾਰੀ ਨੂੰ ਅਜਿਹੇ ਨਜਾਇਜ ਕਬਜ਼ੇ ਨੂੰ ਹਟਾਉਣ ਅਤੇ ਅਜਿਹੀ ਪਰੀਸਰ ਜਾਂ ਜਨਤਕ ਅਸਥਾਨ ਤੇ ਪਾਈ ਗਈ ਕਿਸੇ ਵੀ ਜਾਇਦਾਦ ਨੂੰ ਜਬਤ ਕਰਨ ਜਾਂ ਕੁਰਕ ਕਰਨ ਦਾ ਅਧਿਕਾਰ ਹੋਵੇਗਾ।

**(i)** ਰਿਕਾਰਡ ਦੀ ਨਮੂਨਾਂ ਜਾਂਚ (ਜਨਵਰੀ 2018) ਨੇ ਦਰਸਾਇਆ ਕਿ ਐਮ ਸੀ, ਸੁਨਾਮ ਦੇ ਅਧਿਕਾਰ ਖੇਤਰ ਅਧੀਨ ₹ 1.82 ਕਰੋੜ ਦੇ ਮੁੱਲ ਦੀਆਂ 90 ਜਾਇਦਾਦਾਂ (ਨੌਂ ਦੁਕਾਨਾਂ, ਗੈਰ ਕਨੂੰਨੀ ਤੌਰ ਤੇ ਉਸਾਰੇ ਗਏ ਨੌਂ ਮਕਾਨ ਅਤੇ 11 ਪਲਾਟ/ਜ਼ਮੀਨ) ਵਿੱਚੋਂ 29 ਤੇ ਵਿਅਕਤੀਆਂ

[37] ਨਗਰ ਨਿਗਮ (i) ਬਠਿੰਡਾ (ਐਚ ਯੂ ਡੀ ਸੀ ਓ ਲੋਨ, ਪੀ ਆਈ ਡੀ ਬੀ ਲੋਨ, ਜਲ ਸਪਲਾਈ ਅਤੇ ਸੀਵਰੇਜ ਸਕੀਮ ਆਦਿ ਦੇ ਕਾਰਣ (₹ 258.87 ਕਰੋੜ); (ii) ਹਰਗੋਬਿੰਦਪੁਰ (ਸੇਵਾਮੁਕਤ ਕਰਮਚਾਰੀਆਂ ਦੇ ਸਬੰਧ ਵਿੱਚ ₹ 0.23 ਕਰੋੜ); (iii) ਪਟਿਆਲਾ (ਸੀ ਪੀ ਐਫ/ਪੀ ਐਫ/ਜੀ ਪੀ ਐਫ, ਟਰਸੱਟ ਤੋਂ ਕਰਜ਼ਾ, ਚੋਣ ਖਰਚੇ ਆਦਿ ਦੇ ਕਾਰਣ ₹ 53.05 ਕਰੋੜ); (iv) ਗੁਰੂ ਹਰਸਹਾਇ (ਮੈਡੀਕਲ ਪ੍ਰਤੀਪੂਰਤੀ, ਜਾਇਦਾਦ ਕਰ, ਕਰਮਚਾਰੀਆਂ ਦੀਆਂ ਦੇਣਦਾਰੀਆਂ ਆਦਿ ਦੇ ਕਾਰਣ ₹ 3.53 ਕਰੋੜ); (v) ਜੀਰਕਪੁਰ (ਠੇਕੇਦਾਰ ਦੀਆਂ ਦੇਣਦਾਰੀਆਂ ਦੇ ਕਾਰਣ ₹ 4.50 ਕਰੋੜ); ਅਤੇ (vi) ਅਬੋਹਰ (ਬਿਜਲੀ ਦੇ ਬਿਲਾਂ, ਕਰਮਚਾਰੀਆਂ ਦੇ ਪੀ ਐਫ, ਸੇਵਾਮੁਕਤ ਕਰਮਚਾਰੀਆਂ ਦੀਆਂ ਦੇਣਦਾਰੀਆਂ, ਨਗਰ ਕੌਂਸਲ ਤੋਂ ਕਰਜ਼ੇ, ਆਦਿ ਦੇ ਕਾਰਣ ₹ 22.72 ਕਰੋੜ)।

ਵੱਲੋਂ ਨੌਂ ਮਹੀਨੇ ਤੋਂ 34 ਸਾਲਾਂ ਦੀ ਰੇਂਜ ਦੇ ਸਮੇਂ ਲਈ ਨਜਾਇਜ ਕਬਜਾ ਕੀਤਾ ਹੋਇਆ ਸੀ। ਪ੍ਰੰਤੂ, ਐਮ ਸੀ/ਵਿਭਾਗ ਵੱਲੋਂ ਉਪਰੋਕਤ ਉਪਬੰਧਾਂ ਅਨੁਸਾਰ ਲੋੜੀਂਦੀ ਕਾਰਵਾਈ ਨਹੀਂ ਕੀਤੀ ਗਈ ਸੀ। ਬਾਕੀ ਰਹਿੰਦੀਆਂ 61 ਜਾਇਦਾਦਾਂ ਵਿੱਚ ਜਾਂ ਤਾ ਕੇਸ ਬਕਾਇਆ ਸੀ ਜਾਂ ਵੱਖ-ਵੱਖ ਅਦਾਲਤਾਂ ਵਿੱਚ ਪੈਰ੍ਹਵੀ ਕੀਤੀ ਜਾ ਰਹੀ ਸੀ।

ਐਮ ਸੀ, ਸੁਨਾਮ ਨੇ ਕਿਹਾ (ਮਾਰਚ 2018) ਕਿ ਪੰਜਾਬ ਮਿਉਂਸਪਲ ਐਕਟ, 1911 ਦੇ ਸੈਕਸ਼ਨ 172 ਅਧੀਨ ਦੋਸ਼ੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਦੋਸ਼ੀਆਂ ਦੀਆਂ ਫਾਈਲਾਂ ਉੱਚ ਅਧਿਕਾਰੀਆਂ ਕੋਲ ਕੇਸ ਭੇਜਣ ਲਈ ਵਕੀਲਾਂ ਕੋਲ ਸਨ। ਤੱਥ ਇਹ ਰਿਹਾ ਕਿ ਐਮ ਸੀ ਦੀਆਂ ਜਾਇਦਾਦਾਂ ਲੰਮੇ ਸਮੇਂ ਤੋਂ ਅਣਅਧਿਕਾਰਤ ਕਬਜ਼ੇ ਅਧੀਨ ਪਈਆਂ ਸਨ।

**(ii)** ਚਾਰ ਯੂ ਐਲ ਬੀਜ਼ ਦੇ ਰਿਕਾਰਡ ਦੀ ਅਗਲੀ ਜਾਂਚ ਨੇ ਦਰਸਾਇਆ ਕਿ ਸਬੰਧਤ ਨਗਰ ਕੌਂਸਲ ਦੇ ਅਧਿਕਾਰ ਖੇਤਰ ਅਧੀਨ ਮਿਉਂਸਪਲ ਜ਼ਮੀਨ ਤੇ ਵਸਨੀਕਾਂ/ਦੁਕਾਨਦਾਰਾਂ ਦਾ ਅਣਅਧਿਕਾਰਤ ਕਬਜ਼ਾ ਸੀ ਜਿਸਦੇ ਵੇਰਵੇ **ਸਾਰਣੀ** 4.12 ਵਿੱਚ ਦਰਸਾਏ ਗਏ ਹਨ।

**ਸਾਰਣੀ 4.12: ਅਣਅਧਿਕਾਰਤ ਕਬਜ਼ੇ ਅਧੀਨ ਮਿਉਂਸਪਲ ਜਮੀਨ ਦੇ ਵੇਰਵੇ**

| ਲੜੀ ਨੰ. | ਯੂ ਐਲ ਬੀ ਦਾ ਨਾਂਅ | ਜਾਇਦਾਦਾਂ ਦੀ ਸੰਖਿਆ | ਜ਼ਮੀਨ ਦਾ ਏਰੀਆ |
|---|---|---|---|
| 1. | ਐਮ ਸੀ, ਮਾਛੀਵਾੜਾ | 15 | 04 ਕਨਾਲ 14 ਮਰਲੇ |
| 2. | ਐਮ ਸੀ, ਬਨੂੜ | 28 | 420 ਕਨਾਲ |
| 3. | ਐਮ ਸੀ, ਗੜ੍ਹਦੀਵਾਲਾ | 38 | 16 ਕਨਾਲ 10 ਮਰਲੇ |
| 4. | ਐਮ ਸੀ, ਰਾਮਾਂ | 06 | 10 ਕਨਾਲ 15 ਮਰਲੇ |

*ਸ੍ਰੋਤ: ਵਿਭਾਗੀ ਡਾਟਾ*

ਸਬੰਧਤ ਯੂ ਐਲ ਬੀਜ਼ ਨੇ ਕਿਹਾ (ਨਵੰਬਰ 2017-ਫਰਵਰੀ 2018) ਕਿ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਸੀ।

ਸਬੰਧਤ ਯੂ ਐਲ ਬੀਜ਼/ਵਿਭਾਗ ਤੋਂ ਐਮ ਸੀ ਦੀਆਂ ਜਾਇਦਾਦਾਂ ਦੇ ਅਣਅਧਿਕਾਰਤ ਕਬਜ਼ੇ ਦੀ ਵਰਤਮਾਨ ਸਥਿਤੀ ਮੰਗੀ ਗਈ ਸੀ (ਫਰਵਰੀ 2021); ਉੱਤਰ ਦੀ ਉਡੀਕ ਸੀ (ਅਗਸਤ 2021)।

Punam Pandey

**ਚੰਡੀਗੜ੍ਹ** **(ਪੂਨਮ ਪਾਂਡੇ)**

**ਮਿਤੀ:** 13 **ਅਪ੍ਰੈਲ** 2022 **ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

# ਅੰਤਿਕਾਵਾਂ

## ਅੰਤਿਕਾ 1.1

*(ਪੈਰ੍ਹਾ 1.1.1; ਪੰਨਾ 2 ਦੇ ਹਵਾਲੇ ਵਿੱਚ)*

### ਸਾਲ 2016-17 ਤੋਂ 2018-19 ਦੌਰਾਨ ਨਮੂਨਾ ਲੇਖਾ ਪ੍ਰੀਖਿਆ ਲਈ ਚੁਣੀਆਂ ਗਈਆਂ ਪੀ ਆਰ ਆਈਜ਼ ਦੇ ਵੇਰਵੇ

| ਲੜੀ ਨੰ. | ਪੀ ਆਰ ਆਈ ਦਾ ਨਾਂਅ | ਲੜੀ ਨੰ. | ਪੀ ਆਰ ਆਈ ਦਾ ਨਾਂਅ | ਲੜੀ ਨੰ. | ਪੀ ਆਰ ਆਈ ਦਾ ਨਾਂਅ |
|---|---|---|---|---|---|
| 2016-17 | | 2017-18 | | 2018-19 | |
| ਜ਼ਿਲ੍ਹਾ ਪ੍ਰੀਸ਼ਦ | | | | | |
| 1. | ਗੁਰਦਾਸਪੁਰ | 1. | ਫਰੀਦਕੋਟ | 1. | ਸੰਗਰੂਰ |
| 2. | ਹੁਸ਼ਿਆਰਪੁਰ | 2. | ਐਸ ਏ ਐਸ ਨਗਰ | 2. | ਸ਼੍ਰੀ ਮੁਕਤਸਰ ਸਾਹਿਬ |
| 3. | ਜਲੰਧਰ | | | 3. | ਤਰਨ ਤਾਰਨ |
| 4. | ਕਪੂਰਥਲਾ | | | | |
| 5. | ਮਾਨਸਾ | | | | |
| 6. | ਮੋਗਾ | | | | |
| 7. | ਪਟਿਆਲਾ | | | | |
| 8. | ਸੰਗਰੂਰ | | | | |
| 9. | ਤਰਨ ਤਾਰਨ | | | | |
| 10. | ਫਾਜ਼ਿਲਕਾ | | | | |
| ਪੰਚਾਇਤ ਸਮਿਤੀ | | | | | |
| 1. | ਅਜਨਾਲਾ I | 1. | ਵੇਰਕਾ | 1. | ਖੰਨਾ |
| 2. | ਘੋਲ ਖੁਰੱਦ | 2. | ਚੁਗਾਵਾਂ | 2. | ਸਮਰਾਲਾ |
| 3. | ਫੂਲ | 3. | ਖਡੂਰ ਸਾਹਿਬ | 3. | ਭਿੱਖੀ |
| 4. | ਰਾਮਪੁਰਾ | 4. | ਬੱਸੀ ਪਠਾਣਾਂ | 4. | ਸਰਦੂਲਗੜ੍ਹ |
| 5. | ਸੰਗਤ | 5. | ਅਮਲੋਹ | 5. | ਬੁਢਲਾਡਾ |
| 6. | ਮਾਨਸਾ | 6. | ਮਮਦੋਤ | 6. | ਝੁਨੀਰ |
| 7. | ਬਾਘਾਪੁਰਾਣਾ | 7. | ਮੱਖੂ | 7. | ਮਾਨਸਾ |
| 8. | ਗੁਰੂ ਹਰ ਸਹਾਏ | 8. | ਗੁਰਦਾਸਪੁਰ | 8. | ਬਾਘਾ ਪੁਰਾਣਾ |
| 9. | ਜੀਰਾ | 9. | ਮੁਕੇਰੀਆਂ | 9. | ਨਿਹਾਲ ਸਿੰਘਵਾਲਾ |
| 10. | ਬਟਾਲਾ | 10. | ਬਜਵਾੜ੍ਹਾ | 10. | ਮੋਗਾ-I |
| 11. | ਸਰਹਿੰਦ | 11. | ਦਸੂਹਾ | 11. | ਮੋਗਾ-II |
| 12. | ਦੀਨਾ ਨਗਰ | 12. | ਹਾਜੀਪੁਰ | 12. | ਕੋਟ ਇਸੇ ਖਾਂ |
| 13. | ਭਵਾਨੀਗੜ | 13. | ਹੁਸ਼ਿਆਰਪੁਰ | 13. | ਸਮਾਨਾ |
| 14. | ਖਰੜ | 14. | ਲੋਹਿਆਂ ਖਾਸ | 14. | ਪਟਿਆਲਾ |
| 15. | ਮਜੀਠਾ | 15. | ਨੂਰਮਹਿਲ | 15. | ਪਾਤੜਾਂ |
| 16. | ਸ਼੍ਰੀ ਹਰਗੋਬਿੰਦਪੁਰ | 16. | ਫਲੋਰ | 16. | ਰਾਜਪੁਰਾ |
| 17. | ਗੜ੍ਹਸ਼ੰਕਰ | 17. | ਨਡਾਲਾ | 17. | ਭਾਦਸੋਂ (ਨਾਭਾ) |
| 18. | ਮਹਿਲਪੁਰ | 18. | ਕਪੂਰਥਲਾ | 18. | ਰੋਪੜ |
| 19. | ਗਿਦੜਬਾਹਾ | 19. | ਸਿਧਵਾਂ ਬੇਟ | 19. | ਮੋਰਿੰਡਾ |

| ਲੜੀ ਨੰ. | ਪੀ ਆਰ ਆਈ ਦਾ ਨਾਂਅ | ਲੜੀ ਨੰ. | ਪੀ ਆਰ ਆਈ ਦਾ ਨਾਂਅ | ਲੜੀ ਨੰ. | ਪੀ ਆਰ ਆਈ ਦਾ ਨਾਂਅ |
|---|---|---|---|---|---|
| 2016-17 | | 2017-18 | | 2018-19 | |
| 20. | ਚਮਕੌਰ ਸਾਹਿਬ | 20. | ਜਗਰਾਉਂ | 20. | ਆਨੰਦਪੁਰ ਸਾਹਿਬ |
| 21. | ਨਕੋਦਰ | 21. | ਸੁਧਾਰ | 21. | ਨੂਰਪੁਰ ਬੇਦੀ |
| 22. | ਅਹਿਮਦਗੜ੍ਹ | 22. | ਲੁਧਿਆਣਾ I | 22. | ਚਮਕੌਰ ਸਾਹਿਬ |
| 23. | ਰੁੜਕਾ ਕਲਾਂ | 23. | ਰਾਏਕੋਟ | 23. | ਧੂਰੀ |
| 24. | ਸ਼ਾਹਕੋਟ | 24. | ਲੰਬੀ | 24. | ਅਹਿਮਦ ਗੜ੍ਹ (ਮਲੇਰਕੋਟਲਾ-II) |
| 25. | ਬੁਢਲਾਡਾ | 25. | ਮਲੋਟ | 25. | ਭਵਾਨੀਗੜ੍ਹ |
| 26. | ਸਰਦੂਲਗੜ੍ਹ | 26. | ਸ਼੍ਰੀ ਮੁਕਤਸਰ ਸਾਹਿਬ | 26. | ਮਲੇਰਕੋਟਲਾ -1 |
| 27. | ਨਾਭਾ | 27. | ਕੋਟ ਭਾਈ | 27. | ਸੰਗਰੂਰ |
| 28. | ਪਾਤੜਾਂ | 28. | ਧਰਕਲਾਂ | 28. | ਲਹਿਰਾਗਾਗਾ |
| 29. | ਬਲਾਚੋਰ | 29. | ਘਰੋਟਾ | 29. | ਅੰਡਾਨਾ |
| 30. | ਸ਼੍ਰੀ ਮੁਕਤਸਰ ਸਾਹਿਬ | 30. | ਪਠਾਨਕੋਟ | 30. | ਸ਼ੇਰਪੁਰ |
| | | 31. | ਭੁਨਰਹੇਰੀ | 31. | ਖਰੜ |
| | | 32. | ਸਨੌਰ | 32. | ਡੇਰਾ ਬੱਸੀ |
| | | 33. | ਘਨੌਰ | 33. | ਮਾਜਰੀ |
| | | 34. | ਸੁਨਾਮ | 34. | ਬਲਾਚੋਰ |
| | | 35. | ਦਿੜਬਾ | 35. | ਸਰੋਆ |
| | | 36. | ਐਸ ਬੀ ਐਸ ਨਗਰ | 36. | ਔਰ (ਐਸ ਬੀ ਐਸ ਨਗਰ) |
| | | 37. | ਭਿੱਖੀਵਿੰਡ | 37. | ਬੰਗਾ |
| | | 38. | ਚੋਹਲਾ ਸਾਹਿਬ | 38. | ਵਲਟੋਹਾ |
| | | 39. | ਗੰਡੀਵਿੰਡ | 39. | ਤਰਨ ਤਾਰਨ |
| | | 40. | ਪੱਟੀ | | |

*ਸ੍ਰੋਤ: ਦਫਤਰੀ ਰਿਕਾਰਡ*

# ਅੰਤਿਕਾ 1.2

*(ਪੈਰ੍ਹਾ 1.2.2; ਪੰਨਾ 6 ਦੇ ਹਵਾਲੇ ਵਿੱਚ)*

## ਸਾਲ 2016-17 ਤੋਂ 2018-19 ਦੌਰਾਨ ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ

| ਲੜੀ ਨੰ. | ਕਾਡਰ/ਅਸਾਮੀ | 2016-17 | | | 2017-18 | | | 2018-19 | | |
|---|---|---|---|---|---|---|---|---|---|---|
| | | ਐਸ ਐਸ | ਐਮ ਆਈ ਪੀ | ਖਾਲੀ | ਐਸ ਐਸ | ਐਮ ਆਈ ਪੀ | ਖਾਲੀ | ਐਸ ਐਸ | ਐਮ ਆਈ ਪੀ | ਖਾਲੀ |
| 1. | ਲੇਖਾਕਾਰ | 43 | 21 | 22 | 33 | 17 | 16 | 34 | 18 | 16 |
| 2. | ਲੇਖਾ ਅਧਿਕਾਰੀ | -- | -- | -- | 1 | 1 | 0 | 2 | 1 | 1 |
| 3. | ਖੇਤੀਬਾੜੀ ਇੰਨਸਟਰਕਟਰ | 1 | 0 | 1 | -- | -- | -- | -- | -- | -- |
| 4. | ਬੇਲਦਾਰ | 2 | 0 | 2 | 97 | 26 | 71 | 99 | 23 | 76 |
| 5. | ਬੋਟਮੈਨ | -- | -- | -- | 17 | 4 | 13 | 15 | 3 | 12 |
| 6. | ਚੋਂਕੀਦਾਰ | 14 | 6 | 8 | 50 | 33 | 17 | 16 | 10 | 6 |
| 7. | ਚੋਂਕੀਦਾਰ-ਕਮ-ਕੁੱਕ | -- | -- | -- | 2 | 1 | 1 | 2 | 2 | 0 |
| 8. | ਕਲਰਕ | 119 | 67 | 52 | 394 | 195 | 199 | 385 | 205 | 180 |
| 9. | ਕੰਪੂਟਰ (ਊਜਰਤਾਂ) | -- | -- | -- | -- | -- | -- | 0 | 17 | -17 |
